ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

# ਆਤਮ ਮਾਰਗ

*Monthly Issue "Atam Marg"*

**May 2007**

ਤੇਗ ਬਹਾਦਰ ਸਿਮਰਿਐ ਘਰਿ ਨਉ ਨਿਧਿ ਆਵੈ ਧਾਇ॥



ਸਾਲ ਤੇਰ੍ਹਵਾਂ, ਅੰਕ ਦੂਜਾ, ਮਹੀਨਾ ਮਈ 2007

**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ**

**ਫਾਉਂਡਰ ਚੇਅਰਮੈਨ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਚੇਅਰਪਰਸਨ : ਬੀਬੀ ਰਣਜੀਤ ਕੌਰ ਜੀ**

**ਕਾਨੂੰਨੀ ਸਲਾਹਕਾਰ : ਕਰਨਲ ਦਵਿੰਦਰ ਸਿੰਘ MALLB, PGDTM**


## FOREIGN (ਵਿਦੇਸ਼) CONTACT NO.


**U.S.A. - Baba Satnam Singh ji Atwal**
Phone and Fax : 408-263-1844
**Bhai Kuldeep Singh Sher Gill**
Phone : 408-230-8319

**Canada - Bhai Sarmukh Singh Pannu**
Phone - 604-433-0408
**Bibi Sukhvinder Kaur Bains**
Phone : 403-270-3387

**England - Bibi Gurbax Kaur / Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058

**Australia - Bhai Jiwan Singh ji**
Phone : 03-943-65865, Fax : 03-943-65867


## SUBSCRIPTION FOREIGN (ਵਿਦੇਸ਼)

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |


**Postal Address for 'ATAM MARG' Enquiry, Money Order, Cheque, Draft & correspondence**

V.G.R.M Charitable Trust 'Atam Marg' Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901 Pb. India.

**Office 'Atam Marg' Ph. No. - 0160-2255002, Fax.-2255009**

**Gurudwara Ishar Parkash Ratwara Sahib - 9855132009**

***Mobile - 9417214391,79***

**For more information please visit us on internet at:-**

**Email : atammarg1@yahoo.co.in**

Website : www.ratwarasahib.org
www.atammarguk.com



**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**



**ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਤੋਂ ਪ੍ਰਕਾਸ਼ਿਤ ਕੀਤਾ।**


# ਤੱਤਕਰਾ


| | |
|---|---|
| 1. ਬਾਰਾਮਾਹਾ | 2 |
| 2. ਸੰਪਾਦਕੀ | 3 |
| 3. ਚਉਥੈ ਪਹਿਰ ਸਬਾਹ ਕੇ | 5 |
| 4. ਗੁਰ ਕੀ ਪ੍ਰਤੀਤ | 9 |
| 5. ਵਿਸਾਖੀ | 17 |
| 6. ਸੰਤ ਬਿਮਲਾ ਸਿੰਘ ਜੀ | 42 |
| 6. ਕਰਮ ਬੰਧਨ ਤੋਂ ਮੁਕਤੀ | 51 |
| 9. ਯੋਗਾ ਉਪਰ ਲੈਕਚਰ | 56 |
| 10. ਮਾਸਪੁਰੀ ਵਿਚ ਮਾਸ ਮਸੌਲਾ | 61 |


## SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | (For outstation cheques) |

## ਸੰਪਰਕ ਨੰ. ਰਤਵਾੜਾ ਸਾਹਿਬ

| | |
|---|---|
| ਪਰਮ ਸਤਿਕਾਰ ਯੋਗ ਬੀਜੀ - | 9417214381 |
| ਜਥੇਦਾਰ ਅਮਰੀਕ ਸਿੰਘ ਖੇਤੀਬਾੜੀ ਇੰਚਾਰਜ | 9417214383 |
| ਸਕੂਲ ਟਰਾਂਸਪੋਰਟ - 9417214384, | ਕਾਲਜ - 94172 14382 |
| ਸੰਤ ਬਾਬਾ ਰਾਜਿੰਦਰ ਸਿੰਘ ਰਤਵਾੜਾ ਸਾਹਿਬ ਲੰਗਰਾਂ ਵਾਲੈ | 9417214380 |
| ਆਡੀਓ ਵੀਡੀਓ ਲਾਇਬ੍ਰੇਰੀ | 94172 14385 |
| ਅਖੰਡਪਾਠ ਬੁਕਿੰਗ | 94172 14386 |
| ਅਕਾਊਂਟੈਂਟ | 94172 14390 |
| ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ | 0160-2255003 |
| ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਰਤਵਾੜਾ ਸਾਹਿਬ | 0160-2255004 |

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**

**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ**

**ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕੇ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਬਾਰਹਮਾਹਾ
# ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ।

### ਬਾਰਹਮਾਹਾ ਮਾਝ ਮਹਲਾ ੫ ਘਰੁ ੪

## ਜੇਠ (ਪੰਨਾ 134)

***1. ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ।।***

ਜੇਠ ਦੇ ਮਹੀਨੇ ਉਸ ਪ੍ਰਭੂ ਦੇ ਚਰਨਾਂ ਵਿਚ ਜੁੜਨਾ ਚਾਹੀਦਾ ਹੈ ਜਿਸ ਪ੍ਰਭੂ ਅੱਗੇ ਸਾਰੇ ਜੀਵ ਸਿਰ ਨਿਵਾਉਂਦੇ ਹਨ।

***2. ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥***

ਜਿਹੜੇ ਮਨੁੱਖ ਪ੍ਰਭੂ ਚਰਨਾਂ ਨਾਲ ਜੁੜੇ ਰਹਿੰਦੇ ਹਨ, ਨਾਮ ਸਿਮਰਨ ਵਿਚ ਲੱਗੇ ਰਹਿੰਦੇ ਹਨ, ਪ੍ਰਭੂ ਉਨ੍ਹਾਂ ਨੂੰ ਜਮਾਂ ਦੀ ਪਕੜ ਤੋਂ, ਜਮਾਂ ਦੇ ਡਰ ਤੋਂ ਬਚਾ ਲੈਂਦਾ ਹੈ, ਪ੍ਰਭੂ ਜਮਾਂ ਨੂੰ ਆਗਿਆ ਨਹੀਂ ਦਿੰਦਾ ਕਿ ਪ੍ਰਭੂ-ਪਿਆਰ ਵਾਲਿਆਂ ਨੂੰ ਬੰਨ੍ਹ ਕੇ ਅੱਗੇ ਲਾ ਲਵੇ।

***3. ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥***

ਪ੍ਰਮਾਤਮਾ ਦਾ ਨਾਮ ਹੀਰੇ ਮੋਤੀ ਆਦਿਕ ਵਰਗਾ ਐਸਾ ਕੀਮਤੀ ਧਨ ਹੈ ਜੋ ਚੁਰਾਇਆ ਨਹੀਂ ਜਾ ਸਕਦਾ। ਲੋਕ ਹੀਰੇ ਮੋਤੀ ਲਾਲ ਆਦਿਕ ਕੀਮਤੀ ਧਨ ਇਕੱਠਾ ਕਰਨ ਲਈ ਦੌੜ ਭੱਜ ਕਰਦੇ ਹਨ ਪਰ ਉਸ ਧਨ ਦੇ ਚੋਰੀ ਹੋ ਜਾਣ ਦਾ ਤੌਖਲਾ ਬਣਿਆ ਰਹਿੰਦਾ ਹੈ, ਨਾ ਹੀ ਇਹ ਧਨ ਨਾਲ ਨਿਭਦਾ ਹੈ।

***4. ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ।।***

ਪ੍ਰਭੂ ਦੇ ਜਿਤਨੇ ਭੀ ਕੌਤਕ ਹੋ ਰਹੇ ਹਨ, ਸਭ ਰੰਗ ਤਮਾਸ਼ੇ, ਸਭ ਕਿਰਤਾਂ, ਨਾਮ-ਧਾਨ ਦੀ ਬਰਕਤ ਨਾਲ ਮਨ ਨੂੰ ਪਿਆਰੇ ਲਗਦੇ ਹਨ।

***5. ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ।।***

ਜਿਵੇਂ ਪ੍ਰਭੂ ਚਾਹੁੰਦਾ ਹੈ ਉਹ ਆਪ ਅਤੇ ਉਸ ਦੇ ਸਿਰਜੇ ਮਨੁੱਖ ਅਤੇ ਸਾਰੀ ਰਚਨਾ, ਸਾਰੀ ਕਾਇਨਾਤ, ਵੈਸੇ ਹੀ ਕਰਮ ਕਰਦੀ ਹੈ। ਸਭ ਉਸ ਦੇ ਹੁਕਮ ਵਿਚ ਕਿਰਿਆਸ਼ੀਲ ਹਨ।

***6. ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ।।***

ਜਿਨ੍ਹਾਂ ਮਨੁੱਖਾਂ ਨੂੰ ਪ੍ਰਭੂ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ, ਆਪਣੀ ਸਿਫਤਿ-ਸਾਲਾਹ ਬਖਸ਼ ਕਰਕੇ ਆਪਣਾ ਬਣਾ ਲਿਆ ਹੈ, ਉਹ ਧੰਨਤਾ ਯੋਗ ਹਨ, ਉਨ੍ਹਾਂ ਨੂੰ ਲੋਕ-ਪ੍ਰਲੋਕ ਵਿਚ ਸ਼ਾਬਾਸ਼ ਮਿਲਦੀ ਹੈ, ਸਤਿਕਾਰ ਮਿਲਦਾ ਹੈ।

***7. ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ।।***

ਪਰ ਇਹ ਬਖਸ਼ ਮਨੁੱਖ ਨੂੰ ਨਿਰੇ ਆਪਣੇ ਉਦਮ ਸਦਕਾ ਪ੍ਰਾਪਤ ਨਹੀਂ ਹੁੰਦੀ; ਜੇ ਮਨੁੱਖ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਆਪਣੇ ਉਦਮ ਨਾਲ ਹੋ ਸਕਦੀ ਤਾਂ ਜੀਵ ਉਸ ਤੋਂ ਵਿਛੜ ਕੇ ਦੁਖੀ ਕਿਉਂ ਹੋਣ? ਫੇਰ ਇਹ ਵਿਛੋੜਾ ਅਤੇ ਵਿਛੋੜੇ ਦਾ ਦੁੱਖ ਕਦੀ ਵੀ ਵਿਆਪਕ ਨਾ ਹੁੰਦਾ। ਇਹ ਦਾਤ ਤਾਂ ਪ੍ਰਮਾਤਮਾ ਦੇ ਹੱਥ ਹੈ।

***8. ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ।।***

ਪੰਜਵੇਂ ਗੁਰੂ ਨਾਨਕ ਫੁਰਮਾਨ ਕਰਦੇ ਹਨ ਕਿ ਪ੍ਰਭੂ ਦੇ ਮਿਲਾਪ ਦਾ ਅਨੰਦ ਓਹੀ ਜੀਵ ਮਾਣਦੇ ਹਨ ਜਿਨ੍ਹਾਂ ਨੂੰ ਸਾਧੂ ਜਨ, ਸੰਤ ਜਨ, ਗੁਰੂ ਮਹਾਰਾਜ ਦੀ ਸੰਗਤਿ ਮਿਲ ਜਾਵੇ।

***9. ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ॥***

ਪਰ ਇਹ ਸੰਗਤਿ ਚੰਗੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ। ਜਿਸ ਮਨੁੱਖ ਦੇ ਮੱਥੇ ਦੇ ਭਾਗ ਜਾਗ ਪੈਂਦੇ ਹਨ, ਉਸ ਨੂੰ ਗੁਰੂ ਸੰਗਤ ਸਦਕਾ, ਸੰਤ ਜਨ, ਭਗਤ ਜਨ ਦੀ ਸੰਗਤਿ ਸਦਕਾ, ਨਾਮ-ਸਿਮਰਨ ਦੀ ਬਰਕਤ ਸਦਕਾ ਜੇਠ ਦਾ ਮਹੀਨਾ ਸੁਹਾਵਣਾ ਅਤੇ ਸੁਖਦਾਈ ਲਗਦਾ ਹੈ ਅਤੇ ਉਸ ਨੂੰ ਪ੍ਰਭੂ-ਮਾਲਕ ਮਿਲ ਜਾਂਦਾ ਹੈ।

ਦੂਜਾ ਬਾਰਹਮਾਹਾ ਗੁਰੂ ਨਾਨਕ ਦੇਵ ਜੀ ਦਾ ਰਾਗ ਤੁਖਾਰੀ ਵਿਚ ਉਚਾਰਨ ਕੀਤਾ ਹੋਇਆ ਹੈ-

ੴ ਸਤਿਗੁਰ ਪ੍ਰਸਾਦਿ

***ਤੁਖਾਰੀ ਛੰਤ ਮਹਲਾ ੧ ਬਾਰਹਮਾਹਾ (ਪੰਨਾ 1107)***

***1. ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ॥***
***ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ॥***

ਹੇ ਪ੍ਰਭੂ! ਮੇਰੀ ਬੇਨਤੀ ਸੁਣ! ਪੂਰਬਲੇ ਕਮਾਏ ਅਤੇ ਕੀਤੇ ਹੋਏ ਕਰਮਾਂ ਅਨੁਸਾਰ ਹਰੇਕ ਜੀਵ ਦਾ ਸੁਭਾਵ ਬਣਦਾ ਹੈ ਅਤੇ ਉਹ ਕਰਮ ਕਰਦਾ ਹੈ ਅਤੇ ਦੁਖ ਸੁਖ ਭੋਗਦਾ ਹੈ। ਕਰਮਾਂ ਅਨੁਸਾਰ, ਹੇ ਪ੍ਰਭੂ, ਜੋ ਦੁਖ ਸੁਖ ਝੱਲਣ ਲਈ ਤੂੰ ਦੇ ਰਿਹਾ ਹੈਂ, ਮਨੁੱਖ ਦਾ ਉਸ ਵਿਚ ਹੀ ਭਲਾ ਹੈ, ਚੰਗਿਆਈ ਹੈ; ਓਹੀ ਠੀਕ ਹੈ।

***2. ਹਰਿ ਰਚਨਾ ਤੇਰੀ ਕਿਆ ਗਤਿ ਮੇਰੀ***
***ਹਰਿ ਬਿਨੁ ਘੜੀ ਨ ਜੀਵਾ॥***

ਹੇ ਪ੍ਰਭੂ! ਮੈਂ ਤੇਰੀ ਰਚੀ ਹੋਈ ਮਾਇਆ ਵਿਚ ਰੁਝ ਗਿਆ ਹਾਂ, ਰਚਨਹਾਰ ਪ੍ਰਭੂ ਨੂੰ ਭੁੱਲ ਗਿਆ ਹਾਂ, ਮੇਰਾ ਕੀ ਹਾਲ ਹੋਵੇਗਾ? ਤੈਥੋਂ ਬਿਨਾਂ, ਤੇਰੀ ਯਾਦ ਅਤੇ ਸਿਮਰਨ ਤੋਂ ਬਿਨਾਂ ਇਕ ਘੜੀ ਭੀ ਜੀਉਣਾ, ਇਹ ਕੈਸੀ ਜ਼ਿੰਦਗੀ ਹੈ?

***ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ***
***ਗੁਰਮੁਖਿ ਅੰਮ੍ਰਿਤੁ ਪੀਵਾਂ॥***

(ਬਾਕੀ ਪੰਨਾ 41 ਤੇ)

# ਸੰਪਾਦਕੀ

ਮਹਾਨ ਯੁਗ ਪੁਰਸ਼ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਅਤੇ ਆਤਮ ਮਾਰਗ ਸਾਇੰਟੇਫਿਕ ਸਪਿਰਚੂਅਲ ਐਜੂਕੇਸ਼ਨਲ ਚੈਰੀਟੇਬਲ ਟਰਸਟ ਦੇ ਬਾਨੀ ਸੰਤ ਮਹਾਰਾਜ ਜੀ ਅਤੇ ਪਰਮ ਪੂਜਯ ਸਤਿਕਾਰਯੋਗ ਬੀਜੀ ਵੱਲੋਂ ਸੰਚਾਲਿਤ ਕੀਤਾ ਗਿਆ ਗੁਰਬਾਣੀ ਉਪਦੇਸ਼ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਵਾਸਤੇ ਆਤਮ ਮਾਰਗ ਮਾਸਿਕ ਪਤ੍ਰਿਕਾ 12 ਸਾਲ ਪੂਰੇ ਕਰਨ ਉਪਰੰਤ ਚੜ੍ਹਦੀ ਕਲਾ ਵੱਲ ਜਾ ਰਿਹਾ ਹੈ। 12 ਸਾਲ ਪੂਰੇ ਹੋਣ ਤੇ ਵੀ ਦੇਸ਼ ਵਿਦੇਸ਼ ਦੇ ਹਜਾਰਾਂ ਲਾਈਫ ਮੈਂਬਰਾਂ ਪਾਸੋਂ ਕੋਈ ਵੀ ਮਾਇਕ ਮੰਗ ਨਹੀਂ ਕੀਤੀ ਜਾ ਰਹੀ ਹੈ। ਆਮ ਤੌਰ ਉਪਰ ਲਾਈਫ ਮੈਂਬਰ ਵੱਧ ਤੋਂ ਵੱਧ 10 ਸਾਲ ਵਾਸਤੇ ਹੀ ਹੁੰਦੇ ਹਨ। ਮਹਾਂਪੁਰਸ਼ਾਂ ਦੇ ਪਿਆਰ ਵਾਲੇ ਪ੍ਰੇਮੀਆਂ ਦੇ ਪਿਆਰ ਸਦਕੇ ਅਤੇ ਪਰਮ ਪੂਜਯ ਸਤਿਕਾਰਯੋਗ ਬੀਜੀ ਦੇ ਅਸ਼ੀਰਵਾਦ ਬਦੌਲਤ ਹਿੰਦੀ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਪ੍ਰਕਾਸ਼ਿਤ ਇਹ ਰੂਹਾਨੀ ਪਤ੍ਰਿੱਕਾ ਨਿਰਵਿਘਨ ਆਪ ਸਾਰਿਆਂ ਤੱਕ ਪਹੁੰਚ ਰਹੀ ਹੈ। ਪਿਆਰ ਦੇ ਵਿੱਚ ਵੱਡੀ ਤੋਂ ਵੱਡੀ ਕੁਰਬਾਨੀ ਆਪਣੇ ਪਿਆਰੇ ਵਾਸਤੇ ਕੀਤੀ ਜਾਂਦੀ ਹੈ। ਇਸ ਕਰਕੇ ਮਹਾਂਪੁਰਸ਼ਾਂ ਦੇ ਪਿਆਰੇ ਇਸ ਰੂਹਾਨੀ ਪਤ੍ਰਿੱਕਾ ਅਤੇ ਟਰਸਟ ਵੱਲੋਂ ਅਰੰਭ ਕੀਤੇ ਹੋਏ ਪ੍ਰਉਪਕਾਰੀ ਕਾਰਜ ਨੂੰ ਚਲਾਉਣ ਵਾਸਤੇ ਤਨ ਮਨ ਧਨ ਕਰਕੇ ਉਪਰਾਲੇ ਕਰ ਰਹੇ ਹਨ।

ਇਸ ਰੂਹਾਨੀ ਮਿਸ਼ਨ ਵੱਲੋਂ ਸਰਬ ਸਾਂਝੀ ਗੁਰਬਾਣੀ ਦੇ ਪ੍ਰਚਾਰ ਪ੍ਰਸਾਰ ਵਾਸਤੇ ਅਨੇਕਾਂ ਹੀ ਉਦਮ ਉਪਰਾਲੇ ਕੀਤੇ ਜਾ ਰਹੇ ਹਨ। ਇਸ ਰੂਹਾਨੀ ਮਿਸ਼ਨ ਨਾਲ ਸਬੰਧਤ ਗੁਰੂ ਅਸਥਾਨਾਂ ਉਪਰ ਵਿਦਿਅਕ ਅਦਾਰਿਆਂ ਵਿੱਚ ਵਿਦਿਆਰਥੀਆਂ ਦੇ ਬਹੁਤ ਹੀ ਵੱਡੀ ਗਿਣਤੀ ਵਿੱਚ ਦਾਖਲ ਹੋ ਰਹੇ ਹਨ। ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੇ ਸ਼ਾਂਤ ਕੁਦਰਤੀ ਅਨਮੋਲ ਸ਼ੁਧ ਸਾਫ ਧਾਰਮਿਕ ਵਾਤਾਵਰਣ ਵਿੱਚ ਸਕੂਲ ਕਾਲਜ ਚਲ ਰਹੇ ਹਨ। ਸੀ.ਬੀ.ਐਸ.ਈ. ਨਾਲ ਸਬੰਧਤ ਗੁਰੂ ਗੋਬਿੰਦ ਸਿੰਘ ਜੀ ਵਿਦਿਆ ਮੰਦਰ ਅੰਤਰਾਸ਼ਟਰੀ ਪੱਧਰ ਦੀ ਵਿਦਿਆ ਬਹੁਤ ਹੀ ਘੱਟ ਫੀਸਾਂ ਉਪਰ ਪ੍ਰਦਾਨ ਕਰ ਰਿਹਾ ਹੈ। ਪਛੜੇ ਇਲਾਕਿਆਂ ਦੇ ਪੇਂਡੂ ਵਿਦਿਆਰਥੀਆਂ ਵਾਸਤੇ ਟਰਸਟ ਵੱਲੋਂ ਉਪਰਾਲਾ ਕਰਕੇ ਅੱਧੀ ਫੀਸ ਉਪਰ ਪੰਜਾਬ ਐਜੂਕੇਸ਼ਨ ਬੋਰਡ ਨਾਲ ਸਬੰਧਤ ਸਕੂਲ ਵੀ ਗੁਰਦੁਆਰਾ ਰਤਵਾੜਾ ਸਾਹਿਬ ਵਿਖੇ ਚਲ ਰਿਹਾ ਹੈ। ਬਹੁਤ ਸਾਰੇ ਲਾਵਾਰਸ ਬੱਚਿਆਂ ਦੀ ਪ੍ਰਿਤਪਾਲਣਾ ਵੀ ਟਰਸਟ ਵੱਲੋਂ ਕੀਤੀ ਜਾ ਰਹੀ ਹੈ। ਗੁਰੂ ਘਰ ਦੀ ਪ੍ਰੰਪਰਾ ਅਨੁਸਾਰ ਲੰਗਰ ਰਿਹਾਇਸ਼ ਤਾਂ ਹਰ ਕਿਸੇ ਨੂੰ ਹੀ ਗੁਰੂ ਘਰਾਂ ਦੇ ਵਿੱਚ ਬਿਨਾਂ ਮੋਖ ਤੋਂ ਦਿਤੀ ਹੀ ਜਾ ਰਹੀ ਹੈ। ਪਰੰਤੂ ਗਰੀਬ ਲਾਵਾਰਿਸ ਬੱਚਿਆਂ ਨੂੰ ਫਰੀ ਵਿਦਿਆ ਪ੍ਰਦਾਨ ਕਰਨੀ ਗੁਰਦੁਆਰਾ ਰਤਵਾੜਾ ਸਾਹਿਬ ਟਰਸਟ ਵੱਲੋਂ ਕੀਤੀ ਜਾ ਰਹੀ ਹੈ। ਹਰ ਪੱਖ ਤੋਂ ਪ੍ਰਫੁਲਿਤ ਨਰੋਏ ਸਮਾਜ ਦੀ ਸਿਰਜਣਾ ਵਾਸਤੇ ਸਕੂਲੀ ਵਿਦਿਆ ਦੇ ਨਾਲ ਨਾਲ ਧਾਰਮਿਕ ਵਿਦਿਆ, ਗੁਰਮਤਿ ਯੋਗ ਸਾਧਨਾ ਅਤੇ ਸਰੀਰਕ ਤੰਦਰੁਸਤੀ ਵਾਸਤੇ ਖੇਡਾਂ ਨੂੰ ਵੀ ਮਹੱਤਤਾ ਦਿਤੀ ਜਾ ਰਹੀ ਹੈ। ਸੈਂਕੜੇ ਹੀ ਏਕੜ ਗੁਰਦੁਆਰਾ ਰਤਵਾੜਾ ਸਾਹਿਬ ਦੇ ਚੌਗਿਰਦੇ ਵਿੱਚ ਸਰੋਵਰ ਦੀ ਸੇਵਾ ਸੰਗਤਾਂ ਗੁਰੂ ਪਿਆਰ ਵਿੱਚ ਦਿਨ ਰਾਤ ਕਰ ਰਹੀਆਂ ਹਨ। ਇਸ ਸਰੋਵਰ ਦੀ ਵਿਲੱਖਣਤਾ ਇਹ ਹੈ ਕਿ ਇਹ ਧਰਤੀ ਦੇ ਗਰਾਉਂਡ ਲੈਵਲ ਤੋਂ ਪਾਣੀ ਦਾ ਲੈਵਲ 12 ਫੁੱਟ ਉਚਾ ਹੋਵੇਗਾ। ਇਸ ਸਰੋਵਰ ਦੇ ਹੇਠਾਂ ਪੱਥਰ ਦੀਆਂ ਗੁਫਾਵਾਂ ਵਾਗੂੰ ਗੁਰਮਤਿ ਯੋਗ ਸਾਧਨਾਂ ਕਰਨ ਵਾਸਤੇ ਸਾਉਂਡਪਰੂਫ ਕਮਰੇ ਵੀ ਬਣਾਏ ਜਾ ਰਹੇ ਹਨ। ਧਰਤੀ ਦੇ ਗਰਾਉਂਡ ਲੈਵਲ ਤੋਂ ਪਾਣੀ ਦਾ ਪੱਧਰ ਉਚਾ ਹੋਣ ਕਰਕੇ ਇਸ ਦੀ ਪਵਿੱਤਰਤਾ ਸਦਾ ਹੀ ਕਾਇਮ ਰਹੇਗੀ। ਡੂੰਘੇ ਡੀਪ ਟਿਊਵੈੱਲ ਨਿਰੰਤਰ ਸਰੋਵਰ ਵਿੱਚ ਪਾਣੀ ਭਰਦੇ ਰਹਿਣਗੇ। ਸੰਗਤਾਂ ਦੇ ਇਸ਼ਨਾਨ ਕਰਨ ਵਾਲਾ ਪਵਿੱਤਰ ਜਲ ਖੇਤਾਂ ਦੀ ਸਿੰਚਾਈ ਵਾਸਤੇ ਲਗਾਤਾਰ ਵਰਤੋਂ ਵਿੱਚ ਆਉਂਦਾ ਰਹੇਗਾ। ਗੁਰੂ ਕੇ ਲੰਗਰਾਂ ਵਾਸਤੇ ਸੈਂਕੜੇ ਏਕੜ ਗੁਰਦੁਆਰਾ ਸਾਹਿਬ ਦੀ ਜ਼ਮੀਨ ਵਿੱਚ ਔਰਗੇਨਿਕ ਐਗਰੀਕਲਚਰ ਵਿਧੀ ਰਾਹੀਂ ਸਬਜ਼ੀਆਂ ਅਤੇ ਗਊਸ਼ਾਲਾ ਮਾਲ ਡੰਗਰਾਂ ਵਾਸਤੇ ਚਾਰਾ ਤਿਆਰ ਕੀਤਾ ਜਾਂਦਾ ਹੈ। ਬਹੁਮੰਤਵੀ ਸਰੋਵਰ ਕਾਰਸੇਵਾ ਸੰਪੰਨ ਹੋਣ ਉਪਰੰਤ ਆਪਣੀ ਮਿਸਾਲ ਆਪ ਹੀ ਹੋਵੇਗਾ।

ਗੁਰਦੁਆਰਾ ਰਤਵਾੜਾ ਸਾਹਿਬ ਟਰਸਟ ਵੱਲੋਂ ਦੂਰ ਅੰਦੇਸ਼ੀ ਮਹਾਂਪੁਰਸ਼ਾਂ ਦੀ ਸੋਚ ਮੁਤਾਬਿਕ ਨਰਸਰੀ ਤੋਂ ਲੈ ਕੇ ਯੂਨੀਵਰਸਿਟੀ ਤੱਕ ਦੀ ਪੜ੍ਹਾਈ ਤੱਕ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਮਾਪਿਆਂ ਵੱਲੋਂ ਆਪਣੇ ਬੱਚਿਆਂ ਨੂੰ ਗੁਰਦੁਆਰਾ ਸਾਹਿਬ ਦੇ ਵਿਦਿਅਕ ਅਦਾਰਿਆਂ ਵਿੱਚ ਦਾਖਲ ਕਰਾਉਣ ਉਪਰੰਤ ਬੱਚਿਆਂ ਦੇ ਭਵਿੱਖ ਦੀ ਕੋਈ ਵੀ ਚਿੰਤਾ ਨਹੀਂ ਹੋਵੇਗੀ। ਜਿਥੇ ਇਹ ਬੱਚੇ ਵਿਸ਼ਵ ਦੇ ਅੰਦਰ ਦੇਸ਼ ਧਰਮ ਕੌਮ ਦਾ ਨਾਮ ਉੱਚਾ ਕਰਨਗੇ ਓਥੇ ਇਹ ਵਿਦਿਆਰਥੀ ਧਾਰਮਿਕ ਪ੍ਰਵਿਰਤੀ ਦੇ ਵਿੱਚ ਪ੍ਰਪੱਕ ਹੋਣਗੇ। ਅਧਿਆਪਕ ਸਮਾਜ ਦੀ ਨੀਂਹ ਦਾ ਕੰਮ ਕਰਦੇ ਹਨ। ਇਸ ਲਈ ਧਾਰਮਿਕ ਰੁਚੀ ਰੱਖਣ ਵਾਲੇ ਅਧਿਆਪਕ ਇੰਟਰਨੈਸ਼ਨਲ ਡਿਵਾਇਨ ਐਜੂਕੇਸ਼ਨ ਕਾਲਜ ਰਤਵਾੜਾ ਸਾਹਿਬ ਤਿਆਰ ਕੀਤੇ ਜਾ ਰਹੇ ਹਨ।

ਮਹਾਂਪੁਰਸ਼ਾਂ ਦੇ ਪਿਆਰ ਵਾਲੇ ਨਿਸ਼ਕਾਮ ਪ੍ਰੇਮੀ ਹਰ ਦੁਖ ਸੁਖ ਸਮੇਂ ਗੁਰੂ ਘਰ ਰਤਵਾੜਾ ਸਾਹਿਬ ਆ ਕੇ ਨਤਮਸਤਕ ਹੁੰਦੇ ਹਨ। ਇਨ੍ਹਾਂ ਪ੍ਰੇਮੀਆਂ ਦੀ ਗੁਰੂ ਘਰ ਨਾਲ ਹੋਰਨਾਂ ਨੂੰ ਵੀ ਜੋੜਨ ਦੀ ਦਿਲੀ ਤਾਂਘ ਹੁੰਦੀ ਹੈ। ਸਮੇਂ ਸਮੇਂ ਸਮਾਜ ਨੂੰ ਸੇਧ ਪ੍ਰਦਾਨ ਕਰਨ ਵਾਸਤੇ ਰਤਵਾੜਾ ਸਾਹਿਬ ਦੀ ਪਾਵਨ ਧਰਤੀ ਉਪਰ ਵਿਲੱਖਣ, ਅਲੌਕਿਕ ਅਤੇ ਰੂਹਾਨੀ ਸਮਾਗਮ ਆਪਣੀ ਮਿਸਾਲ ਆਪ ਬਣ ਰਹੇ ਹਨ। ਵੱਡੇ ਵੱਡੇ ਪੂੰਜੀ ਪੱਤੀ ਵਿਆਹ ਸ਼ਾਦੀਆਂ ਉਪਰ ਜਿਥੇ ਲੱਖਾਂ ਹੀ ਰੁਪਏ ਸ਼ਰਾਬ, ਮਾਸ ਪਾਰਟੀਆਂ ਉਪਰ ਖਰਚ ਕਰ ਰਹੇ ਹਨ ਓਥੇ ਵਿਦੇਸ਼ਾਂ ਤੋਂ ਆ ਕੇ ਪ੍ਰੇਮੀ ਰਤਵਾੜਾ ਸਾਹਿਬ ਬਹੁਤ ਹੀ ਸਾਦੇ ਸਧਾਰਨ ਢੰਗ ਨਾਲ ਅਨੰਦ ਕਾਰਜ ਕਰਾ ਕੇ ਬਿਨਾਂ ਕਿਸੇ ਲੈਣ ਦੇਣ ਤੋਂ ਵੈਸ਼ਨੂੰ ਭੋਜਨਾਂ ਦੀ ਵਰਤੋਂ ਕਰ ਕੇ ਆਪਣੀ ਮਿਸਾਲ ਆਪ ਬਣਦੇ ਜਾ ਰਹੇ ਹਨ। ਆਉਣ ਵਾਲੀ ਪੀੜ੍ਹੀ ਦੇ ਬੱਚੇ ਇਸ ਤਰ੍ਹਾਂ ਦੇ ਕਾਰਜਾਂ ਤੋਂ ਆਪਣੀ ਸੰਸਕ੍ਰਿਤੀ ਵਿਰਾਸਤ ਨੂੰ ਜਰੂਰ ਹੀ ਪਰਤ ਕੇ ਆਉਣਗੇ। ਇਸ ਲਈ ਹਰ ਇੱਕ ਨੂੰ ਆਪਣੇ ਅੰਦਰ ਮਿਸ਼ਨਰੀ ਸਿਪਰਟ ਪੈਦਾ ਕਰ ਕੇ ਪ੍ਰਉਪਕਾਰੀ ਕਾਰਜਾਂ ਵਿੱਚ ਜਰੂਰ ਹੀ ਯੋਗਦਾਨ ਪਾਉਣਾ ਚਾਹੀਦਾ ਹੈ।

ਆਤਮ ਮਾਰਗ ਮੈਗਜ਼ੀਨ ਗੁਰੂ ਸ਼ਬਦ ਲੰਗਰ ਦੀ ਪ੍ਰੰਪਰਾ ਨੂੰ ਅੱਗੇ ਵਧਾਉਣ ਦਾ ਇਕ ਸਾਧਨ ਹੈ। ਇਸ ਵਿੱਚ ਪ੍ਰਕਾਸ਼ਿਤ ਹੋ ਰਿਹਾ ਮੈਟਰ ਗੁਰਮਤਿ ਦੇ ਸਿਧਾਂਤ ਨੂੰ ਪ੍ਰਗਟਾਉਣ ਵਾਲਾ ਹੈ। ਹੋਰ ਭਾਸ਼ਾ ਵਿੱਚ ਹਿੰਦੀ, ਅੰਗਰੇਜ਼ੀ, ਵਿੱਚ ਵੀ ਛਾਪਣਾ ਇਸ ਰੂਹਾਨੀ ਮਿਸ਼ਨ ਦਾ ਦ੍ਰਿੜ ਸੰਕਲਪ ਹੈ। ਸੀਮਤ ਮਾਇਕ ਸਾਧਨਾਂ ਦੇ ਹੋਣ ਉਪਰੰਤ ਵੀ ਇਹ ਮਹਾਨ ਕਾਰਜ ਮਹਾਂਪੁਰਸ਼ਾਂ ਦੀ ਪ੍ਰੇਰਣਾ ਸ਼ਕਤੀ ਨਾਲ ਚਲ ਰਹੇ ਹਨ। ਹਰ ਸਾਲ ਦਰਜਨਾਂ ਹੀ ਪੁਸਤਕਾਂ ਛਪ ਕੇ ਜੀਵਨ ਸੇਧ ਵਾਲੇ ਗੁਰਬਾਣੀ ਸਿਧਾਂਤ ਜਗਿਆਸੂਆਂ ਦੀ ਜਗਿਆਸਾ ਪੂਰੀ ਕਰ ਰਹੇ ਹਨ। ਵਿਸਾਖੀ ਦਾ ਤਿਉਹਾਰ ਪਿਛਲੇ ਮਹੀਨੇ ਬਹੁਤ ਹੀ ਸ਼ਰਧਾ, ਉਤਸ਼ਾਹ, ਚਾਅ ਮਲ੍ਹਾਰਾਂ ਦੇ ਨਾਲ ਬਹੁਤ ਹੀ ਸ਼ਰਧਾ ਪੂਰਵਕ ਜਗ੍ਹਾ ਜਗ੍ਹਾ ਉਪਰ ਮਨਾਇਆ ਗਿਆ ਹੈ। ਇਸ ਸਬੰਧ ਵਿੱਚ ਪਿਛਲੇ ਮਹੀਨੇ ਮਹਾਂਪੁਰਸ਼ਾਂ ਦੀ ਅਮੋਲਕ ਰਚਨਾਂ ਵਿਸਾਖੀ ਸਿਰਲੇਖ ਹੇਠ ਪ੍ਰਕਾਸ਼ਿਤ ਹੋਈ ਸੀ। ਇਹ ਲਿਖਤ ਮਹਾਂਪੁਰਸ਼ਾਂ ਨੇ ਆਪਣੇ ਮੁਖਾਰਬਿੰਦ ਤੋਂ ਗੁਰਬਾਣੀ ਪ੍ਰਕਾਸ਼ ਅੰਦਰ ਉਚਾਰ ਕੇ ਨਿਜ ਅਨੁਭਵ ਨੂੰ ਅੱਖਰਾਂ ਵਿੱਚ ਰੂਪਮਾਨ ਕਰਾਇਆ ਹੈ।

ਇਸ ਰਚਨਾਂ ਨੂੰ ਜਿਨ੍ਹਾਂ ਵੀ ਆਤਮ ਮਾਰਗ ਦੇ ਪਾਂਧੀਆਂ ਨੇ ਪੜ੍ਹਿਆ ਹੈ, ਉਨ੍ਹਾਂ ਨੇ ਦਿਲ ਦੀਆਂ ਗਹਿਰਾਈਆਂ ਤੋਂ ਆਪਣੇ ਦਿਲੀ ਵਲਬਲੇ ਟੈਲੀਫੋਨ ਪਤ੍ਰਿਕਾਵਾਂ ਆਦਿ ਰਾਹੀਂ ਅਦਾਰਾ ਆਤਮ ਮਾਰਗ ਨੂੰ ਭੇਜੇ ਹਨ। ਇਸ ਵਾਰ ਵੀ ਹੱਥਲੇ ਮੈਗਜ਼ੀਨ ਵਿੱਚ ਲੜੀਵਾਰ ਵਿਸਾਖੀ ਸਬੰਧ ਵਿੱਚ ਮਹਾਂਪੁਰਸ਼ਾਂ ਦੇ ਅਨੁਭਵੀ ਪ੍ਰਵਚਨ ਪ੍ਰਕਾਸ਼ਿਤ ਹੋ ਰਹੇ ਹਨ।

ਗੁਰ ਕੀ ਪ੍ਰਤੀਤ ਲੇਖ ਵੀ ਨਿਰੰਤਰ ਛਪਦਾ ਆ ਰਿਹਾ ਹੈ। ਇਸ ਲੇਖ ਵਿੱਚ ਗੁਰੂ ਉਪਰ ਪ੍ਰਤੀਤ ਭਰੋਸਾ ਅਕੀਦਾ ਯਕੀਨ ਦੀ ਪ੍ਰਪੱਕਤਾ ਵਾਸਤੇ ਸਾਖੀ ਪ੍ਰਮਾਣ ਦੇ ਕੇ ਸਮਝਾਉਣ ਦਾ ਅਨੋਖਾ ਤਰੀਕਾ ਵਰਤਿਆ ਜਾ ਰਿਹਾ ਹੈ। ਇਸ ਲੇਖ ਵਿਚ ਅੰਕਿਤ ਪ੍ਰਵਚਨਾਂ ਨੂੰ ਧਿਆਨ ਨਾਲ ਪੜ੍ਹ ਕੇ ਗੁਰੂ ਉਪਰ ਪ੍ਰਤੀਤ ਪੂਰੀ ਤਰ੍ਹਾਂ ਨਾਲ ਬਣ ਜਾਂਦੀ ਹੈ।

ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੇ ਕੀਰਤਨ ਉਪਰੰਤ ਹੁਕਮਨਾਮੇ ਉਪਰ ਅਧਾਰਿਤ ਪ੍ਰਵਚਨ ਬਹੁਤ ਹੀ ਅੰਦਰਲੀ ਖੋਜ ਭਰਪੂਰ ਪ੍ਰਵਚਨ ਹਨ। ਜਿਨ੍ਹਾਂ ਨੂੰ ਪੜ੍ਹ ਕੇ ਰੂਹਾਨੀ ਪੰਧ ਤਹਿ ਕੀਤਾ ਜਾ ਸਕਦਾ ਹੈ।

ਗੁਰਬਾਣੀ ਅਧਾਰਿਤ ਭਾਈ ਕਰਤਾਰ ਸਿੰਘ ਨੀਲਧਾਰੀ ਜੀ ਵੱਲੋਂ ਲਿਖਿਆ ਲੇਖ ਸਮਾਜਿਕ ਕੁਰੀਤੀਆਂ ਦੂਰ ਕਰਨ ਵਾਲਾ ਲੇਖ ਹੈ। ਇਸ ਵਿੱਚ ਅੰਕਿਤ ਭਾਸ਼ਾ ਦਾ ਉਸਾਰੂ ਪੱਖ ਲੈ ਕੇ ਬ੍ਰਹਮਚਰੀਯੇ ਦੇ ਧਾਰਨੀ ਹੋਣ ਦਾ ਗੁਣ ਧਾਰਨ ਕਰਨਾਂ ਚਾਹੀਦਾ ਹੈ।

ਸੰਸਾਰ-ਸੁ-ਪ੍ਰਸਿਧ ਸਵਾਮੀ ਜੀ ਦੀ ਮਹਾਨ ਰਚਨਾਂ ਨੂੰ ਬਹੁਤ ਹੀ ਪਿਆਰ ਵਾਲੀ ਅਮੂਲ ਪ੍ਰਸਤ ਬਖਸ਼ੀ ਰੂਹ ਡਾ. ਬੀਬੀ ਤਜਿੰਦਰ ਮਲਹੋਤਰਾ ਗੁਰਮਤਿ ਅਨੁਸਾਰ ਹਰ ਮਹੀਨੇ ਅਨੁਵਾਦ ਕਰਕੇ ਆਤਮ ਮਾਰਗ ਦੇ ਪਾਠਕਾਂ ਦੀ ਮਹਾਨ ਸੇਵਾ ਕਰ ਰਹੇ ਹਨ।

ਰਸਿਕ ਬੈਰਾਗੀ ਮਹਾਂਪੁਰਸ਼ ਭਾਈ ਵੀਰ ਸਿੰਘ ਜੀ ਦੀਆਂ ਰਚਨਾਵਾਂ ਨੂੰ ਪੜ੍ਹਨ ਵਾਸਤੇ ਪਾਠਕਾਂ ਨੂੰ ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ ਪ੍ਰੇਰਿਤ ਕਰਦੇ ਰਹਿੰਦੇ ਸਨ। ਪ੍ਰੇਮਾ ਭਗਤੀ ਸਹਿਤ ਗਿਆਨ ਰੂਹਾਨੀ ਮੰਜਲਾਂ ਨੂੰ ਪਾਰ ਕਰਦਾ ਹੋਇਆ ਪਰਮ ਆਪੇ ਵਿੱਚ ਮਿਲਾਉਣ ਵਾਲਾ ਹੁੰਦਾ ਹੈ। ਬੁੱਧੀ ਮੰਡਲ ਦੀ ਸਾਹਿਤਕ ਰਚਨਾਂ ਮਨ ਦੀ ਮੈਲ ਵਿੱਚੋਂ ਉਤਪੰਨ ਹੁੰਦੀ ਹੋਈ ਕਿਤਾਬੀ ਗਿਆਨ ਦੀਆਂ ਘੁੰਮਣਘੇਰੀਆਂ ਵਿੱਚ ਫਸਾਉਣ ਵਾਲੀ ਹੁੰਦੀ ਹੈ। ਸੰਤ ਬਿਮਲਾ ਸਿੰਘ ਜੀ ਦਾ ਜੀਵਨ ਅਤੇ ਉਨ੍ਹਾਂ ਦੇ ਪ੍ਰਵਚਨਾਂ ਨੂੰ ਪੜ੍ਹ ਕੇ ਜੀਵਨ ਵਿੱਚ ਅਮਲੀ ਤੌਰ ਉਪਰ ਅਪਨਾਉਣਾ ਚਾਹੀਦਾ ਹੈ। ਇਸ ਪਿਆਰ ਭਰੀ ਪਤ੍ਰਿਕਾ ਦੀਆਂ ਹੋਰ ਵੀ ਰਚਨਾਂ ਬਹੁਤ ਹੀ ਅਮੋਲਕ ਹਨ। ਇਸ ਲਈ ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ ਅਤੇ ਆਤਮ ਮਾਰਗ ਦੇ ਪਾਂਧੀ ਬਣ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

«««««««

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

ਸਾਧਸੰਗਤ ਜੀ!

**ਵਾਹਿਗੁਰੂ ਜੀ ਕਾ ਖਾਲਸਾ**

**ਵਾਹਿਗੁਰੂ ਜੀ ਕੀ ਫਤਹਿ।**

ਗੁਰੂ ਮਹਾਰਾਜ ਜੀ ਨੇ ਆਪ ਤੇ ਅਪਾਰ ਕ੍ਰਿਪਾ ਕੀਤੀ ਹੈ ਕਿ ਅੰਮ੍ਰਿਤ ਵੇਲੇ ਦੀ ਜਾਗ ਬਖਸ਼ੀ ਹੈ। ਕੰਨਾਂ ਦੇ ਰਾਹੀਂ ਬਾਣੀ ਸਰਵਣ ਕੀਤੀ ਹੈ, ਰਸਨਾ ਦੇ ਨਾਲ ਗਾਇਨ ਕੀਤਾ ਹੈ। ਗੁਰੂ ਮਹਾਰਾਜ ਜੀ ਦਾ ਜੋ ਸਾਨੂੰ ਹੁਕਮ ਮਿਲਿਆ ਹੈ ਉਹ ਬਹੁਤ ਵਿਸ਼ਾਲ ਹੈ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਦਾਤਾ ਹੈ ਵਾਹਿਗੁਰੂ, ਐਨਾ ਸਾਡੇ ਨੇੜੇ ਹੈ ਕਿ ਹਰ ਸੁਆਸ ਸਾਡੀ ਪ੍ਰਤਿਪਾਲਣਾ ਕਰਦਾ ਹੈ। ਜਦੋਂ ਅਸੀਂ ਇਹ ਬਚਨ ਗੁਰੂ ਮਹਾਰਾਜ ਜੀ ਦਾ ਸ੍ਰਵਣ ਕਰਦੇ ਹਾਂ ਕਿ ਉਹ ਦਾਤਾ ਹੈ ਤੇ ਉਹ ਨਿਮਖ-ਨਿਮਖ ਸਾਡੀ ਹਰ ਵਕਤ ਪ੍ਰਤਿਪਾਲਣਾ ਕਰਦਾ ਹੈ ਤਾਂ ਸਾਡੇ ਮਨ ਵਿਚ ਇਹ ਖਿਆਲ ਆਉਂਦਾ ਹੈ ਕਿ ਐਨਾ ਨੇੜੇ, ਐਨਾ ਪਿਆਰਾ ਹੈ ਉਹ, ਐਨਾ ਸੱਜਣ-ਸੁਹੇਲਾ ਹੈ ਉਹ ਫੇਰ ਮੇਰਾ ਵੀ ਕੋਈ ਨਾ ਕੋਈ ਫਰਜ਼ ਬਣਦਾ ਹੈ। ਕੀ ਇਹ ਫਰਜ਼ ਬਣਦਾ ਹੈ ਕਿ ਉਸਨੂੰ ਸਦਾ ਹੀ ਭੁਲਾ ਕੇ ਰੱਖੀਏ ਤੇ ਜਿਹੜੀਆਂ ਚੀਜ਼ਾਂ ਦਿੰਦਾ ਹੈ ਉਹ ਉਨ੍ਹਾਂ ਨਾਲ ਪਿਆਰ ਪਾ ਕੇ ਰੱਖੀਏ ਜਾਂ ਇਹ ਫਰਜ਼ ਬਣਦਾ ਹੈ ਕਿ ਜਿਹੜਾ ਦਾਤਾਂ ਦੇਣ ਵਾਲਾ ਦਾਤਾ ਹੈ, ਦਾਤਾਂ ਦੇ ਉਤੋਂ ਦੀ ਉਸ ਦਾ ਧਿਆਨ ਰੱਖੀਏ ਕਿਉਂਕਿ ਸਾਡਾ ਸੁਭਾਅ ਭੁੱਲਣਾ ਹੈ। ਉਹ ਸਾਡੇ ਕਰੋੜਾਂ ਅਪਰਾਧਾਂ ਨੂੰ ਬਖਸ਼ਣ ਵਾਲਾ ਹੈ। ਐਸਾ ਸਬੰਧ ਜੀਵ ਦਾ ਤੇ ਵਾਹਿਗੁਰੂ ਜੀ ਦਾ ਹੈ ਜੋ ਵਿਚਾਰਨਯੋਗ ਹੈ, ਜੀਵ ਸਦਾ ਹੀ ਭੁੱਲਿਆ ਰਹਿੰਦਾ ਹੈ -

***ਹਮਰੋ ਸਹਾਉ ਸਦਾ ਸਦ ਭੂਲਨ***
***ਤੁਮ੍ਰੋ ਬਿਰਦੁ ਪਤਿਤ ਉਧਰਨ ॥ ਅੰਗ - ੮੨੮***

ਸਦਾ ਹੀ ਹਰ ਵਕਤ ਭੁੱਲ ਕੇ ਰਹਿਣਾ ਉਸ ਤੋਂ ਤੇ ਉਸਦਾ ਸੁਭਾਅ ਹੈ ਕਿ ਸਾਨੂੰ ਯਾਦ ਰੱਖਣਾ ਤੇ ਸੁਆਸ-ਸੁਆਸ ਵਿਚ ਪ੍ਰਤਿਪਾਲਣਾ ਕਰਨੀ। ਸਾਹ ਬਾਹਰ ਨੂੰ ਆਉਂਦਾ ਹੈ, ਅੰਦਰ ਨੂੰ ਨਹੀਂ ਜਾ ਸਕਦਾ ਜਿਸ ਵਕਤ ਸਰੀਰ ਛੁੱਟ ਜਾਂਦਾ ਹੈ, ਪ੍ਰਤਿਪਾਲਣਾ ਛੱਡ ਦਿੰਦਾ ਹੈ ਫੇਰ ਡਾਕਟਰ ਚਾਹੇ ਪੰਪ ਮਾਰੀ ਜਾਣ, ਸੁਆਸ ਵੀ ਅੰਦਰ ਨਹੀਂ ਜਾਂਦਾ। ਕੈਸਾ ਬੰਦੋਬਸਤ ਹੈ ਕਿ ਸਾਸ ਵੀ ਅੱਖਾਂ ਤੋਂ ਓਹਲੇ ਨਹੀਂ ਹੋਣਾ ਦਿੰਦਾ, ਸਾਰੀ ਸ੍ਰਿਸ਼ਟੀ ਦਾ ਜਿੰਨੀ ਵੀ ਓਸ ਦੀ ਸ੍ਰਿਸ਼ਟੀ ਹੈ। ਸੋ ਐਸਾ ਜੋ ਵਾਹਿਗੁਰੂ ਹੈ ਜਦੋਂ ਅਸੀਂ ਡੂੰਘਾ ਚਲੇ ਜਾਂਦੇ ਹਾਂ ਉਸ ਦੇ ਵਲ ਨੂੰ, ਜਿਉਂ-ਜਿਉਂ ਗਹਿਰਾ ਜਾਂਦੇ ਹਾਂ ਤਿਉਂ-ਤਿਉਂ ਪਤਾ ਲਗਦਾ ਹੈ ਕਿ ਉਹ ਤਾਂ ਐਨਾ ਬੇਅੰਤ ਹੈ ਕਿ ਕੋਈ ਅੰਤ ਹੀ ਨਹੀਂ ਹੈ ਨਾ ਅਸੀਂ ਉਸ ਦੇ ਰਸਤੇ ਨੂੰ ਸੀਮਤ ਕਰ ਸਕਦੇ ਹਾਂ ਕਿ ਵਾਹਿਗੁਰੂ ਐਡਾ ਕੁ ਹੈ ਤੇ ਇਹ ਜਿਹਵਾ (ਜੀਭ) ਕੁਝ ਕਹਿ ਨਹੀਂ ਸਕਦੀ ਉਸਦੇ ਬਾਰੇ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਨੂੰ ਪੁਛਿਆ ਕਿ ਜਦੋਂ ਤੁਸੀਂ ਗੁਰਸਿੱਖਾਂ ਦੇ ਪਿਆਰ ਨੂੰ ਜਾਣੋਂ ਤਾਂ ਕੀ ਨਿਸ਼ਾਨੀ ਹੈ ਪਾਤਸ਼ਾਹ?

ਕਹਿਣ ਲੱਗੇ, ਗੁਰੂ ਦਇਆਲ ਹੋ ਜਾਂਦਾ ਹੈ, ਗੁਰੂ ਕੋਲ ਸਾਰੀਆਂ ਹੀ ਚੀਜ਼ਾਂ ਨੇ। ਕੋਈ ਐਸੀ ਚੀਜ਼ ਨਹੀਂ ਜੋ ਗੁਰੂ ਕੋਲ ਨਾ ਮਿਲੇ।

***ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥***
***ਅੰਗ - ੯੧੭***

ਕੋਈ ਚੀਜ਼ ਐਸੀ ਨਹੀਂ ਹੈ ਜੋ ਗੁਰੂ ਕੋਲ ਨਹੀਂ ਹੈ। ਕਹਿੰਦੇ, ਉਹ ਜੋ ਮੰਗਦਾ ਹੈ ਉਹ ਚੀਜ਼ ਅਸੀਂ ਉਸਨੂੰ ਦੇ ਦਿੰਦੇ ਹਾਂ।

***ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥***
***ਅੰਗ - ੬੮੧***

ਦੋ ਤਰ੍ਹਾਂ ਦੇ ਭਰੋਸੇ ਹੋਇਆ ਕਰਦੇ ਨੇ। ਇਕ ਤਾਂ ਉਹ ਨੇ ਜਿਨ੍ਹਾਂ ਨੂੰ ਦਾਤ ਮਿਲ ਜਾਂਦੀ ਹੈ ਉਸ ਤੋਂ ਬਾਅਦ ਦਾਤੇ ਨਾਲ ਪਿਆਰ ਪਾਉਂਦੇ ਨੇ, ਦੇਣ ਵਾਲੇ ਨਾਲ ਹਰ ਵਕਤ ਪਿਆਰ ਰੱਖਦੇ ਨੇ। ਉਸਨੂੰ ਭੁੱਲਦੇ ਨਹੀਂ ਹਨ।

ਦੂਸਰੇ ਜੋ ਹੁੰਦੇ ਨੇ ਕਿ ਦਾਤ ਤਾਂ ਮਿਲ ਜਾਂਦੀ ਹੈ ਬੱਸ ਦਿਤੀ ਹੋਈ ਚੀਜ਼ ਨਾਲ ਪਿਆਰ ਪਾ ਲਿਆ ਤੇ ਜਿਸ ਨੇ ਦਿਤੀ ਹੈ ਉਸ ਨੂੰ ਬਿਲਕੁਲ ਭੁੱਲ ਗਏ। ਐਨਾ ਕਹਿ ਕੇ ਗੁਰੂ ਮਹਾਰਾਜ ਚੁੱਪ ਕਰ ਗਏ।

ਫੇਰ ਕੁਝ ਸਿੰਘਾਂ ਨੇ ਪੁਛਿਆ ਕਿ ਸੱਚੇ ਪਾਤਸ਼ਾਹ! ਇਹ ਤਾਂ ਅਸੀਂ ਸਰਵਣ ਕਰ ਲਿਆ ਕਿ ਜੇ ਤੁਸੀਂ ਦਇਆਲ ਹੋਵੋਂ ਤਾਂ ਜੋ ਮੰਗਦਾ ਹੈ ਦੇ ਦਿੰਦੇ ਹੋ। ਅੱਗੇ ਆਪ ਨੇ ਗੁਰਸਿੱਖਾਂ ਦੀ ਗੱਲ ਕਰ ਦਿਤੀ ਕਿ ਇਕ ਵਰਗ ਉਹ ਹੈ ਜਿਹੜਾ ਦਿਤੀ ਹੋਈ ਦਾਤ ਨਾਲ ਪਿਆਰ ਪਾਉਂਦਾ ਹੈ ਤੇ ਦਾਤੇ ਨੂੰ ਭੁੱਲ ਜਾਂਦਾ ਹੈ। ਇਹ ਉਹ ਹਨ ਜਿਹੜੇ ਦਾਤ ਨਾਲ ਪਿਆਰ ਨਹੀਂ ਪਾਉਂਦੇ, ਦੇਣ ਵਾਲੇ ਨਾਲ

ਪਿਆਰ ਪਾਉਂਦੇ ਹਨ। ਐਸੇ ਦੋ ਵਰਗ ਨੇ। ਸੱਚੇ ਪਾਤਸ਼ਾਹ! ਫੇਰ ਆਪ ਅੱਗੇ ਕੀ ਕਰਦੇ ਹੋ?

ਕਹਿਣ ਲੱਗੇ, ਗੁਰਸਿੱਖੋ! ਜੇ ਤਾਂ ਬਿਲਕੁਲ ਭੁੱਲ ਜਾਵੇ ਤਾਂ ਅਸੀਂ ਛੱਡ ਦਿੰਦੇ ਹਾਂ ਉਸ ਸਿੱਖ ਨੂੰ, ਉਹ ਫੇਰ ਮਨਮੁਖ ਹੋ ਕੇ, ਬੇਮੁਖ ਹੋ ਕੇ ਗੋਤੇ ਖਾਂਦਾ ਰਹਿੰਦਾ ਹੈ ਕਿਉਂਕਿ ਸਾਡੇ ਨਾਲੋਂ ਉਸ ਨੇ ਸਬੰਧ ਤੋੜ ਲਿਆ ਤੇ ਦਾਤ ਨਾਲ ਪਾ ਲਿਆ। ਪਹਿਲਾਂ ਬੱਚਾ ਨਹੀਂ ਹੁੰਦਾ ਗੁਰੂ ਕੋਲ ਜਾਂਦਾ ਹੈ, ਬਹੁਤ ਮਿੰਨਤਾਂ ਕਰਦਾ ਹੈ, ਹਰ ਵਾਰੀ ਪਹੁੰਚਦਾ ਹੈ ਤੇ ਜਾ ਜਾ ਕੇ ਅਰਦਾਸਾਂ ਕਰਦਾ ਹੈ। ਔਖੇ ਤੋਂ ਔਖੇ ਥਾਂ ਸਤਿਸੰਗ ਕਰਦਾ ਹੈ, ਦਾਨ ਕਰਦਾ ਹੈ, ਬੇਅੰਤ ਕਿਸਮ ਦੇ ਵਾਅਦੇ ਕਰਦਾ ਹੈ ਕਿ ਮੈਨੂੰ ਇਕ ਵਾਰੀ ਮੂੰਹ ਦਿਖਾ ਕੇ ਬੱਚੇ ਦਾ, ਮੈਂ ਤੇਰਾ ਹੋ ਜਾਵਾਂਗਾ। ਜਿਸ ਵਕਤ ਬੱਚਾ ਮਿਲ ਜਾਂਦਾ ਹੈ ਉਸ ਤੋਂ ਬਾਅਦ ਬੱਚੇ ਦਾ ਧਿਆਨ ਉਸ ਦੇ ਹਰ ਵਕਤ ਹਿਰਦੇ ਵਿਚ ਸਮਾਅ ਜਾਂਦਾ ਹੈ, ਦੇਣ ਵਾਲੇ ਨਾਲ ਕੋਈ ਤੁਅੱਲਕ ਨਹੀਂ ਰਹਿੰਦਾ। ਇਹ ਤਾਂ ਜਿਹੜੇ ਦਾਤ ਲੈ ਕੇ ਮੁਕਰਨ ਵਾਲੇ ਨੇ ਉਨ੍ਹਾਂ ਨਾਲ ਸਬੰਧ ਟੁੱਟ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਆਪ ਸਬੰਧ ਤੋੜ ਲਿਆ।

ਦੂਸਰੇ ਐਸੇ ਹੁੰਦੇ ਨੇ ਜਿਹੜੇ ਦਾਤ ਵਿਚ ਤਾਂ ਫਸ ਜਾਂਦੇ ਨੇ, ਜਾਇਦਾਦ ਦੇ ਦਿਤੀ, ਲੱਖਾਂ-ਕਰੋੜਾਂ ਰੁਪਏ ਦੇ ਦਿਤੇ, ਕਾਰੋਬਾਰ ਫੈਲਾਅ ਦਿਤਾ, ਫੈਕਟਰੀਆਂ ਲੱਗ ਗਈਆਂ, ਜ਼ਮੀਨਾਂ-ਜਾਇਦਾਦਾਂ, ਹੋਰ ਵਪਾਰ ਉਹ ਫੈਲ ਗਏ, ਉਸ ਦਾ ਧਿਆਨ ਹਰ ਵਕਤ ਉਨ੍ਹਾਂ ਵਿਚ ਰਹਿੰਦਾ ਹੈ ਕਿਉਂਕਿ ਉਹ ਕੰਮ ਚਲਦਾ ਨਹੀਂ ਜੇ ਉਹ ਧਿਆਨ ਨਹੀਂ ਦਿੰਦਾ ਪਰ ਇਹ ਗੱਲ ਭੁੱਲ ਜਾਂਦਾ ਹੈ ਕਿ ਕੰਮ ਵੀ ਮੈਂ ਹੀ ਚਲਾਉਂਦਾ ਹਾਂ, ਉਸ ਦਾ ਨਹੀਂ ਬਲ ਹੈ -

***ਇਸ ਕਾ ਬਲੁ ਨਾਹੀ ਇਸੁ ਹਾਥ ॥***
***ਕਰਨ ਕਰਾਵਨ ਸਰਬ ਕੋ ਨਾਥ ॥ ਅੰਗ - ੨੭੭***

ਕਹਿੰਦੇ, ਕਦੇ-ਕਦੇ ਉਸ ਨੂੰ ਧਿਆਨ ਆਉਂਦਾ ਹੈ ਉਹ ਇਸ ਤਰ੍ਹਾਂ ਆਉਂਦਾ ਹੈ ਜਿਵੇਂ ਦਲ ਦਲ ਦੇ ਵਿਚ ਲੰਗੜਾ ਗਧਾ ਫਸ ਜਾਵੇ। ਉਹ ਲੰਗੜਾ ਗਧਾ ਜਿਸ ਵਕਤ ਦੋ ਲੱਤਾਂ ਨਾਲ ਜ਼ੋਰ ਲਾਉਂਦਾ ਹੈ ਤਾਂ ਤੀਸਰੀ ਲੱਤ ਵਜ਼ਨ ਚੁੱਕਦੀ ਨਹੀਂ ਤੇ ਉਹ ਹੋਰ ਥੱਲੇ ਨੂੰ ਚਲਿਆ ਜਾਂਦਾ ਹੈ ਇਸ ਕਰਕੇ ਇਹ ਲੰਗੜਾ ਗਧਾ ਕਿਸੇ ਦੀ ਮਦਦ ਤੋਂ ਬਗੈਰ ਨਿਕਲ ਨਹੀਂ ਸਕਿਆ ਕਰਦਾ। ਐਸੀ ਗੁਰਸਿੱਖ ਦੀ ਹਾਲਤ ਦੇਖ ਕੇ ਫੇਰ ਅਸੀਂ ਹੱਥਕੜੀ ਭੇਜਦੇ ਹਾਂ ਉਸਨੂੰ ਵਾਪਸ ਬੁਲਾਉਣ ਵਾਸਤੇ। ਉਹ ਇਹ ਹੈ ਕਿ ਅਸੀਂ ਫੇਰ ਦੁੱਖ ਭੇਜਦੇ ਹਾਂ ਉਸ ਦੇ ਉਤੇ। ਜਦੋਂ ਦੁੱਖ ਹੋਇਆ, ਸਿਹਤ ਖਰਾਬ ਹੋ ਗਈ, ਕਿਸੇ ਚੀਜ਼ ਦਾ ਵਿਜੋਗ ਹੋ ਗਿਆ, ਕੋਈ ਪਰੇਸ਼ਾਨੀ ਆ ਗਈ, ਕੋਈ ਵਿਗਨ ਪੈ ਗਿਆ। ਉਸ ਵੇਲੇ ਉਸ ਨੂੰ ਧਿਆਨ ਆਉਂਦਾ ਹੈ ਤੇ ਉਸ ਵੇਲੇ ਜਿਹੜਾ ਉਹ ਦੱਖ ਹੈ ਉਹ ਅਸੀਂ ਦਾਰੂ ਬਣਾ ਦਿੰਦੇ ਹਾਂ। ਉਹ ਹੱਥਕੜੀ ਹੁੰਦੀ ਹੈ ਪ੍ਰਭੂ ਦੀ ਕਿ ਦੁੱਖ ਦੇ ਵਿਚ ਪਾ ਕੇ ਆਪਣੇ ਵਲ ਨੂੰ ਖਿੱਚਦੇ ਹਾਂ।

***ਕੇਤਿਆ ਦੂਖ ਭੂਖ ਸਦ ਮਾਰ ॥***
***ਏਹਿ ਭਿ ਦਾਤਿ ਤੇਰੀ ਦਾਤਾਰ ॥ ਅੰਗ - ੫***

ਦੁਬਾਰਾ ਅਸੀਂ ਲੈ ਲੈਂਦੇ ਹਾਂ ਓਸ ਨੂੰ। ਫੇਰ ਮਹਾਰਾਜ ਚੁੱਪ ਕਰ ਗਏ ਤੇ ਉਸ ਤੋਂ ਬਾਅਦ ਗੁਰਸਿੱਖਾਂ ਨੇ ਪੁਛਿਆ, ਸੱਚੇ ਪਾਤਸ਼ਾਹ! ਜੇ ਗੁਰਸਿੱਖ ਦਾਤ ਪ੍ਰਾਪਤ ਕਰਕੇ ਦਾਤੇ ਨਾਲ ਹੀ ਲੱਗਿਆ ਰਹੇ ਤੇ ਦਾਤ ਵਲ ਧਿਆਨ ਵੀ ਨਾ ਦੇਵੇ।

ਕਹਿੰਦੇ, ਪਿਆਰਿਓ! ਉਸਨੂੰ ਅਸੀਂ ਫੇਰ ਉਸ ਤੋਂ ਵੀ ਕੀਮਤੀ ਚੀਜ਼ਾਂ ਦਿੰਦੇ ਹਾਂ, ਅਣ-ਮੰਗਿਆ ਦਿੰਦੇ ਹਾਂ ਉਸਨੂੰ ਚਿੱਤ-ਚੇਤੇ ਵੀ ਨਹੀਂ ਹੁੰਦਾ ਕਿ ਮੈਨੂੰ ਆਹ ਚੀਜ਼ ਚਾਹੀਦੀ ਹੈ। ਫੇਰ ਅਸੀਂ ਦਾਤਾਂ ਨਾਲ ਭੰਡਾਰੇ ਭਰ ਦਿੰਦੇ ਹਾਂ, ਘਰ ਭਰ ਜਾਂਦੇ ਨੇ, ਲਹਿਰੇ-ਬਹਿਰੇ ਹੋ ਜਾਂਦੇ ਨੇ, ਸਾਰੇ ਪਾਸੇ ਸੁਖ ਹੀ ਸੁਖ ਹੋ ਜਾਂਦਾ ਹੈ, ਬੱਚੇ ਪੜ੍ਹ ਜਾਂਦੇ ਨੇ, ਨੌਕਰੀਆਂ ਮਿਲ ਜਾਂਦੀਆਂ ਨੇ, ਸਿਹਤਾਂ ਹੋ ਜਾਂਦੀਆਂ ਨੇ, ਚੰਗੇ ਰਿਸ਼ਤੇਦਾਰ ਮਿਲ ਜਾਂਦੇ ਨੇ, ਪੈਸਾ ਹੋ ਜਾਂਦਾ ਹੈ ਤੇ ਜੇ ਫੇਰ ਵੀ ਲੱਗਿਆ ਰਹੇ ਫੇਰ ਅਸੀਂ ਆਪਣੀ ਚੀਜ਼ ਜਿਹੜੀ ਸਾਡੇ ਕੋਲ ਹੈ -

***ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ॥***
***ਅੰਗ - ੪੦***

ਫੇਰ ਅਸੀਂ ਉਸ ਦੇ ਹਿਰਦੇ ਵਿਚ ਨਾਮ ਦਾ ਪ੍ਰਕਾਸ਼ ਕਰਦੇ ਹਾਂ, ਨਾਮ ਦੀ ਦਾਤ ਦੇ ਕੇ ਆਪਣੇ ਨਾਲ ਮਿਲਾ ਲੈਂਦੇ ਹਾਂ, ਆਪਣੀ ਸੇਵਾ ਵਿਚ ਲਾ ਲੈਂਦੇ ਹਾਂ। ਸੋ ਐਸਾ ਜੋ ਗੁਰਸਿੱਖ ਹੈ ਉਹ ਤਰੱਕੀ ਕਰਦਾ-ਕਰਦਾ ਗੁਰੂ ਦਾ ਰੂਪ ਹੀ ਬਣ ਜਾਂਦਾ ਹੈ।

ਸੋ ਇਸ ਸ਼ਬਦ ਦੇ ਅਖੀਰ ਵਿਚ ਮਹਾਰਾਜ ਜੀ ਨੇ ਸਾਨੂੰ ਅਰਦਾਸ ਕਰਨ ਦੀ ਜਾਂਚ ਦੱਸੀ ਹੈ ਕਿ ਹੇ ਪ੍ਰਭੂ! ਆਪ ਕ੍ਰਿਪਾ ਕਰੋ ਸਾਨੂੰ ਨਾਨਕ ਦੇ ਘਰ ਦੇ ਗੋਲੇ ਰੱਖ ਲਓ, ਆਪਣੇ ਘਰ ਦੇ ਗੁਲਾਮ ਬਣਾ ਲਓ। ਅਸੀਂ ਵੀ ਪੜ੍ਹ ਲੈਂਦੇ ਹਾਂ ਕਿ ਸਾਨੂੰ ਗੁਲਾਮ ਬਣਾ ਲਓ ਲੇਕਿਨ ਇਹ ਪਤਾ ਨਹੀਂ ਹੈ ਕਿ ਗੁਲਾਮ ਜਿਹੜਾ ਹੁੰਦਾ ਹੈ ਉਸ ਦਾ ਕੋਈ ਵੀ ਹੱਕ ਨਹੀਂ ਹੋਇਆ ਕਰਦਾ ਕਿਸੇ ਵੀ ਚੀਜ਼ ਤੇ। ਇਕ ਤਾਂ ਉਹ ਹੁੰਦਾ ਹੈ ਜਿਸ ਨੇ ਆਪਣਾ-ਆਪਾ ਗੁਰੂ ਨੂੰ ਸੰਭਾਲ ਦਿਤਾ। ਉਸ ਦਾ ਕਿਸੇ ਚੀਜ਼ ਦੇ ਉਤੇ ਹੱਕ ਨਹੀਂ ਹੋਇਆ ਕਰਦਾ, ਕੋਈ ਚੀਜ਼ ਆਪਣੀ ਨਹੀਂ ਹੋਇਆ ਕਰਦੀ।

***ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥***
***ਈਘੈ ਨਿਰਗੁਨ ਊਘੈ ਸਰਗੁਨ***
***ਕੇਲ ਕਰਤ ਬਿਚਿ ਸੁਆਮੀ ਮੇਰਾ ॥***
***ਅੰਗ - ੮੨੭***

ਜੋ ਕੁਝ ਵੀ ਤੈਨੂੰ ਨਜ਼ਰ ਆਉਂਦਾ ਹੈ, ਆਹ ਮੇਰੇ ਆਲੇ ਦੁਆਲੇ ਤੂੰ ਦਿਤਾ ਹੋਇਆ ਹੈ ਇਸ ਦੇ ਵਿਚ ਮੇਰਾ

ਕੁਝ ਵੀ ਨਹੀਂ ਹੈ –

***ਕਬੀਰ ਮੇਰਾ ਮੁਝ ਮਹਿ ਕਿਛੁ ਨਹੀ***
***ਜੋ ਕਿਛੁ ਹੈ ਸੋ ਤੇਰਾ ॥***
***ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥***
***ਅੰਗ – ੧੩੭੫***

ਜੋ ਗੁਲਾਮ ਹੋਇਆ ਕਰਦਾ ਹੈ ਉਸ ਦੀ ਕੋਈ ਮਰਜ਼ੀ ਨਹੀਂ ਹੋਇਆ ਕਰਦੀ ਕਿਸੇ ਗੱਲ ਦੇ ਉਤੇ ਵੀ। ਗੱਲ ਤਾਂ ਅਸੀਂ ਮੰਨ ਲੈਂਦੇ ਹਾਂ –

***ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ॥***
***ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ॥***
***ਅੰਗ – ੬੭੪***

ਬਗੈਰ ਸਮਝੇ ਤੋਂ ਹੀ ਅਸੀਂ ਗੱਲ ਕਹਿ ਦਿੰਦੇ ਹਾਂ ਕਿਉਂਕਿ ਅਸੀਂ ਆਪਣਾ ਆਪ ਛੱਡਣ ਨੂੰ ਤਿਆਰ ਨਹੀਂ ਹਾਂ। ਜੋ 'ਮੈਂ' ਤੇ 'ਮੇਰੀ' ਹੈ ਸਾਡੇ ਕੋਲ, ਜਿੰਨੀਆਂ ਚੀਜ਼ਾਂ ਨੇ ਸਾਡੇ ਕੋਲ ਉਹ ਜਾਂ 'ਮੈਂ' ਵਿਚ ਆਉਂਦੀਆਂ ਨੇ ਜਾਂ 'ਮੇਰੀ' ਵਿਚ। ਅਸੀਂ ਉਨ੍ਹਾਂ ਵਿਚੋਂ ਕੁਝ ਵੀ ਛੱਡਣ ਨੂੰ ਤਿਆਰ ਨਹੀਂ ਹਾਂ। ਸਰੀਰ ਵੀ ਆਪਣਾ ਰੱਖਣਾ ਚਾਹੁੰਦੇ ਹਾਂ, ਬਾਲ-ਬਾਚੇ ਵੀ ਰੱਖਣਾ ਚਾਹੁੰਦੇ ਹਾਂ, ਪੈਸਾ ਟਕਾ ਵੀ ਆਪਣਾ ਰੱਖਣਾ ਚਾਹੁੰਦੇ ਹਾਂ, ਇਹ ਨਹੀਂ ਛੱਡਣ ਨੂੰ ਤਿਆਰ, ਇਨ੍ਹਾਂ ਵਿਚ ਜ਼ਰਾ ਕੁ ਗੜਬੜ ਹੋ ਜਾਵੇ ਤਾਂ ਉਸੇ ਵੇਲੇ ਘਬਰਾਹਟ ਹੋ ਜਾਂਦੀ ਹੈ ਕਿਉਂਕਿ ਆਪਣਾ ਮੰਨਦੇ ਹਾਂ। ਸੋ ਇਹ ਜੋ ਗੁਲਾਮ ਹੈ ਇਸ ਦਾ ਕੁਝ ਵੀ ਨਹੀਂ ਹੋਇਆ ਕਰਦਾ।

ਇਕ ਵਾਰੀ ਇਕ ਰਾਜੇ ਨੇ ਗੁਲਾਮ ਖਰੀਦ ਲਿਆ। ਚੰਗਾ ਪ੍ਰੇਮੀ ਸੀ ਉਹ ਸੋਝੀ ਵਾਲਾ। ਜਿਸ ਵਕਤ ਉਹ ਗੁਲਾਮ ਉਸ ਦੇ ਸਾਮ੍ਹਣੇ ਆਉਂਦਾ ਹੈ ਜੋ ਕਿਸੇ ਵੱਡੇ ਖਾਨਦਾਨ ਦਾ ਸੀ, ਸੋਝੀ ਵਾਲਾ ਪੁਰਸ਼। ਉਹ ਗੁਲਾਮ ਰਾਜੇ ਨੂੰ ਚੰਗਾ ਲੱਗਿਆ, ਉਸ ਦੀ ਬੋਲਚਾਲ ਵੀ ਉਸਨੂੰ ਚੰਗੀ ਲੱਗੀ, ਤੁਰਦਾ-ਫਿਰਦਾ, ਉਸ ਦੇ ਨੇਤਰਾਂ ਵਿਚ ਪਿਆਰ ਸੀ ਨਫਰਤ ਨਹੀਂ ਸੀ, ਹੁਕਮ ਮੰਨਦਾ ਸੀ।

ਉਸ ਵੇਲੇ ਰਾਜੇ ਨੇ ਉਸਨੂੰ ਬੁਲਾ ਕੇ ਕਿਹਾ, ਹੇ ਗੁਲਾਮ! ਮੈਨੂੰ ਦੱਸ ਤੇਰਾ ਨਾਮ ਕੀ ਹੈ? ਦੂਜੀ ਗੱਲ ਇਹ ਦੱਸ ਕਿ ਤੂੰ ਕੱਪੜੇ ਕਿਹੋ ਜਿਹੇ ਪਹਿਨਣੇ ਚਾਹੁੰਦਾ ਹੈਂ? ਤੀਸਰੀ ਗੱਲ ਇਹ ਦੱਸ ਕਿ ਤੂੰ ਖਾਣਾ ਕਿਹੋ ਜਿਹਾ ਖਾਣਾ ਚਾਹੁੰਦਾ ਹੈਂ? ਚੌਥੀ ਗੱਲ ਇਹ ਦੱਸ ਕਿ ਤੂੰ ਕਦੋਂ ਸੌਣਾ ਚਾਹੁੰਦਾ ਹੈਂ ਕਦੋਂ ਜਾਗਣਾ ਚਾਹੁੰਦਾ ਹੈਂ? ਜਿਵੇਂ ਤੂੰ ਕਹੇਂਗਾ ਮੈਂ ਓਵੇਂ ਜਿਵੇਂ ਹੁਕਮ ਦੇ ਦੇਵਾਂਗਾ, ਤੈਨੂੰ ਉਸੇ ਤਰ੍ਹਾਂ ਦੀਆਂ ਚੀਜ਼ਾਂ ਪ੍ਰਾਪਤ ਹੋ ਜਾਣਗੀਆਂ ਕਿਉਂਕਿ ਤੂੰ ਮੇਰੇ ਮਨ ਨੂੰ ਬੜਾ ਭਾਇਆਂ ਹੈਂ।

ਕਹਿਣ ਲੱਗਿਆ, ਹਜ਼ੂਰ! ਜਦੋਂ ਮੈਂ ਅਜ਼ਾਦ ਸੀ ਮੇਰਾ ਨਾਮ ਵੀ ਸੀ, ਉਪਾਧੀਆਂ ਵੀ ਸਨ ਉਸ ਦੇ ਨਾਲ, ਬੜਾ ਕੁਝ ਲਗਦਾ ਸੀ ਤੇ ਕੱਪੜੇ ਆਪਣੀ ਮਰਜ਼ੀ ਦੇ ਪਾਉਂਦਾ ਸੀ ਇਕ ਦਿਨ ਦੇ ਵਿਚ ਕਈ ਕੱਪੜੇ ਬਦਲ ਦਿੰਦਾ ਸੀ। ਖਾਣ ਵਾਸਤੇ ਮੇਜ਼ ਭਰ ਜਾਂਦਾ ਸੀ ਉਸ ਵਿਚੋਂ ਚੁਣ ਕੇ ਖਾਂਦਾ ਸੀ। ਸੌਣ ਵੇਲੇ ਐਸਾ ਬੰਦੋਬਸਤ ਸੀ ਕਿ ਜਦੋਂ ਪੈ ਗਿਆ ਉਸ ਵੇਲੇ ਮੈਨੂੰ ਜਗਾਉਣ ਵਾਲਾ ਕੋਈ ਨਹੀਂ ਸੀ, ਆਵਾਜ਼ ਨਹੀਂ ਸੀ ਕੋਈ ਮਾਰਦਾ, ਮਰਜ਼ੀ ਨਾਲ ਪੈਂਦਾ ਸੀ ਮਰਜ਼ੀ ਨਾਲ ਉਠਦਾ ਸੀ ਤੇ ਹੁਣ ਮੈਂ ਗੁਲਾਮ ਹੋ ਗਿਆ ਹਾਂ। ਮੇਰੇ ਜਿਹੜੇ ਨਿੱਜੀ ਅਧਿਕਾਰ ਸੀ ਉਹ ਸਭ ਖਤਮ ਹੋ ਗਏ। ਤੁਹਾਡੇ ਮੈਂ ਵਸ ਪੈ ਗਿਆ। ਦੁਨੀਆਂ ਦਾ ਕੋਈ ਕਾਨੂੰਨ ਮੇਰੀ ਮਦਦ ਨਹੀਂ ਕਰ ਸਕਦਾ ਤੇ ਤੁਸੀਂ ਮੈਨੂੰ ਮੁੱਲ ਖਰੀਦ ਲਿਆ ਤੇ ਮੁੱਲ ਖਰੀਦੇ ਹੋਏ ਨੂੰ ਵੱਢ ਕੇ ਖਾ ਲਓ, ਬੱਕਰਾ ਖਰੀਦ ਲਿਆ ਉਸ ਨੂੰ ਵੱਢ ਕੇ ਖਾ ਲਓ ਜਾਂ ਮੁਰਗਾ ਵੱਢ ਕੇ ਖਾ ਲਓ, ਉਸ ਦਾ ਕੋਈ ਅਧਿਕਾਰ ਨਹੀਂ, ਕੋਈ ਸਰਕਾਰ ਨਹੀਂ ਜਿਹੜੀ ਉਸ ਦੀ ਮਦਦ ਕਰੇਗੀ।

ਸੋ ਕਾਨੂੰਨ ਹੀ ਨਹੀਂ ਹੈ ਮੇਰੀ ਮਦਦ ਕਰਨ ਵਾਲਾ ਇਸ ਕਰਕੇ ਮਹਾਰਾਜ! ਜਿਹੜਾ ਨਾਉਂ ਤੁਹਾਨੂੰ ਚੰਗਾ ਲਗਦਾ ਹੈ – ਚਾਹੇ ਕੁੱਤਾ ਕਹਿ ਲਓ, ਬਿੱਲਾ ਕਹਿ ਲਓ, ਗੋਰਾ ਚਾਹੇ ਕਾਲਾ ਕਹਿ ਲਓ ਚਾਹੇ ਕੁਛ ਕਹਿ ਲਓ ਤੇ ਓਹੀ ਮੈਨੂੰ ਦੱਸ ਦਿਓ ਮੈਂ ਉਸੇ ਤੇ ਬੋਲ ਪਿਆ ਕਰਾਂਗਾ।

ਕੱਪੜੇ ਜਿਹੋ ਜਿਹੇ ਤੁਹਾਡੀਆਂ ਅੱਖਾਂ ਨੂੰ ਚੰਗੇ ਲਗਦੇ ਨੇ ਉਹੋ ਜਿਹੇ ਪੁਆ ਲਓ ਚਾਹੇ ਬਿਲਕੁਲ ਪਾਟੇ ਹੋਏ ਹੋਣ, ਚਾਹੇ ਇਕੋ ਕੱਪੜਾ ਤੇੜ ਹੋਵੇ ਜੋ ਤੁਹਾਡੀ ਮਰਜ਼ੀ ਓਹੀ ਪੁਆ ਲਓ। ਕੋਈ ਵੀ ਮੈਂ ਪਹਿਨ ਲਵਾਂਗਾ ਕਿਉਂਕਿ ਮੈਂ ਆਪਣੀ ਮਰਜ਼ੀ ਛੱਡ ਦਿਤੀ ਹੈ, ਮੇਰੀ ਮਰਜ਼ੀ ਰਹੀ ਨਹੀਂ ਹੈ ਹੁਣ।

ਖਾਣ ਲਈ ਜਿਹੋ ਜਿਹਾ ਦੇ ਦਿਓਗੇ ਖਾ ਲਵਾਂਗਾ – ਜੂਠਾ ਦੇ ਦਿਓਗੇ, ਜੂਠਾ ਖਾ ਲਵਾਂਗਾ, ਕੁੱਤਿਆਂ ਦੇ ਨਾਲ ਪਾ ਦਿਓਗੇ ਮੈਂ ਉਥੇ ਖਾ ਲਵਾਂਗਾ, ਕਿਸੇ ਮੇਜ਼ ਤੇ ਬਿਠਾ ਕੇ ਖਲਾਓਗੇ ਉਥੇ ਖਾ ਲਵਾਂਗਾ।

ਸੌਣ ਨੂੰ ਜਦੋਂ ਕਹਿ ਦਿਓਗੇ ਕਿ ਜਾਹ ਸੌਂ ਜਾਹ ਮੈਂ ਪੈ ਜਾਵਾਂਗਾ, ਜਦੋਂ ਆਵਾਜ਼ ਮਾਰੋਗੇ ਮੈਂ ਉਠ ਜਾਵਾਂਗਾ।

ਸੋ ਇਹ ਗੁਲਾਮ ਦੀ ਬਾਤ ਹੋਇਆ ਕਰਦੀ ਹੈ ਆਪਣੀ ਸਾਰੀ ਮਰਜ਼ੀ, ਆਪਣਾ ਜੋ ਕੁਝ ਵੀ ਹੈ ਉਹ ਸਮਰਪਣ ਕਰ ਦੇਣਾ ਗੁਰੂ ਨੂੰ, ਉਸ ਦੇ ਵਿਚ ਅਧਿਕਾਰ ਨਹੀਂ ਕੋਈ ਵੀ ਰਹਿੰਦਾ ਫੇਰ ਗੁਰੂ ਜਿਹੜਾ ਕੁਝ ਕਹਿੰਦਾ ਹੈ ਉਹ ਕਰਨਾ ਪੈਂਦਾ ਹੈ। ਗੁਰੂ ਕਹਿੰਦਾ ਹੈ –

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥***
***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ***

*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ - ੩੦੫*

ਗੁਰੂ ਕਹਿੰਦਾ ਹੈ -

*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਅੰਗ - ੨੭੪*
*ਕਰਨ ਨ ਸੁਨੈ ਕਾਹੂ ਕੀ ਨਿੰਦਾ ॥ ਅੰਗ - ੨੭੪*

ਬੇਅੰਤ ਨਸੀਹਤਾਂ ਨੇ 1430 ਪੰਨੇ ਦੇ ਅੰਦਰ ਸਾਨੂੰ guide lines ਮਿਲਦੀਆਂ ਨੇ ਕਿ ਐਉਂ ਰਹਿਣਾ ਹੈ, ਐਉਂ ਗੱਲ ਕਰਨੀ ਹੈ। ਸਭ ਤੋਂ ਵੱਡੀ ਗੱਲ ਗੁਰੂ ਇਹ ਕਹਿੰਦਾ ਹੈ ਕਿ ਤੂੰ ਇਕ ਸ੍ਵਾਸ ਵੀ ਪ੍ਰਮੇਸ਼ਰ ਨੂੰ ਨਾ ਭੁੱਲੀਂ, ਹਰ ਵਕਤ ਉਸ ਨੂੰ ਯਾਦ ਰੱਖੀਂ। ਜੋ ਗੁਲਾਮ ਹੈ ਉਸਦੀ ਆਪਣੀ ਮਰਜ਼ੀ ਨਹੀਂ, ਆਪਣਾ ਫੁਰਨਾ ਨਹੀਂ ਉਸ ਨੇ ਤਾਂ ਹੁਕਮ ਮੰਨਣਾ ਹੈ। ਜੋ ਇਸ ਕਰਕੇ ਜੋ ਅਰਦਾਸ ਹੈ -

*ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ॥*
*ਅੰਗ - ੬੭੪*

ਇਹ ਦੋਵੇਂ ਤਰ੍ਹਾਂ ਨਾਲ ਹੈ ਇਕ ਤਾਂ ਗਾ ਕੇ ਪੜ੍ਹ ਲੈਣੀ, ਭਾਵ ਦਾ ਕੋਈ ਪਤਾ ਨਹੀਂ ਕਿ ਇਹ ਗੱਲ ਕਿੱਥੇ ਮੈਂ ਕਹਿ ਬੈਠਿਆ। ਇਕ ਉਹ ਨੇ ਜਿਹੜੇ ਇਹ ਗੱਲ ਕਹਿੰਦੇ ਕੰਬ ਜਾਂਦੇ ਨੇ ਕਿ ਹੈਂ ਗੋਲੇ! ਮੈਂ ਤਾਂ ਗੁਲਾਮ ਬਣਦਾ ਹੀ ਨਹੀਂ, ਮੇਰੀ ਤਾਂ ਆਪਣੀ ਮਰਜ਼ੀ ਹੈ ਚਾਹੇ ਪਾਠ ਕਰਾਂ ਨਾ ਕਰਾਂ, ਨਾਮ ਜਪਾਂ ਨਾ ਜਪਾਂ, ਗੱਲਾਂ-ਬਾਤਾਂ ਮੈਨੂੰ ਸੋਹਣੀਆਂ ਲਗਦੀਆਂ ਨੇ, ਉਧਰ ਨੂੰ ਮੇਰੇ ਮਨ ਦਾ ਉਲਾਰ ਬਹੁਤਾ ਹੈ, ਮੈਂ ਤਾਂ ਗੁਲਾਮ ਬਣ ਨਹੀਂ ਸਕਦਾ। ਸੋ ਜੇ ਗੁਰੂ ਨਾਲ ਇਹ ਸਬੰਧ ਪੈ ਜਾਵੇ -

*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ*
*ਸਭੁ ਜਗੁ ਤੇਰਾ ਹੋਇ ॥ ਅੰਗ - ੧੩੮੨*

ਜੇ ਆਪਣੇ ਆਪ ਨੂੰ ਮਾਰ ਲਵੇ, ਆਪਣਾ ਆਪ ਸਮਰਪਣ ਕਰ ਦੇਵੇ ਗੁਰੂ ਦੇ ਕੋਲ ਮਹਾਰਾਜ ਜੀ ਕਹਿੰਦੇ ਫੇਰ ਵਾਹਿਗੁਰੂ ਦੀ ਪ੍ਰਾਪਤੀ ਉਸੇ ਵੇਲੇ ਹੋ ਜਾਂਦੀ ਹੈ, ਦੇਰ ਨਹੀਂ ਲਗਦੀ, ਬੰਦਾ ਉਸੇ ਵੇਲੇ ਬਦਲ ਜਾਂਦਾ ਹੈ, ਬਹੁਤੀ ਦੇਰ ਨਹੀਂ ਲਗਦੀ। ਜੋ ਕੁਝ ਉਸ ਦੇ ਕੂੜ-ਕਬਾੜ, ਕਰੋੜਾਂ ਪਾਪ ਨੇ, ਬੇਅੰਤ ਕਿਰਮ ਨਾਲ ਲਈਂ ਫਿਰਦਾ ਹੈ ਜਿਹੜੇ ਕਰੋੜਾਂ ਜਨਮਾਂ ਵਿਚ ਭੋਗੇ ਨਹੀਂ ਜਾ ਸਕਦੇ, ਜੇ ਅੱਜ ਤੋਂ ਕਰਮ ਕਰਨੇ ਬੰਦ ਕਰ ਦੇਈਏ ਉਹ ਸਾਰੀ ਦੀ ਸਾਰੀ ਜਿਹੜੀ ਸਖਸ਼ੀਅਤ ਹੈ, ਇਸ ਸਰੀਰ ਦੇ ਅੰਦਰ ਭੂਤ ਵੜਿਆ ਹੋਇਆ ਹੈ, ਜਦੋਂ ਗੁਰੂ ਦੇ ਸਮਰਪਣ ਕਰ ਦੇਈਏ ਸਭ ਕੁਝ ਤਾਂ ਉਹ ਖਾਲੀ ਹੋ ਜਾਂਦਾ ਹੈ। ਖਾਲੀ ਹੋਇਆ ਫੇਰ ਉਹ ਬੰਦਾ ਬਦਲ ਜਾਂਦਾ ਹੈ ਉਹ ਬੰਦਾ ਉਸੇ ਵੇਲੇ ਰੂਹਾਨੀ ਬਣ ਜਾਂਦਾ ਹੈ। ਗੁਰੂ ਦਾ ਬਣ ਜਾਂਦਾ ਹੈ ਉਸ ਦਾ ਆਪਾ ਖਤਮ ਹੋ ਜਾਂਦਾ ਹੈ। ਉਹ ਬੰਦਾ ਫੇਰ ਉਹ ਨਹੀਂ ਰਹਿੰਦਾ। ਪਹਿਲਾਂ ਬੰਦਾ ਇਕ ਦਮ ਖਤਮ ਹੋ ਜਾਂਦਾ ਹੈ ਤੇ ਪ੍ਰਮੇਸ਼ਰ ਉਸ ਦੇ ਵਿਚ ਰਾਜ ਕਰਦਾ ਹੈ, ਪ੍ਰਮੇਸ਼ਰ ਹੀ ਉਸ ਦੇ ਵਿਚ ਸਾਰਾ ਕੰਮ ਕਰਦਾ ਹੈ। ਹੁਣ ਵੀ ਪ੍ਰਮੇਸ਼ਰ ਅੱਖਾਂ ਰਾਹੀਂ ਦੇਖ ਰਿਹਾ ਹੈ, ਕੰਨਾਂ ਰਾਹੀਂ ਸੁਣ ਰਿਹਾ ਹੈ, ਰਸਨਾ ਦੇ ਨਾਲ ਬੋਲ ਰਿਹਾ ਹੈ ਇਹ ਸਭ ਵਾਹਿਗੁਰੂ ਕਰ ਰਿਹਾ ਹੈ ਲੇਕਿਨ ਇਸ ਦੇ ਵਿਚ ਉਸ ਨੇ ਕਿਉਂਕਿ ਆਪਣਾ ਆਪ ਰੱਖਿਆ ਹੋਇਆ ਹੈ ਇਸ ਕਰਕੇ ਉਹ ਕਹਿੰਦਾ ਮੈਂ ਦੇਖ ਰਿਹਾ ਹਾਂ, ਮੈਂ ਤੈਨੂੰ ਦੇਖਿਆ ਸੀ, ਮੈਂ ਤੇਰੀ ਗੱਲ ਸੁਣੀ ਸੀ, ਵਿਚ ਮੈਂ ਲਿਆਉਂਦਾ ਹੈ, ਮੈਂ ਲਿਆਉਣ ਦੇ ਨਾਲ ਵਿਛੜਿਆ ਰਹਿੰਦਾ ਹੈ ਸਿਰਫ 'ਮੈਂ' ਤੇ ਤੂੰ ਦਾ ਝਗੜਾ ਹੈ। 'ਤੂੰ' ਤਾਂ ਹੈ ਸਤਿ 'ਮੈਂ' ਸਤਿ ਨਹੀਂ ਹੈ ਪਰਛਾਵਾਂ ਸਤਿ ਨਹੀਂ ਹੈ ਜੋ ਅਸਲੀ ਬਿੰਬ ਹੈ ਉਹ ਸਤਿ ਹੈ। ਉਸ ਸਤਿ ਨੂੰ ਤਾਂ ਭੁੱਲ ਗਏ ਪਰਛਾਵੇਂ ਨੂੰ ਆਪਣਾ ਆਪ ਮੰਨ ਬੈਠਾ ਤੇ ਕਰੋੜਾਂ ਜਨਮਾਂ ਵਿਚ ਘੁੰਮਦਾ ਫਿਰਦਾ ਹੈ। ਜਦੋਂ ਤੱਕ ਅਸੀਂ ਸਹੀ ਮਾਇਨਿਆਂ ਵਿਚ ਗੁਲਾਮੀ ਦਾ ਅਸਰ ਨਹੀਂ ਸਮਝਦੇ, ਸੱਚਮੁਚ ਨਹੀਂ ਕਹਿੰਦੇ ਕਿ -

*ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ॥*
*ਅੰਗ - ੬੭੪*

ਇਸ ਦਾ ਰਹੱਸ ਸਾਨੂੰ ਸਮਝ ਵਿਚ ਨਹੀਂ ਆ ਸਕਦਾ, ਨਾਮ ਵੀ ਅਸੀਂ ਜਪਦੇ ਹਾਂ। ਕੌਣ ਜਪਦਾ ਹੈਂ? ਸਾਡਾ ਹੰਕਾਰ ਜਪਦਾ, ਸਾਡੀ ਹਉਮੈ ਜਪਦੀ ਹੈ। ਕੀਰਤਨ ਕਰਦੇ ਹਾਂ, ਕੌਣ ਕਰਦਾ ਹੈ? ਸਾਡੀ ਹਉਮੈ ਕਰ ਰਹੀ ਹੈ। ਉਹ ਅਵਸਥਾ ਹੀ ਬਦਲ ਜਾਂਦੀ ਹੈ, ਕੁਝ ਹੋਰ ਹੀ ਹੋ ਜਾਂਦਾ ਹੈ, ਜਿਹੜਾ ਦੱਸਿਆ ਨਹੀਂ ਜਾ ਸਕਦਾ -

*ਕਹੁ ਕਬੀਰ ਗੂੰਗੈ ਗੁੜੁ ਖਾਇਆ*
*ਪੂਛੇ ਤੇ ਕਿਆ ਕਹੀਐ ॥ ਅੰਗ - ੩੩੪*

ਪੁੱਛੇ ਤੋਂ ਦੱਸਿਆ ਨਹੀਂ ਜਾ ਸਕਦਾ, ਉਹੀ ਜਾਣਦਾ ਹੈ ਜਿਸ ਦੇ ਨਾਲ ਇਹ ਵਰਤਦੀ ਹੈ ਕਿਉਂਕਿ ਉਹ ਰੱਬੀ ਪੁਰਸ਼ ਹੁੰਦਾ ਹੈ -

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*
*ਅੰਗ - ੩੯੭*

ਉਸ ਦੇ ਵਿਚ ਦੋ ਨਹੀਂ ਹੁੰਦੇ -

*ਜਬ ਹਮ ਹੋਤੇ ਤਬ ਤੂ ਨਾਹੀ*
*ਅਬ ਤੂਹੀ ਮੈ ਨਾਹੀ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ*
*ਜਲ ਕੇਵਲ ਜਲ ਮਾਂਹੀ ॥*
*ਅੰਗ - ੬੫੭*

ਇਕ ਬਣ ਜਾਂਦਾ ਹੈ। ਸੋ ਇਹ ਸਾਡੇ ਜੀਵਨ ਦਾ ਆਦਰਸ਼ ਹੈ।

**ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ।**

# ਗੁਰ ਕੀ ਪ੍ਰਤੀਤ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ - 8)*

ਇਕ ਕਉਡੀ ਪਿਆਰ ਦੀ ਲੈ ਆਓ, ਭਾਵਨਾ ਦੇ ਨਾਲ ਚਰਨਾਂ ਤੇ ਭੇਟ ਕਰ ਦਿਓ। ਸੁਦਾਮੇ ਨੇ ਕੀ ਭੇਟ ਕਰਿਆ ਸੀ। ਗੁਰੂ ਗ੍ਰੰਥ ਸਾਹਿਬ ਜੀ ਵਿਚ ਸੁਦਾਮੇ ਦਾ ਕਈ ਥਾਵਾਂ ਤੇ ਜ਼ਿਕਰ ਆਇਆ ਹੈ। ਕੁੱਛ ਵੀ ਨਹੀਂ ਸੀ ਉਹਦੇ ਕੋਲ। ਚੌਲ ਸੀਗੇ। ਚਾਰ ਪਦਾਰਥ ਦੇ ਦਿਤੇ ਉਹਦੀ ਭਾਵਨਾ ਦੇਖ ਕੇ। ਪਹਿਲਾਂ ਹੀ ਪਹੁੰਚਾ ਦਿਤੇ। ਜਦੋਂ ਪਿੰਡ ਮੁੜ ਕੇ ਆਇਆ ਆਪਣੇ, ਘਰ ਹੀ ਨਾ ਲੱਭੇ ਉਹਨੂੰ ਆਪਣਾ। ਹੈਰਾਨ ਹੀ ਹੋਈ ਜਾਵੇ ਕਿ ਘਰ ਕਿੱਥੇ ਗਿਆ। ਆਹ ਤਾਂ ਮਹੱਲ ਪਏ ਨੇ, ਆਹ ਤਾਂ ਬੇਅੰਤ ਕੰਮ ਚਲ ਰਿਹਾ ਹੈ। ਉਹਦੀ ਰਹਿਮਤ ਦਾ ਕੋਈ ਪਾਰਾਵਾਰ ਨਹੀਂ। ਸਾਰਿਆਂ ਖਜ਼ਾਨਿਆਂ ਦੀ ਚਾਬੀ ਉਹਦੇ ਹਵਾਲੇ ਕਰ ਦਿੰਦਾ ਹੈ, ਭਾਵਨਾ ਹੋਣੀ ਚਾਹੀਦੀ ਹੈ ਅੰਦਰ। ਭਾਵਨਾ ਤੇ ਪ੍ਰਤੀਤ ਦੋ ਚੀਜ਼ਾਂ ਵੱਡੀਆਂ ਨੇ। ਇਹ ਜਿੰਨਾਂ ਚਿਰ ਸਾਡੇ ਅੰਦਰ ਆਉਂਦੀਆਂ ਨਹੀਂ, ਕੋਈ ਰਾਹ ਨਹੀਂ ਲੱਭਦਾ ਸਾਨੂੰ। ਸਾਖੀਆਂ ਏਸ ਵਾਸਤੇ ਹੁੰਦੀਆਂ ਨੇ ਤਾਂ ਕਿ ਗੱਲ ਸਮਝ ਵਿਚ ਆ ਜਾਵੇ। ਇਕ ਐਸੀ ਧਾਰਮਿਕ ਇਤਿਹਾਸ ਵਿਚ ਸਾਖੀ ਚਲਦੀ ਹੈ ਕਿ ਇਕ ਰਾਜਾ ਉਸ ਦੇ ਉਲਾਦ ਨਹੀਂ ਹੁੰਦੀ। ਬੜੇ ਯਤਨ ਕਰੇ, ਅਖੀਰ ਤਾਂਤਰੀ ਲੋਕ ਆ ਗਏ, ਤੰਤਰ ਵਿਦਿਆ ਦੇ ਮਾਹਰ। ਉਨ੍ਹਾਂ ਨੇ ਰਾਜੇ ਨੂੰ ਭਰਮਾ ਲਿਆ, ਕਿਉਂਕਿ ਲੋੜਵੰਦ ਸੀ, ਉਸ ਕਹਿੰਦੇ ਰਾਜਨ! ਇਹ ਤਾਂ ਕੋਈ ਗੱਲ ਨਹੀਂ ਹੈ, ਆਹ ਦੇਵਤੇ ਦਾ ਮੰਦਰ ਹੈ ਇਥੇ ਸਾਨੂੰ ਸਾਮੱਗਰੀ ਦੇ ਅਸੀਂ ਸਾਧਨਾ ਕਰਦੇ ਹਾਂ ਤੇਰੇ ਪੁੱਤਰ ਹੋ ਜਾਏਗਾ। ਲੱਖਾਂ ਰੁਪਏ ਦੀ ਸਾਮਗਰੀ ਲਿਖਾ ਦਿਤੀ, ਉਥੇ ਰਹਿੰਦੇ ਨੇ, 10-11 ਮਹੀਨੇ ਲੰਘ ਗਏ ਉਸ ਤੋਂ ਬਾਅਦ ਰਾਜੇ ਨੇ ਕਿਹਾ ਕਿ ਕੋਈ ਗੱਲ ਤਾਂ ਹੋਈ ਨਹੀਂ, ਕਹਿੰਦੇ ਗੱਲ ਤਾਂ ਹੋ ਜਾਏਗੀ ਮਹਾਰਾਜ! ਇਹਦੇ ਵਿਚ ਇਕ ਪੁਰਸ਼ ਦੀ ਬਲੀ ਚਾਹੀਦੀ ਹੈ। ਐਸਾ ਪੁਰਸ਼ ਦੱਸ ਦਿਤਾ ਜਿਹੜਾ ਰਾਜੇ ਨੂੰ ਲੱਭੇ ਹੀ ਨਾ। ਕਹਿੰਦੇ, 18 ਸਾਲ ਦਾ ਹੋਵੇ ਲੜਕਾ, ਉਹਦੇ ਮਾਂ-ਬਾਪ ਖੁਸ਼ੀ ਨਾਲ ਉਸਨੂੰ ਵੇਚ ਦੇਣ, ਇਕ ਵੀ ਹੰਝੂ ਨਾ ਸੁੱਟਣ, ਉਹ ਲੜਕਾ ਖੁਸ਼ੀ ਨਾਲ ਬਲੀ ਚੜ੍ਹ ਜਾਏ, ਫੇਰ ਤੇਰੇ ਲੜਕਾ ਹੋ ਸਕਦਾ ਹੈ। ਰਾਜੇ ਨੇ ਢੰਡੋਰਾ ਫਿਰਾ ਦਿਤਾ। ਢੰਡੋਰਾ ਫਿਰਾਇਆ ਹੋਇਆ ਤਾਂ ਇਕ ਪਰਿਵਾਰ ਐਸਾ ਸੀ ਉਨ੍ਹਾਂ ਦੇ ਅੱਠ ਪੁੱਤਰ ਸੀ। ਸੱਤ ਪੁੱਤਰ ਤਾਂ ਕੰਮ ਕਰਨ ਵਾਲੇ ਸੀ, ਅੱਠਵਾਂ ਜਿਹੜਾ ਸੀ ਉਹ ਜਮਾਂਦਰੂ ਹੀ ਨਾ ਬੋਲਦਾ ਸੀ, ਨਾ ਮਾਂ ਨੂੰ ਮਾਂ, ਨਾ ਪਿਉ ਨੂੰ ਪਿਉ, ਨਾ ਭਰਾ ਨੂੰ ਭਰਾ, ਸਾਰਾ ਦਿਨ ਚੁੱਪ ਕਰਕੇ ਬੈਠਾ ਰਹਿੰਦਾ ਸੀ ਬਚਪਨ ਤੋਂ ਹੀ। ਜਿੱਥੇ ਬਹਿ ਗਿਆ ਬਹਿ ਗਿਆ ਰੋਟੀ ਕਿਸੇ ਨੇ ਦੇ ਦਿਤੀ ਖਾ ਲਈ, ਨਾ ਦਿੱਤੀ ਚੁੱਪ ਕਰ ਰਿਹਾ। ਉਨ੍ਹਾਂ ਨੇ ਜਦੋਂ ਢੰਡੋਰਾ ਸੁਣਿਆ ਤਾਂ ਭਰਾਵਾਂ ਨੇ ਕਿਹਾ ਕਿ ਆਹ ਸਾਡੇ ਵਾਧੂ ਹੈ, ਲੱਖਾਂ ਰੁਪਏ ਮਿਲਦੇ ਨੇ ਇਹਦੇ। ਇਹ ਹੁਣ ਕਿਹੜਾ ਸਾਡੇ ਕਿਸੇ ਕੰਮ ਹੈ, ਬਾਹਰ ਹੀ ਬੈਠਾ ਰਹਿੰਦਾ ਹੈ। ਕਿਉਂ ਨਾ ਇਹਨੂੰ ਵੇਚ ਦੇਈਏ। ਮਾਂ ਪਿਓ ਨੂੰ ਰਜ਼ਾਮੰਦ ਕਰ ਲਿਆ। ਉਸ ਵੇਲੇ ਰਾਜੇ ਕੋਲ ਵੇਚ ਦਿਤਾ। ਰਾਜੇ ਨੇ ਲੈ ਲਿਆ, ਇਸ਼ਨਾਨ ਵਗੈਰਾ ਕਰਾਇਆ, ਕੱਪੜੇ ਸੋਹਣੇ ਪਾਏ, ਉਸ ਤੋਂ ਬਾਅਦ ਕਹਿਣ ਲੱਗੇ, ਐ ਲੜਕੇ ਤੇਰੀ ਬਲੀ ਦੇਣੀ ਹੈ ਦੇਵਤੇ ਨੂੰ, ਤੈਨੂੰ ਕੋਈ ਰੰਜ ਤਾਂ ਨਹੀਂ ਹੈ? ਕਹਿੰਦਾ, ਮੈਨੂੰ ਕਾਹਦਾ ਰੰਜ ਹੋਣਾ ਹੈ। ਇਥੇ ਤਾਂ ਜੰਮਦਾ ਮਰਦਾ ਹੀ ਨਹੀਂ ਕੁਛ ਵੀ, ਆਉਂਦਾ ਜਾਂਦਾ ਕੁਛ ਨਹੀਂ, ਇਕ ਆਤਮਾ ਆਪਣਾ ਖੇਲ੍ਹ ਕਰ ਰਹੀ ਹੈ। ਆਤਮਾ ਕਦੇ ਤਿੰਨ ਕਾਲ ਨਾ ਜੰਮੀ ਹੈ ਨਾ ਕਦੇ ਮਰੀ ਹੈ। ਸੋ ਤਰੀਕ ਬੰਨ੍ਹ ਦਿਤੀ ਗਈ। ਉਸ ਦਿਨ ਪੁਛਿਆ ਕਿ ਤੇਰੀ ਕੋਈ ਖਾਸ ਖੁਹਾਇਸ਼ ਹੈ? ਕਹਿਣ ਲੱਗਿਆ, ਰਾਜਨ! ਮੇਰੀ ਖੁਹਾਇਸ਼ ਤਾਂ ਕੋਈ ਨਹੀਂ ਹੈ। ਪਰ ਇਹ ਹੈ ਕਿ ਮੈਂ ਇਸ਼ਨਾਨ ਕਰਕੇ ਢਾਈ ਘੰਟੇ ਆਹ ਤੇਰੇ ਮਹਿਲਾਂ ਦੇ ਪਿਛੇ ਦੀ ਦਰਿਆ ਚਲਦਾ ਹੈ ਇਹ ਕੰਢੇ ਬੈਠਣਾ ਚਾਹੁੰਦਾ ਹਾਂ। ਇਹ ਮੈਨੂੰ ਆਗਿਆ ਦੇ ਦੇ ਤੇ ਤੇਰੀ ਪੁਲਿਸ ਜਿਹੜੀ ਹੈ ਉਹ ਮੇਰੇ ਨੇੜੇ ਨਾ ਹੋਵੇ, ਦੂਰ-ਦੂਰ ਹੋਵੇ। ਇਨ੍ਹਾਂ ਦੀ ਕੋਈ ਆਵਾਜ਼ ਨਾ ਮੈਨੂੰ ਕੋਈ ਸੁਣੇ, ਕਿਸੇ ਬੰਦੇ ਦੀ ਨਾ ਸੁਣੇ। ਢਾਈ ਘੰਟੇ ਬਾਅਦ ਮੈਂ ਆਪੇ ਹੀ ਆ ਜਾਵਾਂਗਾ। ਜਾਂਦਾ ਨਹੀਂ ਕਿਤੇ ਨੱਠਦਾ ਨਹੀਂ। ਇਜਾਜ਼ਤ ਮਿਲ ਗਈ, ਪੁਲਿਸ ਨੂੰ ਕਿਹਾ ਕਿ ਦੂਰ-ਦੂਰ ਹੋ ਜਾਓ ਸਾਰੇ। ਮਹਿਲਾਂ ਦੇ ਵਿਚ ਬੈਠ ਕੇ ਰਾਜਾ ਤੇ ਰਾਣੀ ਦੇਖਣ ਲੱਗ ਗਏ ਕਿ ਇਹ ਕੀ ਕਰਦਾ ਹੈ। ਉਸ ਨੇ ਇਸ਼ਨਾਨ ਕਰਿਆ ਤੇ ਉਸ ਤੋਂ ਬਾਅਦ ਢਾਈ ਘੰਟੇ ਬੈਠ ਕੇ ਨਦੀ ਦੇ ਕਿਨਾਰੇ ਇਕ ਚਿੱਤ ਲਾ ਕੇ, ਪ੍ਰਮੇਸ਼ਰ ਨਾਲ ਮਨ ਜੋੜਿਆ, ਆਤਮ ਚਿੰਤਨ ਕਰਿਆ। ਉਠਿਆ ਉਥੋਂ ਤੇ ਬਰੇਤੀ ਦੇ ਉਤੇ ਚਾਰ ਢੇਰੀਆਂ ਬਣਾ ਲਈਆਂ। ਰਾਜੇ ਨੇ ਦੇਖਿਆ ਕਿ ਢੇਰੀਆਂ ਬਣਾ ਰਿਹਾ ਹੈ। ਉਸ ਤੋਂ ਬਾਅਦ

ਪਹਿਲੀ ਢੇਰੀ ਕੋਲ ਗਿਆ, ਉਥੇ ਕੁਛ ਦੇਰ ਖੜ੍ਹਾ ਰਿਹਾ, ਪੰਜ ਚਾਰ ਮਿੰਟ ਉਥੇ ਖੜ੍ਹ ਕੇ ਲਾਏ ਉਸ ਤੋਂ ਬਾਅਦ ਦੂਸਰੀ ਢੇਰੀ ਕੋਲ ਗਿਆ ਤਾਂ ਉਸ ਤੇ ਜਾਂਦੇ ਹੀ ਲੱਤ ਮਾਰੀ। ਪਹਿਲੀ ਵੀ ਢਾਹ ਦਿਤੀ, ਦੂਸਰੀ ਵੀ ਢਾਹ ਦਿਤੀ, ਤੀਸਰੀ ਵੀ ਢਾਹ ਦਿਤੀ ਜੋ ਚੌਥੀ ਢੇਰੀ ਸੀ ਉਹਦੇ ਕੋਲ ਗਿਆ ਤਾਂ ਨਮਸਕਾਰ ਕੀਤੀ, ਪ੍ਰਕਰਮਾ ਕੀਤੀਆਂ ਪੰਜ, ਬੜੀ ਦੇਰ ਤੱਕ ਅਰਦਾਸ ਦੇ ਵਿਚ ਖੜ੍ਹਾ ਰਿਹਾ, ਉਸ ਤੋਂ ਬਾਅਦ ਉਸ ਨੂੰ ਨਮਸਕਾਰ ਕਰਕੇ ਵਾਪਸ ਤੁਰ ਪਿਆ। ਆਪਣੇ ਥਾਂ ਆ ਗਿਆ, ਰਾਜੇ ਨੇ ਬੁਲਾਇਆ, ਰਾਣੀ ਵੀ ਕੋਲ ਹੈ ਤੇ ਮਨ ਦੇ ਵਿਚ ਜਗਿਆਸਾ ਜਾਗੀ ਕਿ ਇਹ ਕੀ ਗੱਲ ਕਰੀ ਹੈ ਇਸਨੇ ਸਾਨੂੰ ਪਤਾ ਲਗਣਾ ਚਾਹੀਦਾ ਹੈ। ਥੋੜ੍ਹੀ ਦੇਰ ਤੋਂ ਬਾਅਦ ਤਾਂ ਇਹਦੀ ਬਲੀ ਦੇ ਦੇਣੀ ਹੈ, ਫੇਰ ਇਹ ਗੱਲ ਰਹਿ ਜਾਣੀ ਹੈ। ਹੋਵੇ ਨਾ ਤਾਂ ਏਸ ਬੱਚੇ ਨੂੰ ਪੁੱਛੀਏ।

ਬੁਲਾ ਕੇ ਪੁਛਿਆ ਤਾਂ ਬੱਚੇ ਨੇ ਕਿਹਾ ਕਿ ਰਾਜਨ! ਇਹ ਜੋ ਮੈਂ ਕਿਰਿਆ ਕੀਤੀ ਹੈ ਉਹ ਇਹ ਸੀ ਕਿ ਮੈਂ ਪਹਿਲੀ ਢੇਰੀ ਮਾਂ ਬਾਪ ਦੀ ਬਣਾਈ ਕਿਉਂਕਿ ਐਸ ਵੇਲੇ ਨਾ ਮੇਰੀ ਮਾਂ, ਨਾ ਮੇਰਾ ਬਾਪ, ਨਾ ਕੋਈ ਦੇਵਤਾ, ਨਾ ਕੋਈ ਰਾਜਾ, ਕੋਈ ਸੰਸਾਰ ਦੇ ਅੰਦਰ ਵਿਅਕਤੀ ਨਹੀਂ ਹੈ ਜਿਹੜਾ ਮੇਰੀ ਮਦਦ ਕਰ ਦੇਵੇ। ਜਿੰਨੀ ਹੱਦ ਤੋਂ ਜ਼ਿਆਦਾ ਮੁਸ਼ਕਲ ਬਣ ਸਕਦੀ ਹੈ, ਉਹ ਮੇਰੇ ਦੇ ਐਸ ਵੇਲੇ ਬਣੀ ਹੋਈ ਹੈ। ਜਿਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਢੋਈ ਕੋਈ ਦੇਵੇ ਨਾ***
***ਮੁਸ਼ਕਲ ਹੁਣ ਬਹੁਤੀ ਬਣ ਗਈ।***

ਕਹਿਣ ਲੱਗੇ ਰਾਜਨ! ਨਾ ਤਾਂ ਹੁਣ ਕਾਨੂੰਨ ਸਹਾਇਤਾ ਦੇਵੇ, ਨਾ ਕੋਈ ਭਾਈ, ਮਾਂ-ਬਾਪ ਸਾਥ ਦੇਵੇ, ਇਸ ਤੋਂ ਜ਼ਿਆਦਾ ਤਾਂ ਮੁਸ਼ਕਲ ਹੋਇਆ ਨਹੀਂ ਕਰਦੀ। ਤੂੰ ਮੈਨੂੰ ਖਰੀਦ ਲਿਆ। ਆਪਣੇ ਸਵਾਰਥ ਦੇ ਵਾਸਤੇ। ਸੋ ਮੈਂ ਪਹਿਲੀ ਢੇਰੀ ਮਾਂ-ਬਾਪ, ਰਿਸ਼ਤੇਦਾਰਾਂ ਦੀ ਬਣਾਈ ਕਿਉਂਕਿ ਸੰਸਾਰ ਦੇ ਅੰਦਰ ਇਹੀ ਸਬੰਧ ਸਭ ਤੋਂ ਨੇੜੇ ਹੁੰਦੇ ਨੇ, ਮਾਂ-ਬਾਪ ਕੋਈ ਵੀ ਆਪਣੇ ਬੱਚੇ ਨੂੰ ਮਰਨ ਵਾਸਤੇ ਨਹੀਂ ਵੇਚਦਾ। ਦੂਸਰਾ ਜੋ ਭਰਾ ਹੁੰਦੇ ਨੇ, ਬਾਹਾਂ ਹੁੰਦੀਆਂ ਨੇ, ਐਸਾ ਸੁਣਦੇ ਆਏ ਹਾਂ, ਭਰਾ ਨੂੰ ਫੇਰ ਵੀ ਦਰਦ ਆ ਜਾਂਦਾ ਹੈ, ਆਪਣੇ ਨੂੰ ਦਰਦ ਆ ਜਾਂਦਾ ਹੈ।

ਰਾਣਾ ਪ੍ਰਤਾਪ ਇਕੋ ਇਕ ਰਾਜਪੂਤ ਸੀ ਜਿਸਦੇ ਮਨ ਵਿਚ ਸੀ ਕਿ ਭਾਰਤੀ ਕਲਚਰ ਜਿਹੜਾ ਹੈ ਇਸਦਾ ਨਾਸ਼ ਨਹੀਂ ਹੋਣ ਦੇਣਾ, ਬਾਕੀ ਰਾਜਪੂਤਾਂ ਨੇ ਅਕਬਰ ਨੂੰ ਰਿਸ਼ਤੇ ਦੇ ਦਿਤੇ, ਹੋਰ ਆਪਸ ਵਿਚ ਰਿਸ਼ਤੇ ਆਉਣ ਲੱਗ ਗਏ। ਲੇਕਿਨ ਇਕੋ ਕਿ ਰਾਣਾ ਸੀ ਜਿਸਨੇ ਰਿਸ਼ਤਾ ਨਾ ਲਿਆ। ਅਖੀਰ ਇਕ ਲੜਾਈ ਹੁੰਦੀ ਹੈ ਹਲਦੀ ਘਾਟ ਤੇ 13 ਹਜ਼ਾਰ ਰਾਜਪੂਤ ਇਹਦੇ ਨਾਲ ਸੀ, ਓਧਰਲੇ ਪਾਸੇ ਮਾਨ ਸਿੰਘ ਫੌਜਾਂ ਦਾ ਜਰਨੈਲ ਸੀ, ਇਹਦਾ ਰਿਸ਼ਤੇਦਾਰ ਸੀ, ਬਹੁਤ ਸਖਤ ਲੜਾਈ ਹੋਈ। ਕਈ ਵਾਰ ਰਾਣੇ ਨੇ ਮਾਨ ਸਿੰਘ ਦੇ ਹਾਥੀ ਦੇ ਮੱਥੇ ਨਾਲ ਆਪਣਾ ਘੋੜੇ ਦੇ ਪੌੜ ਲਵਾਏ ਤੇ ਹਾਥੀ ਦੇ ਸੁੰਡ ਦੇ ਨਾਲ ਤਲਵਾਰਾਂ ਸੀ ਉਹਨੇ ਵੀ ਆਪਣਾ ਵਾਰ ਕਰਕੇ ਘੋੜਾ ਜ਼ਖਮੀ ਕਰ ਦਿਤਾ। ਜਦੋਂ ਰਾਣੇ ਪ੍ਰਤਾਪ ਨੇ ਦੇਖਿਆ, ਇਕੱਲਾ ਰਹਿ ਗਿਆ, ਫੌਜ ਜੂਝ ਰਹੀ ਹੈ, ਉਸ ਵੇਲੇ ਸਿਆਣਪ ਕਰਕੇ ਜੰਗ ਦੇ ਵਿਚੋਂ ਨਿਕਲਿਆ, ਘੋੜਾ ਨਠਾਇਆ, ਜ਼ਖਮੀ ਹੈ ਖੂਨ ਚਲ ਰਿਹਾ ਹੈ, ਬਹੁਤੀ ਉਮੀਦ ਨਹੀਂ ਕਿ ਐਨੀ ਦੂਰ ਲੈ ਜਾਏਗਾ, ਥੋੜ੍ਹਾ ਜਿਹਾ ਕਿ ਪੰਜ ਦੱਸ ਮੀਲ ਤੇ ਲਿਜਾ ਕੇ ਸ਼ਾਇਦ ਮੈਂ ਸੁਰਖਿਸ਼ਿਤ ਹੋ ਸਕਾਂ। ਦੋ ਮੁਗਲ ਸਰਦਾਰ ਜਰਨੈਲ ਪਿਛੇ ਜਾ ਰਹੇ। ਇਹਦਾ ਭਰਾ ਉਸ ਵੇਲੇ ਸਕਤ ਸਿੰਘ ਅਕਬਰ ਦੀਆਂ ਫੌਜਾਂ ਵੱਲੋਂ ਹੋ ਕੇ ਬੜੇ ਜ਼ੋਰ ਨਾਲ ਲੜਾਈ ਲੜ ਰਿਹਾ ਸੀ, ਉਹਦੀ ਨਿਗ੍ਹਾ 'ਚ ਪੈ ਗਿਆ ਕਿ ਮੇਰਾ ਭਰਾ ਏਸ ਵੇਲੇ ਇਕੱਲਾ ਹੈ ਤੇ ਮੁਗਲ ਸਰਦਾਰ ਪਿੱਛੇ ਨੇ, ਉਨ੍ਹਾਂ ਦੇ ਘੋੜੇ ਵੀ ਤਕੜੇ ਨੇ, ਇਹਦਾ ਘੋੜਾ ਖੂਨ ਚੋਂਦਾ ਜਾਂਦਾ ਹੈ, ਐਨਾ ਜਾ ਨਹੀਂ ਸਕਦਾ, ਉਸੇ ਵੇਲੇ ਘਮਸਾਨ ਦੀ ਲੜਾਈ 'ਚੋਂ ਘੋੜਾ ਉਸਨੇ ਨਠਾਇਆ, ਪਿੱਛੇ ਚਲਿਆ ਤੇ ਦੋਵੇਂ ਮੁਗਲ ਸਰਦਾਰਾਂ ਨੂੰ ਮਾਰ ਦਿਤਾ। ਉਸ ਤੋਂ ਬਾਅਦ ਉਹਨੇ ਅੱਗੇ ਇਕ ਨਾਲਾ ਆਇਆ ਘੋੜਾ ਟਪਾਇਆ ਤੇ ਘੋੜਾ ਜਿਸਦਾ ਨਾਂ ਚੇਤਕ ਸੀ ਗਿਰ ਕੇ ਮਰ ਗਿਆ। ਇਹ ਵੀ ਉਤੋਂ ਗਿਰ ਗਿਆ। ਐਨੇ ਨੂੰ ਇਹਦਾ ਭਰਾ ਸਕਤ ਸਿੰਘ ਪਹੁੰਚ ਗਿਆ, ਉਹਦੇ ਮਨ ਵਿਚ ਖਿਆਲ ਆਇਆ ਕਿ ਇਹ ਮੇਰੇ ਤੇ ਹੁਣ ਵਾਰ ਕਰੇਗਾ, ਪਰ ਉਸ ਨੇ ਵਾਰ ਨਹੀਂ ਕਰਿਆ, ਘੋੜੇ ਤੋਂ ਉਤਰ ਆਇਆ, ਅੱਖਾਂ ਵਿਚੋਂ ਜਲ ਜਾਂਦਾ ਹੈ, ਕਹਿੰਦਾ ਭਰਾ ਯੁੱਧ ਦੇ ਵਿਚ ਤਾਂ ਮੈਂ ਤੇਰੀ ਕੋਈ ਮਦਦ ਨਹੀਂ ਸੀ ਕਰ ਸਕਦਾ, ਪਰ ਹੁਣ ਕਿਉਂਕਿ ਭਰਾ ਹੈਂ ਤੂੰ, ਮੈਂ ਇਹ ਵੀ ਨਹੀਂ ਕਰ ਸਕਦਾ ਕਿ ਮੈਂ ਤੇਰੇ ਨਾਲ ਐਸ ਵੇਲੇ ਲੜਾਂ, ਆਹ ਮੇਰਾ ਘੋੜਾ ਲੈ ਲੈ ਤੇ ਤੂੰ ਬਚ ਜਾ। ਇਕ ਅਣਖ ਵਾਲਾ ਬੰਦਾ ਸਾਡੇ 'ਚੋਂ ਬਚਿਆ ਹੈਂ ਤੇ ਜਾਹ ਆਪਣੇ ਮਿਸ਼ਨ ਨੂੰ ਪੂਰਾ ਕਰ।

ਸੋ ਬੱਚਾ ਕਹਿਣ ਲੱਗਿਆ, ਬਾਦਸ਼ਾਹ! ਭਰਾ ਭਰਾਵਾਂ ਦੇ ਕੰਮ ਆਉਂਦੇ ਨੇ ਸਦਾ। ਲੇਕਿਨ ਮੇਰੇ ਭਰਾਵਾਂ ਨੇ ਤਾਂ ਮੈਨੂੰ ਵੇਚ ਦਿਤਾ। ਸੋ ਮਾਂ ਬਾਪ ਨੇ ਮੈਨੂੰ ਵੇਚ ਦਿਤਾ, ਰਿਸ਼ਤੇਦਾਰ ਕੋਈ ਨਹੀਂ ਬਹੁੜਿਆ ਅੱਜ ਤਕ ਕੋਈ ਹਾਅ ਦਾ ਨਾ ਮਾਰੇ। ਕਹਿਣ ਲੱਗਿਆ ਜੇ ਮੈਂ ਚੁੱਪ ਸੀ ਉਹਦਾ

ਕਾਰਨ ਸੀ। ਮੇਰੀ ਚੁੱਪ ਐਵੇਂ ਨਹੀਂ ਜੀ। ਜੜ੍ਹ ਮੇਰਾ ਨਾਉਂ ਪਿਆ ਹੈ, ਉਹ ਏਸ ਕਰਕੇ ਪਿਆ ਹੈ ਕਿ ਮੈਂ ਇਕ ਜਨਮ ਪਹਿਲਾਂ ਏਸ ਤੋਂ ਹਰਨ ਸੀ, ਓਸ ਤੋਂ ਪਹਿਲਾਂ ਮੈਂ ਇਕ ਜੰਗਲ ਵਿਚ ਰਹਿਣ ਵਾਲਾ ਰਿਸ਼ੀ ਸੀ, ਬੰਦਗੀ ਕੀਤੀ, ਉਚੀਆਂ ਅਵਸਥਾਵਾਂ ਵਿਚ ਮੈਂ ਪਹੁੰਚ ਗਿਆ ਪਰ ਮੈਨੂੰ ਮੋਹ ਵਿਆਪ ਗਿਆ। ਓਸ ਮੋਹ ਨੇ ਮੈਨੂੰ ਮਾਰ ਲਿਆ। ਮੈਂ ਸਭ ਕੁਛ ਛੱਡੀਂ ਬੈਠਾ ਸੀ, ਨਾ ਕਿਸੇ ਘਰ ਦਾ ਨਾ, ਬਾਹਰ ਦਾ, ਮੋਹ ਕਾਹਦਾ ਪੈ ਗਿਆ ਇਕ ਦਿਨ ਭਜਨ ਮੈਂ ਕਰ ਰਿਹਾ ਸੀ, ਇਕ ਦਿਨ ਇਕ ਡਾਰ ਲੰਘੀ ਹਰਨਾਂ ਦੀ, ਉਹਦੇ ਵਿਚੋਂ ਇਕ ਹਰਨ ਵਿਛੁੜ ਕੇ ਮੇਰੇ ਕੋਲ ਆ ਗਿਆ। ਬੱਚਾ ਸੀ ਨਿੱਕਾ ਜਿਹਾ। ਜਦੋਂ ਮੈਂ ਦੇਖਿਆ, ਮੈਨੂੰ ਵੀ ਤਰਸ ਆ ਗਿਆ ਕਿ ਜੇ ਮੈਂ ਇਹਨੂੰ ਨਠਾਇਆ ਇਹਨੂੰ ਇਥੇ ਹੀ ਬਘਿਆੜ ਖਾ ਜਾਣਗੇ, ਸ਼ੇਰ ਖਾ ਜਾਣਗੇ, ਹੋਰ ਜਾਨਵਰ ਖਾ ਜਾਣਗੇ, ਮੈਂ ਪਿਆਰ ਕਰਿਆ ਉਸਨੂੰ, ਗਊ ਸੀ ਮੇਰੇ ਕੋਲ ਦੁੱਧ ਕੱਢਿਆ ਤੇ ਇਹਨੂੰ ਪਿਲਾਉਣਾ ਸ਼ੁਰੂ ਕਰਿਆ, ਅਖੀਰ ਵੱਡਾ ਹੋ ਗਿਆ। ਜਿੱਥੇ ਮੈਂ ਬੈਠਾਂ ਮੇਰੇ ਕੋਲ ਬੈਠੇ, ਨਾਹੁੰਣ ਜਾਵਾਂ ਤਾਂ ਮੇਰੇ ਨਾਲ ਜਾਵੇ, ਬਹੁਤ ਪਿਆਰ ਪੈ ਗਿਆ, ਉਹ ਥੋੜ੍ਹਾ ਜਿਹਾ ਐਧਰ ਓਧਰ ਹੋ ਜਾਏ ਤਾਂ ਮੇਰਾ ਮਨ ਨਾ ਲੱਗੇ, ਇਕ ਦਿਨ ਕੋਈ ਡਾਰ ਆਈ ਤੇ ਉਹਦੇ ਵਿਚ ਨਾਲ ਚਲਿਆ ਗਿਆ, ਮੈਨੂੰ ਪਤਾ ਨਾ ਲੱਗਿਆ ਮੈਂ ਬੜਾ ਜੰਗਲ ਵਿਚ ਟੋਲਿਆ ਕਿ ਕੋਈ ਸ਼ੇਰ ਨਾ ਖਾ ਗਿਆ ਹੋਵੇ ਓਸਨੂੰ ਤੇ ਐਸੀ ਭਾਵਨਾ ਦੇ ਅੰਦਰ ਮੇਰਾ ਅੰਤ ਸਮਾਂ ਆ ਗਿਆ, ਮੇਰੇ ਅੰਤ ਸਮੇਂ ਦੇ ਵਿਚ, ਮਨਸਾ ਮੇਰੀ ਜੋ ਸੀ ਉਹ ਹਰਨ ਦੀ ਹੋਣ ਕਰਕੇ ਮਰਨ ਤੋਂ ਬਾਅਦ ਮੈਨੂੰ ਹਰਨ ਦੀ ਜੋਨੀ ਮਿਲਦੀ, ਮੈਨੂੰ ਪਤਾ ਸੀ ਮੈਨੂੰ ਪਿਛਲੇ ਤਪ ਕਰਕੇ ਗਿਆਨ ਸੀ, ਮੈਂ ਜੂਨੀ ਉਹ ਕੱਟ ਲਈ ਕਿ ਮਾੜਾ ਜਿਹਾ ਮੋਹ ਕਰਨ ਦੇ ਨਾਲ ਕਿੱਡਾ ਵੱਡਾ ਮੈਨੂੰ ਕਸ਼ਟ ਝਲਣਾ ਪਿਆ। ਜਿਹੜੇ ਲੋਕ ਮੋਹ ਵਿਚ ਹੀ ਰਹਿੰਦੇ ਨੇ, ਉਨ੍ਹਾਂ ਦਾ ਕੀ ਹਾਲ ਹੁੰਦਾ ਹੋਏਗਾ।

ਕਹਿਣ ਲੱਗਿਆ, ਰਾਜਨ! ਐਸ ਜਨਮ ਵਿਚ ਮੈਨੂੰ ਜਨਮ ਤੋਂ ਹੀ ਪਤਾ ਸੀ ਕਿ ਮੈਂ ਮੋਹ ਨਹੀਂ ਪਾਉਣਾ, ਇਹ ਸੰਸਾਰ ਦੇ ਸੰਜੋਗਾਂ ਦੇ ਨਾਲ ਮਿਲੇ ਹੋਏ ਸਬੰਧੀ ਨੇ।

*ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥*

*ਅੰਗ - ੭੦੦*

ਅੰਤ ਨਹੀਂ ਕਿਸੇ ਨੇ ਸਹਾਇਤਾ ਕਰਨੀ, ਇਹ ਤਾਂ ਆਪਣੇ ਸੰਜੋਗ, ਕਰਮਾਂ ਦੇ ਵਸ, ਲੈਣ ਦੇਣ ਦੇ ਸਬੰਧ ਦਾ ਪਰਿਵਾਰ ਬਣਿਆ ਹੋਇਆ ਹੈ। ਸੋ ਮੈਂ ਮਸਤ ਰਿਹਾ, ਚੁੱਪ ਰਿਹਾ, ਭਜਨ ਬੰਦਗੀ ਕਰਦਾ ਰਿਹਾ, ਇਨ੍ਹਾਂ ਨੇ ਜੜ੍ਹ ਸਮਝ ਕੇ, ਨਿਕੰਮਾ ਸਮਝ ਕੇ ਮੈਨੂੰ ਵੇਚ ਦਿਤਾ।

ਮੈਂ ਜਦੋਂ ਮਾਂ-ਬਾਪ ਦੀ ਢੇਰੀ ਕੋਲ ਖੜ੍ਹਾ ਹੋਇਆ ਮੈਂ ਸੋਚਿਆ ਕਿ ਆਹ ਪਿਆ ਹੈ? ਬਹੁਤਾ ਮੈਨੂੰ ਪੁੱਛਣ ਦੀ ਲੋੜ ਨਾ ਪਈ ਤੇ ਮੈਂ ਠੇਡਾ ਮਾਰ ਕੇ ਢਾਹ ਦਿਤੀ। ਹੁਣ ਜਿਸਦਾ ਸੰਸਾਰ ਵਿਚ ਕੋਈ ਸਬੰਧੀ ਨਾ ਹੋਵੇ, ਉਹਦਾ ਕਾਨੂੰਨ ਰਾਖਾ ਹੁੰਦਾ ਹੈ, ਓਸ ਕਾਨੂੰਨ ਦਾ ਮਾਲਕ ਤੂੰ ਹੈਂ। ਤੂੰ ਮੈਨੂੰ ਬਿਨਾਂ ਕਿਸੇ ਕਸੂਰ ਤੋਂ ਬਲੀ ਦੇਣਾ ਚਾਹੁੰਦਾ ਹੈਂ, ਆਪਣੇ ਹਿਤ ਵਾਸਤੇ ਤੇ ਮੈਂ ਤੇਰੇ ਤੋਂ ਕੀ ਸਹਾਇਤਾ ਮੰਗਣੀ ਸੀ ਰਾਜਨ! ਤੇਰੀ ਢੇਰੀ ਵੀ ਮੈਂ ਢਾਹ ਦਿਤੀ। ਇਹ ਜਿਹੜੇ ਸਬੰਧੀ ਸੀ ਸਾਰੇ ਨਾ ਰਹੇ, ਇਹ ਤਾਂ ਦੁਸ਼ਮਣ ਬਣ ਗਏ।

***ਧਾਰਨਾ - ਭੈਣਾਂ ਤੇ ਭਾਈ ਜੀ,***
***ਲਾਗੂ ਸਭ ਦੁਸ਼ਮਣ ਬਣ ਗਏ।***

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥*

*ਅੰਗ - ੭੦*

ਸੋ ਰਾਜਨ! ਭਰਾ, ਮਾਂ-ਪਿਓ, ਰਿਸ਼ਤੇਦਾਰ ਸਭ ਦੌੜ ਗਏ। ਮੇਰੀ ਸਹਾਇਤਾ ਵਾਸਤੇ ਇਕ ਵੀ ਨਹੀਂ ਆਇਆ। ਸੋ ਮੈਂ ਤੇਰਾ ਆਸਰਾ ਵੀ ਲੱਤ ਮਾਰ ਕੇ ਭੰਨ ਦਿਤਾ। ਤੀਸਰੀ ਢੇਰੀ ਹੁੰਦੀ ਹੈ ਗੁਪਤ ਸ਼ਕਤੀਆਂ ਦੀ, ਦੇਵੀ ਦੇਵਤਿਆਂ ਦੀ। ਸੋ ਦੇਵਤੇ ਵਾਸਤੇ ਤਾਂ ਮੇਰਾ ਖੂਨ ਹੀ ਤੁਸੀਂ ਬਹਾ ਰਹੇ ਓਂ, ਉਹਦੇ ਕੋਲ ਮੇਰੀ ਕਾਹਦੀ ਅਰਦਾਸ ਹੈ, ਜਿਹੜਾ ਤਿਹਾਇਆ ਹੈ ਮੇਰੇ ਖੂਨ ਦਾ। ਸੋ ਏਸ ਕਰਕੇ ਰਾਜਨ! ਉਹ ਢੇਰੀ ਵੀ ਮੈਂ ਢਾਹ ਦਿਤੀ। ਹੁਣ ਦੁਨੀਆਂ ਦਾ ਕੋਈ ਆਸਰਾ ਨਹੀਂ ਰਿਹਾ।

*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥*

*ਅੰਗ - ੭੦*

ਹੁਣ ਇਕ ਆਸਰਾ ਰਹਿ ਗਿਆ, ਚੌਥੀ ਢੇਰੀ ਪਾਰਬ੍ਰਹਮ ਪ੍ਰਮੇਸ਼ਰ, ਨਿਰੰਕਾਰ, ਅਕਾਲ ਪੁਰਖ ਵਾਹਿਗੁਰੂ ਦੀ ਸੀ। ਜਿਹਦਾ ਸੰਸਾਰ ਦੇ ਅੰਦਰ ਕੋਈ ਨਾ ਹੋਵੇ ਉਹਦਾ ਉਹ ਹੋਇਆ ਕਰਦਾ ਹੈ। ਇਹ ਧੁਰ ਦਰਗਾਹ ਤੋਂ ਬਾਣ ਚੱਲੀ ਆਉਂਦੀ ਹੈ, ਐਸਾ ਫੁਰਮਾਨ ਹੈ -

***ਧਾਰਨਾ - ਜਿਹਦਾ ਰਾਖਾ ਨਾ ਕੋਈ ਜਗ ਤੇ ਹੋਵੇ,***
***ਉਹਦਾ ਰਾਖਾ ਹੁੰਦੈ ਵਾਹਿਗੁਰੂ।***

ਸੰਸਾਰ ਦੇ ਉਤੇ ਹਰੇਕ ਬੰਦੇ ਦਾ ਕੋਈ ਨਾ ਕੋਈ ਆਸਰਾ ਹੈ, ਕੋਈ ਨਾ ਕੋਈ ਸਹਾਰਾ ਹੈ, ਕੋਈ ਨਾ ਕੋਈ ਹਾਅ ਦਾ ਨਾਅਰਾ ਮਾਰਨ ਵਾਲਾ ਹੈ, ਮਹਾਰਾਜ ਕਹਿੰਦੇ

ਜੇ ਕੋਈ ਐਸਾ ਬੰਦਾ ਹੋਵੇ –

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥*
*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥*
*ਅੰਗ – ੭੦*

ਮਸ਼ਹੂਰ ਸਾਖੀ ਆਉਂਦੀ ਹੈ, ਪਾਂਡਵਾਂ ਨੇ ਦਰੋਪਤੀ ਹਾਰ ਦਿਤੀ, ਦੁਰਯੋਧਨ ਬਦਲਾ ਲੈਣਾ ਚਾਹੁੰਦਾ ਸੀ ਉਸ ਤੋਂ। ਬਦਲਾ ਵੀ ਐਸਾ, ਬਹੁਤ ਘਿਨਾਉਣਾ ਬਦਲਾ, ਸਾਰੀ ਸਭਾ 'ਚ ਨਗਨ ਕਰਕੇ ਆਪਣੇ ਬਰਾਬਰ ਬਿਠਾਉਣਾ ਚਾਹੁੰਦਾ ਸੀ। ਹੁਕਮ ਦੇ ਦਿਤਾ ਕਿ ਉਸਨੂੰ ਲੈ ਕੇ ਆਓ, ਜਿਵੇਂ ਵੀ ਹੈ ਓਵੇਂ ਹੀ ਲੈ ਕੇ ਆਓ। ਉਸੇ ਵੇਲੇ ਦੁਸਾਸਣ, ਇਹਦੇ ਨਾਲੋਂ ਵੀ ਉਪਰ ਸੀਗਾ ਤੇ ਉਹਨੇ ਜਾ ਕੇ ਇਸ਼ਨਾਨ ਕਰਨ ਲੱਗੀ, ਇਕ ਧੋਤੀ ਪਹਿਨੀ ਹੋਈ, ਇਕ ਦਮ ਖਿੱਚ ਕੇ ਲੈ ਆਇਆ –

*ਅੰਦਰਿ ਸਭਾ ਦੁਸਾਸਣੈ ਮਥੇਵਾਲ ਦ੍ਰੋਪਤੀ ਆਂਦੀ।*
*ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਦੀ।*
*ਭਾਈ ਗੁਰਦਾਸ ਜੀ, ਵਾਰ 10/8*

ਕੇਸਾਂ ਤੋਂ ਫੜ ਕੇ ਖਿੱਚ ਲਿਆਇਆ। ਫੁਰਮਾਨ ਕਰ ਦਿਤਾ ਸਾਰੇ ਸਿਆਣੇ ਬੰਦੇ ਬੈਠੇ ਨੇ, ਭੀਸ਼ਮ ਪਿਤਾਮਾ ਜੋ ਸਾਰਿਆਂ ਦੇ ਬਜ਼ੁਰਗ ਸੀ, ਦਰੋਣਾਚਾਰੀਆ, ਕ੍ਰਿਪਾ ਚਾਰੀਆ ਗੁਰੂ ਸੀ ਇਨ੍ਹਾਂ ਦਾ, ਸਾਰਿਆਂ ਦੇ ਸਾਮ੍ਹਣੇ ਇਹ ਹੁਕਮ ਦੇ ਦਿਤਾ। ਰਾਜਾ ਅੱਖਾਂ ਤੋਂ ਹੀਣਾ ਸੀ ਉਹ ਵੀ ਸੁਣ ਰਿਹਾ ਸੀ ਕਿ ਇਹ ਕੀ ਕਰ ਰਿਹਾ ਹੈ? ਲੇਕਿਨ ਜ਼ੋਰ ਨਹੀਂ ਚਲ ਰਿਹਾ। ਬੜਾ ਸਮਝਾਇਆ, ਨਹੀਂ ਹਟਿਆ। ਦਰੋਪਤੀ ਨੇ ਵੀ ਬਹੁਤ ਕਿਹਾ, ਨੀਤੀ ਦੇ ਬਚਨ ਕਹੇ। ਕਿਸੇ ਦੀ ਗੱਲ ਨਹੀਂ ਉਸਨੇ ਮੰਨੀ ਤੇ ਉਸ ਨੇ ਉਸ ਵੇਲੇ ਪੰਜੇ ਪਾਂਡਵਾਂ ਵਲ ਝਾਕਿਆ ਕਿ ਇਹ ਤਾਂ ਮਹਾਂਬਲੀ ਨੇ ਇਨ੍ਹਾਂ ਦੇ ਹੁੰਦੇ ਕੌਣ ਹੈ ਦੁਨੀਆਂ ਦੇ ਅੰਦਰ ਜੋ ਮੇਰੀ ਪੱਤ ਲਾਹ ਦੇਵੇ। ਜਦੋਂ ਇਕੱਲੇ-ਇਕੱਲੇ ਵਲ ਦੇਖਿਆ, ਭੀਮ ਵਲ ਦੇਖਿਆ, ਉਸ ਨੇ ਨੀਵੀਂ ਪਾ ਲਈ, ਅਰਜਨ ਵਲ ਦੇਖਿਆ ਉਸਨੇ ਨੀਵੀਂ ਪਾ ਲਈ, ਗੁਲਾਮ ਹੋਏ ਬੈਠੇ ਦੇਖਦੇ ਨੇ –

*ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨ੍ਹਾਂ ਦੀ।*
*ਭਾਈ ਗੁਰਦਾਸ ਜੀ, ਵਾਰ 10/8*

ਐਨੇ ਨੂੰ ਦੁਸਾਸਣ ਨੇ ਆ ਕੇ ਝਟਕਾ ਮਾਰਿਆ ਅੱਧੀ ਧੋਤੀ ਲਹਿ ਗਈ, ਅੱਧੀ ਰਹਿ ਗਈ ਜਦੋਂ ਕੁਛ ਨਾ ਚਾਰਾ ਚਲਿਆ, ਤਾਂ ਉਸ ਵੇਲੇ ਆਵਾਜ਼ ਮਾਰੀ ਹੇ ਪ੍ਰਭੂ! ਹੁਣ ਮੇਰਾ ਕੋਈ ਨਹੀਂ ਹੈ, ਮੇਰਾ ਰਾਖਾ ਤੂੰ ਹੀ ਹੈਂ।

*ਅਖੀ ਮੀਟਿ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ।*
*ਭਾਈ ਗੁਰਦਾਸ ਜੀ, ਵਾਰ 10/8*

ਮਹਾਰਾਜ ਕਹਿੰਦੇ ਨਾਮ ਦੀ ਸ਼ਕਤੀ ਦੇ ਉਤੇ ਵਿਸ਼ਵਾਸ਼ ਆ ਗਿਆ ਓਸਨੂੰ। ਨਾਮ ਦੇ ਮਾਲਕ ਨੂੰ ਆਵਾਜ਼ ਦੇ ਦਿਤੀ, ਹੋਇਆ ਕੀ? ਕਹਿੰਦੇ –

*ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ॥*
*ਭਾਈ ਗੁਰਦਾਸ ਜੀ, ਵਾਰ 10/8*

ਦਸਮ ਗ੍ਰੰਥ ਵਿਚ ਲਿਖਿਆ ਹੋਇਆ ਹੈ ਕਿ ਸੱਤ ਦਿਨ ਸੱਤ ਰਾਤਾਂ ਲਗਾਤਾਰ ਕਪੜਾ ਲਾਹੀ ਗਏ। ਉਡੀਕ 'ਚ ਸੀ ਕਿ ਕਿੰਨਾ ਕੁ ਆ ਜਾਏਗਾ, ਕਿਤੇ ਤਾਂ ਅੰਤ ਆਏਗਾ ਹੀ, ਅਖੀਰ ਦੋਵੇਂ ਭਰਾ ਬੇਹੋਸ਼ ਹੋ ਕੇ ਗਿਰ ਗਏ। ਹੱਥ ਮਰੋੜਦੇ ਨੇ, ਸਿਰ ਹਿਲਾਉਂਦੇ ਨੇ ਕਿ ਕੁਛ ਨਹੀਂ ਹੋਇਆ।

*ਹਥ ਮਰੋੜਨਿ ਸਿਰੁ ਧੁਣਨਿ*
*ਪਛੋਤਾਨਿ ਕਰਨਿ ਜਾਹਿ ਜਾਂਦੀ।*
*ਭਾਈ ਗੁਰਦਾਸ ਜੀ, ਵਾਰ 10/8*

ਛੱਡ ਦਿਤੀ। ਘਰ ਆਈ ਤਾਂ ਕ੍ਰਿਸ਼ਨ ਮਹਾਰਾਜ ਆਏ ਹੋਏ ਨੇ –

*ਘਰਿ ਆਈ ਠਾਕੁਰ ਮਿਲੈ ਪੈਜ ਰਹੀ ਬੋਲੇ ਸ਼ਰਮਾਂਦੀ।*
*ਭਾਈ ਗੁਰਦਾਸ ਜੀ, ਵਾਰ 10/8*

ਕਹਿੰਦੇ ਦਰੋਪਤੀ, ਕੀ ਹਾਲ ਰਿਹਾ? ਕਹਿੰਦੀ ਮਹਾਰਾਜ ਪੈਜ ਰਹਿ ਗਈ। ਮਹਾਰਾਜ! ਤੁਸੀਂ ਵੀ ਮਸਾਂ ਹੀ ਬੋਹੜੇ। ਕਹਿਣ ਲੱਗੇ, ਦਰੋਪਤੀ! ਤੂੰ ਆਪੇ ਹੀ ਦੇਖ, ਤੂੰ ਮੈਨੂੰ ਕਿਹੜੇ ਵੇਲੇ ਹਾਕ ਮਾਰੀ ਹੈ, ਜਦੋਂ ਕੋਈ ਚਾਰਾ ਨਹੀਂ ਰਿਹਾ, ਇੱਕ ਝਟਕੇ ਨੂੰ ਕਿੰਨਾ ਸਮਾਂ ਲਗਦਾ ਹੈ, ਇਕ ਛਿਨ ਲਗਣਾ ਸੀ, ਇਕ ਛਿਨ ਦੇ ਵਿਚ ਤੂੰ ਮੈਨੂੰ ਆਵਾਜ਼ ਮਾਰੀ, ਕਿਉਂਕਿ –

*ਨਾਥ ਅਨਾਥਾਂ ਬਾਣਿ ਧੁਰਾਂਦੀ॥*
*ਭਾਈ ਗੁਰਦਾਸ ਜੀ, ਵਾਰ 10/8*

ਜਿਹਦਾ ਕੋਈ ਸੰਸਾਰ 'ਚ ਨਾ ਹੋਵੇ, ਉਹਦੀ ਰਾਖੀ ਵਾਸਤੇ ਮੈਨੂੰ ਆਉਣਾ ਪੈਂਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਲੜਕਾ ਕਹਿਣ ਲੱਗਿਆ ਕਿ ਰਾਜਨ! ਜਿਹਦਾ ਸੰਸਾਰ ਤੇ ਕੋਈ ਨਾ ਹੋਵੇ ਉਹਦਾ ਪ੍ਰਮੇਸ਼ਰ ਹੁੰਦਾ ਹੈ। ਸੋ ਮੈਂ ਪ੍ਰਮੇਸ਼ਰ ਦੀ ਢੇਰੀ ਰੱਖ ਕੇ ਇਕ ਮਨ ਇਕ ਚਿੱਤ ਹੋ ਕੇ ਉਹਦੇ ਚਰਨਾਂ 'ਚ ਅਰਦਾਸ ਕਰੀ-

*ਧਾਰਨਾ - ਹੋਰ ਸਾਰੀਆਂ ਢੇਰੀਆਂ ਢਾਹ ਕੇ,*
*ਤੇਰੀ ਆਸ ਰੱਖੀ ਮਾਲਕਾ।*

ਸੋ ਰਾਜਨ! ਸੰਸਾਰ ਦਾ ਮਾਲਕ, ਜੋ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਆਸਰਿਆਂ ਦਾ ਆਸਰਾ ਹੈ, ਮੈਂ ਉਹਦੇ ਕੋਲ ਅਰਦਾਸ ਕਰਕੇ ਪੰਜ ਪ੍ਰਕਰਮਾ ਕਰੀਆਂ ਤੇ ਨਮਸਕਾਰ ਕੀਤੀ ਤੇ ਮੈਂ ਤੁਹਾਡੇ ਵਲ ਨੂੰ ਆ ਗਿਆ, ਇਹ ਹੈ ਮੇਰੀ ਕਹਾਣੀ।

ਸੁਣਦੇ-ਸੁਣਦੇ ਪ੍ਰਮੇਸ਼ਰ ਨੇ ਐਸੀ ਪ੍ਰੇਰਨਾ ਕਰੀ ਕਿ ਰਾਜੇ ਦੇ ਨੇਤਰਾਂ 'ਚੋਂ ਵੀ ਜਲ ਆ ਰਿਹਾ ਹੈ, ਰਾਣੀ ਦੇ ਵੀ ਆ ਰਿਹਾ ਹੈ। ਦੋਵੇਂ ਉਠ ਕੇ ਚਲੇ ਗਏ। ਰਾਜਾ ਕਹਿਣ ਲੱਗਿਆ, ਰਾਣੀ ਸਾਹਿਬਾ! ਇਕ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਜੇ ਤੁਸੀਂ ਮੰਨ ਲਓ। ਕਹਿੰਦੀ ਦੱਸੋ? ਕਹਿੰਦਾ, ਦੇਖੋ ਬਲੀ ਦੇ ਦੇਵਾਂਗਾ, ਕੀ ਪਤਾ ਫੇਰ ਨਾ ਹੋਵੇ ਨਾ ਹੋਵੇ, ਜੇ ਹੋ ਗਿਆ ਕਿਹੋ ਜਿਹਾ ਹੋਵੇ, ਕਿਉਂ ਨਾ ਆਪਾਂ ਇਸੇ ਨੂੰ ਰਾਜਕੁਮਾਰ ਗੋਦ ਲੈ ਲਈਏ। ਕਹਿਣ ਲੱਗੀ, ਮੈਂ ਵੀ ਇਹੀ ਖਿਆਲ ਕਰਦੀ ਹਾਂ। ਸੋ ਵਾਹਿਗੁਰੂ ਨੇ ਰਾਖੀ ਕਰੀ।

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥*
*ਜਹ ਜਹ ਕਾਜ ਕਿਰਤਿ ਸੇਵਕ ਕੀ*
*ਤਹਾ ਤਹਾ ਉਠਿ ਧਾਵੈ ॥ ਅੰਗ - ੪੦੩*

ਬੜੀ ਖੁਸ਼ੀ ਹੋਈ, ਰਿਆਇਆ ਵਿਚ ਬੜੀ ਖੁਸ਼ੀ ਹੋਈ। ਰਾਜਗੱਦੀ ਦੇਣ ਲੱਗੇ, ਲੜਕਾ ਕਹਿਣ ਲੱਗਿਆ, ਰਾਜਨ! ਮੈਂ ਰਾਜ ਲੈਣ ਨਹੀਂ ਆਇਆ, ਮੈਂ ਤਾਂ ਆਹ ਜਨਮ ਜਿਹੜਾ ਹੈ, ਜਿਹੜੀ ਮੈਂ ਪਿਛਲੇ ਜਨਮ ਵਿਚ ਗਲਤੀ ਕਰੀ ਉਹਨੂੰ ਸਵਾਰਨ ਵਾਸਤੇ ਆਇਆ ਹਾਂ, ਤੁਸੀਂ ਭਰੋਸਾ ਰੱਖੋ, ਦੱਸ ਮਹੀਨੇ ਤੋਂ ਬਾਅਦ ਤੁਹਾਨੂੰ ਪ੍ਰਮੇਸ਼ਰ ਇਕ ਪੁੱਤਰ ਦੇਵੇਗਾ ਤੇ ਉਹਨੂੰ ਰਾਜ ਗੱਦੀ ਤੇ ਬਿਠਾਉਣਾ। ਮੈਂ ਤਾਂ ਆਤਮ ਚਿੰਤਨ ਕਰਨਾ ਹੈ, ਪ੍ਰਭੂ ਦੇ ਨਾਲ ਮਿਲਾਪ ਕਰਨਾ ਹੈ। ਐਨਾ ਕਹਿ ਕੇ ਚਲਿਆ ਗਿਆ, ਬਹੁਤ ਵੱਡਾ ਰਿਸ਼ੀ ਹੋਇਆ, ਜਿਸਨੂੰ ਜੜ੍ਹ ਭਰਤ ਕਹਿੰਦੇ ਨੇ।

ਬੇਅੰਤ ਉਹਦੀਆਂ ਕਥਾਵਾਂ ਨੇ। ਬਹੁਤ ਵਿਸ਼ਾਲ ਉਸਦਾ ਗਿਆਨ ਜਿਹੜਾ ਮਹਾਂਪੁਰਸ਼ਾਂ ਤੋਂ ਸੁਣਦੇ ਹਾਂ। ਆਤਮ ਗਿਆਨ ਹੈ, ਉਨ੍ਹਾਂ ਦੇ ਬਚਨ ਇਕ ਵਾਰੀ ਪੜ੍ਹ ਲਓ, ਗਿਆਨ ਹੋ ਜਾਂਦਾ ਹੈ ਅੰਦਰ, ਪ੍ਰਕਾਸ਼ ਹੋ ਜਾਂਦਾ ਹੈ। ਸੋ ਇਹ ਪ੍ਰਮੇਸ਼ਰ ਦੀ ਲੀਲਾ ਹੈ, ਜਿਹੜਾ ਉਹਨੂੰ ਯਾਦ ਕਰਦਾ ਹੈ, ਉਹਦਾ ਰਾਖਾ ਹੋ ਜਾਂਦਾ ਹੈ, ਉਹਦਾ ਹੱਥ ਜਿਹੜਾ ਵੱਡਾ ਹੈ, ਉਹਦੇ ਸਿਰ ਤੇ ਹੋ ਜਾਂਦਾ ਹੈ।

ਕਈ ਪ੍ਰੇਮੀਆਂ ਦੇ ਮਨਾਂ ਵਿਚ ਇਹ ਖਿਆਲ ਆਏਗਾ ਕਿ ਜੇ ਇਸ ਤਰ੍ਹਾਂ ਸੀ ਤਾਂ ਭਾਈ ਮਨੀ ਸਿੰਘ ਦੀ ਰਾਖੀ ਕਿਉਂ ਨਾ ਕਰੀ, ਭਾਈ ਤਾਰੂ ਸਿੰਘ ਨੂੰ ਕਿਉਂ ਨਾ ਰੱਖਿਆ। ਅਨੇਕਾਂ ਗੁਰਸਿੱਖਾਂ ਨੇ ਬੜੀਆਂ ਤਕਲੀਫਾਂ ਉਠਾਈਆਂ, ਉਨ੍ਹਾਂ ਦੀ ਰਾਖੀ ਕਿਉਂ ਨਾ ਹੋਈ। ਇਹ ਸਵਾਲ ਕੁਦਰਤੀ ਹੈ, ਸਾਡੇ ਮਨ 'ਚ ਕੀ, ਹਰੇਕ ਦੇ ਮਨ ਵਿਚ ਆਉਂਦਾ ਹੈ। ਉਹ ਇਹ ਹੈ ਕਿ ਸਾਧਸੰਗਤ ਜੀ! ਇਹ ਜਿਹੜੀਆਂ ਕੁਰਬਾਨੀਆਂ ਸੀ, ਇਹ ਹੋਰ ਚੀਜ਼ ਸੀ, ਇਹ ਸਾਰੀਆਂ ਮੁਕਤ ਆਤਮਾਵਾਂ ਸੀ, ਇਕ ਕੌਤਕ ਕਰਨ ਵਾਸਤੇ ਸੰਸਾਰ ਤੇ ਆਈਆਂ ਸੀ, ਮੌਤ ਤੋਂ ਪਾਰ ਹੋ ਚੁੱਕੇ ਸੀ। ਜੀਵਨ ਤੇ ਮੌਤ ਦਾ ਭੇਤ ਜੋ ਹੈ ਉਸਨੂੰ ਗਵਾ ਚੁੱਕੇ ਸੀ। ਉਨ੍ਹਾਂ ਨੇ ਕੋਈ ਅਰਦਾਸ ਨਹੀਂ ਕਰੀ ਕਿ ਵਾਹਿਗੁਰੂ ਸਾਨੂੰ ਰੱਖ, ਜੇ ਅਰਦਾਸ ਕਰੀ ਹੈ ਤਾਂ ਭਾਈ ਤਾਰੂ ਸਿੰਘ ਨੇ ਕਿਹਾ ਸੱਚੇ ਪਾਤਸ਼ਾਹ! ਕੇਸਾਂ ਤੇ ਸੁਆਸਾਂ ਨਾਲ ਨਿਬਾਹ ਦੇਵੀਂ ਮੇਰੀ। ਇਹ ਨਹੀਂ ਕਿਹਾ ਕਿ ਇਹਦੀਆਂ ਰੰਬੀਆਂ ਖੁਲ੍ਹੀਆਂ ਕਰ ਦੇ। ਉਹ ਚਾਹੁੰਦੇ ਨਹੀਂ ਕਿਉਂਕਿ ਐਸੀ ਅਵਸਥਾ ਗੁਰੂ ਨਾਨਕ ਨੇ ਗੁਰਸਿੱਖਾਂ ਦੇ ਅੰਦਰ ਪੈਦਾ ਕਰ ਦਿਤੀ ਕਿ ਉਡੀਕਦੇ ਨੇ ਕਿ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*
*ਅੰਗ - ੧੩੬੫*

ਉਸ ਤੋਂ ਬਾਅਦ ਪੂਰਨ ਅਨੰਦ ਆਉਂਦਾ ਹੈ, ਏਸ ਕਰਕੇ ਇਹ ਸਵਾਲ ਨਹੀਂ ਪੈਦਾ ਹੁੰਦਾ ਕਿਉਂਕਿ ਕਿਸੇ ਨੇ ਵੀ ਅਰਦਾਸ ਕਰੀ, ਅਰਦਾਸ ਤਾਂ ਇਹੀ ਕਰੀ ਹੈ ਕਿ ਮੇਰੀ ਨਿਭ ਜਾਵੇ ਤੇਰੇ ਨਾਲ। ਪੀਰਾਂ ਤੇ ਮੁਰੀਦਾਂ ਦੀ ਪ੍ਰੀਤ ਨਿਭਿਆ ਕਰਦੀ ਹੈ ਇਸੇ ਤਰ੍ਹਾਂ ਉਹਦੀ ਰਜ਼ਾ ਵਿਚ ਚੱਲ ਕੇ।

ਸੋ ਇਸ ਤਰ੍ਹਾਂ ਦੇ ਨਾਲ ਅੱਜ ਭਾਈ ਛੱਜੂ ਜੀ ਅਰਦਾਸ ਕਰ ਰਹੇ ਨੇ, ਗੁਰੂ ਪੰਜਵੇਂ ਪਾਤਸ਼ਾਹ ਦੇ ਚਰਨਾਂ 'ਚ। ਹੇ ਪ੍ਰਭੂ! -

*ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਅ॥*
*ਅੰਗ - ੬੨੫*

ਓਧਰ ਭਾਈ ਜਮਾਲ ਬੈਠਾ ਹੈ ਅੱਖਾਂ ਮੀਚੀ, ਉਹ ਵੀ ਆਪਣੇ ਮਨ 'ਚ ਕੋਈ ਨਾ ਕੋਈ ਅਰਦਾਸ ਕਰਦਾ ਹੀ ਹੋਣਾ। ਐਨੇ ਨੂੰ ਹੁਕਮ ਹੋ ਗਿਆ ਕਿ ਭਾਈ, ਦੋਵੇਂ ਜਣੇ ਤਿਆਰ ਹੋ ਕੇ ਆ ਜਾਓ, ਤੇਲ ਦੀ ਕੜਾਹੀ ਉਬਲ ਰਹੀ ਹੈ, ਨਵਾਬ ਕਹਿਣ ਲੱਗਿਆ ਕਿ ਮੈਂ ਖੁਦਾ ਤੋਂ ਫੈਸਲਾ ਲੈਣਾ ਹੈ, ਏਸ ਕਰਕੇ ਆਹ ਮੈਂ ਰੁਪਈਏ ਦੋ ਸੁੱਟ ਰਿਹਾ ਹਾਂ, ਭਾਈ ਜਮਾਲ ਇਕ ਤੂੰ ਕੱਢਣਾ ਹੈ ਤੇ ਇਕ ਭਾਈ ਛੱਜੂ

ਜੀ ਤੂੰ ਕੱਢਣਾ ਹੈ। ਇਕ ਮਿੰਟ ਤੁਹਾਨੂੰ ਮੈਂ ਦਿੰਦਾ ਹਾਂ, ਆਪਣੇ ਅੱਲਾਹ ਤਾਲਾ ਨੂੰ, ਆਪਣੇ ਪੀਰ ਨੂੰ, ਆਪਣੇ ਗੁਰੂ ਨੂੰ ਧਿਆ ਲਓ। ਉਸ ਤੋਂ ਬਾਅਦ ਆਵਾਜ਼ ਹੋਏਗੀ, ਉਸ ਵੇਲੇ ਤੁਹਾਨੂੰ ਦੋਹਾਂ ਨੂੰ ਹੱਥ ਪਾਉਣਾ ਪਵੇਗਾ।

ਉਸ ਵੇਲੇ ਚਿੱਤ ਇਕਾਗਰ ਕਰਕੇ ਭਾਈ ਛੱਜੂ ਜੀ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਦੇ ਚਰਨਾਂ 'ਚ ਅਰਦਾਸ ਕਰਦੇ ਨੇ –

***ਧਾਰਨਾ – ਜਿਵੇਂ ਰੱਖੀ ਸੀ ਦਰੋਪਤੀ ਆ ਕੇ,***
***ਐਵੇਂ ਮੇਰੀ ਲਾਜ ਰੱਖ ਲੈ।***

ਪਾਤਸ਼ਾਹ! ਮੈਂ ਚਾਹੇ ਝੂਠਾ ਹਾਂ, ਚਾਹੇ ਸੱਚਾ ਹਾਂ ਜੇ ਐਸ ਵੇਲੇ ਮੇਰੀ ਲਾਜ ਨਾ ਰੱਖੀ ਪਾਤਸ਼ਾਹ! ਸਾਰੇ ਸਿੱਖ ਝੂਠੇ ਕਹੇ ਜਾਣਗੇ, ਕਿਸੇ ਨੇ ਇਤਬਾਰ ਨਹੀਂ ਕਰਨਾ, ਤੂੰ ਜਾਣਦਾ ਹੈਂ ਪਾਤਸ਼ਾਹ! ਮੇਰੇ ਮਨ ਵਿਚ ਕੋਈ ਗੱਲ ਨਹੀਂ। ਕ੍ਰਿਪਾ ਕਰ। ਉਸ ਨੇ ਵੀ ਅਰਦਾਸਾਂ ਕਰੀਆਂ, ਦੋਹਾਂ ਨੇ ਜਦੋਂ ਹੱਥ ਪਾਇਆ ਤਾਂ ਭਾਈ ਛੱਜੂ ਨੂੰ ਤਾਂ ਐਉਂ ਲੱਗਿਆ ਜਿਵੇਂ ਠੰਢੇ ਪਾਣੀ ਵਿਚ ਹੱਥ ਪਾਇਆ ਹੋਵੇ ਇਹਨੇ ਤੇ ਰੁਪਿਆ ਕੱਢ ਲਿਆ। ਉਹਨੇ ਜਦੋਂ ਹੱਥ ਪਾਇਆ ਤਾਂ ਅਜੇ ਉਂਗਲੀਆਂ ਹੀ ਪਾਈਆਂ ਸੀ ਤੇ ਉਸੇ ਵੇਲੇ ਜਲ ਗਈਆਂ, ਚੀਕ ਮਾਰ ਕੇ ਹੱਥ ਦੂਰ ਕਰ ਲਿਆ, ਰੋਣ ਲਗ ਗਿਆ। ਨਵਾਬ ਕਹਿਣ ਲੱਗਿਆ, ਜਮਾਲ ਰੋ ਨਾ। ਕਿਉਂ ਰੋਂਦਾ ਹੈ ਭਾਈ? ਕਹਿਣ ਲੱਗਿਆ, ਮੈਂ ਸੱਚਾ ਸੀ ਮੈਨੂੰ ਖੁਦਾ ਨੇ ਝੂਠਾ ਕਰ ਦਿਤਾ ਮੈਂ ਏਸ ਗੱਲ ਤੇ ਰੋਂਦਾ ਹਾਂ। ਇਹ ਝੂਠਾ ਸੀ ਤੇ ਖੁਦਾ ਨੇ ਇਹਨੂੰ ਸੱਚਾ ਕਰ ਦਿਤਾ, ਮੇਰੀ ਸਮਝ ਤੋਂ ਬਾਹਰ ਗੱਲ ਹੈ। ਮੈਂ ਪੰਜ ਸੌ ਮੋਹਰ ਦੇ ਕੇ ਗਿਆ ਹਾਂ ਇਹਨੂੰ। ਕਹਿਣ ਲੱਗਿਆ, ਹੁਣ ਤਾਂ ਕੁਛ ਨਹੀਂ ਹੋ ਸਕਦਾ ਕਿਉਂਕਿ ਹੁਣ ਫੈਸਲਾ ਖੁਦਾ ਤੇ ਛੱਡ ਦਿਤਾ, ਜੇ ਖੁਦਾ ਨੇ ਹੀ ਤੈਨੂੰ ਝੂਠਾ ਕਰ ਦਿਤਾ, ਮੈਂ ਤਾਂ ਹੁਣ ਸੱਚਾ ਨਹੀਂ ਕਰ ਸਕਦਾ। ਏਸ ਕਰਕੇ ਤੁਹਾਡਾ ਮੁਕੱਦਮਾ ਖਾਰਜ।

ਭਾਈ ਛੱਜੂ ਨੂੰ ਲੋਕ ਵਧਾਈਆਂ ਦਿੰਦੇ ਨੇ, ਲੇਕਿਨ ਭਾਈ ਛੱਜੂ ਖੁਸ਼ ਨਹੀਂ ਹੋਇਆ, ਅੰਦਰ ਇਹ ਹੈ ਕਿ ਹੋ ਸਕਦਾ ਹੈ ਇਹ ਸੱਚਾ ਹੋਵੇ, ਮੈਂ ਭੁੱਲ ਗਿਆ ਹੋਵਾਂ। ਪਰ ਅੰਦਰੋਂ ਸ਼ੁਕਰ ਵਿਚ ਹੈ ਕਿ ਹੇ ਮਹਾਰਾਜ! ਸਤਿਗੁਰੂ! ਤੂੰ ਮੇਰੀ ਲਾਜ ਰੱਖ ਲਈ, ਮੇਰੀ ਹੀ ਨਹੀਂ ਰੱਖੀ, ਸਾਰੇ ਸਿੱਖਾਂ ਦੀ ਰੱਖ ਲਈ। ਨਹੀਂ ਅੱਜ ਸਿੱਖ ਝੂਠੇ ਹੋ ਜਾਣੇ ਸੀ। ਅੱਜ ਤੱਕ ਇਹ ਹੈ ਕਿ ਸਿੱਖ ਕਦੇ ਝੂਠ ਨਹੀਂ ਬੋਲਦਾ। ਸੱਚ ਬੋਲਦਾ ਹੈ, ਇਹ ਮੌਤ ਤੋਂ ਨਹੀਂ ਡਰਦਾ, ਇਹ ਚੰਗੇ ਨੇਕ ਕੰਮ ਕਰਦਾ ਹੈ, ਮਾੜੇ ਕੰਮ ਦੇ ਨੇੜੇ ਨਹੀਂ ਜਾਂਦਾ, ਪਰਇਸਤ੍ਰੀਆਂ ਵਲ ਨਿਗ੍ਹਾ ਨਹੀਂ ਕਰਦਾ, ਪਰਇਸਤ੍ਰੀ ਦੇ ਨੇੜੇ ਨਹੀਂ ਜਾਂਦਾ, ਇਹ ਖੂਬੀਆਂ ਨੇ ਸਿੱਖਾਂ ਦੇ ਅੰਦਰ ਤੇ ਨਹੀਂ ਤਾਂ ਪਾਤਸ਼ਾਹ ਅੱਜ ਬਦਨਾਮ ਹੋ ਜਾਣਾ ਸੀ।

ਘਰ ਚਲਿਆ ਗਿਆ, ਦੂਸਰੇ ਦਿਨ ਦੀਵਾਲੀ ਸੀ, ਕਹਿਣ ਲੱਗਿਆ, ਸਮਾਨ ਸਾਰਾ ਬਾਹਰ ਕੱਢੋ ਤੇ ਸਫਾਈ ਕਰੋ। ਸਫੈਦੀਆਂ ਹੋਣ ਲੱਗ ਗਈਆਂ, ਸਮਾਨ ਚੁੱਕੀ ਜਾਂਦੇ ਨੇ, ਬਾਹਰ ਕੱਢਦੇ ਨੇ, ਜਦੋਂ ਗੱਦੀ ਚੁੱਕੀ, ਜੋ ਵਿਛਿਆ ਹੋਇਆ ਸੀ ਹੇਠਾਂ ਕਾਰਪੈਟ ਜਿਹਾ ਛੋਟਾ ਜਿਹਾ, ਕੀ ਦੇਖਦੇ ਨੇ ਧਰਤੀ ਦੇ ਨਾਲ ਲੱਗੀ ਹੋਈ ਇਕ ਢਿੱਲੀ ਜਿਹੀ ਪੋਟਲੀ ਪਈ ਹੈ ਤੇ ਮੋਹਰਾਂ ਪਈਆਂ ਨੇ ਥੱਲੇ। ਸਾਰੇ ਹੈਰਾਨ ਹੋ ਗਏ ਕਿ ਮੋਹਰਾਂ ਤਾਂ ਇਥੇ ਹੀ ਪਈਆਂ ਸੀ। ਭਾਈ ਛੱਜੂ ਨੂੰ ਦੱਸਿਆ ਕਿ ਮੋਹਰਾਂ ਤਾਂ ਇਥੇ ਪਈਆਂ ਨੇ, ਪੰਜ ਸੌ ਮੋਹਰ ਹੈ।

ਭਾਈ ਛੱਜੂ ਕਹਿਣ ਲੱਗਿਆ ਇਹ ਤਾਂ ਬੜਾ ਮਾੜਾ ਕੰਮ ਹੋਇਆ, ਇਹ ਤਾਂ ਜਮਾਲ ਦੀਆਂ ਨੇ। ਹੁਣ ਕੀ ਕਰਿਆ ਜਾਵੇ? ਕਹਿਣ ਲੱਗਿਆ ਮੈਨੂੰ ਮੋਹਰਾਂ ਦਿਓ। ਲੈ ਕੇ ਤੁਰ ਪਿਆ, ਭਾਈ ਜਮਾਲ ਦੇ ਘਰ ਗਿਆ, ਆਵਾਜ਼ ਦਿਤੀ ਭਾਈ ਜਮਾਲ-ਭਾਈ ਜਮਾਲ। ਅੰਦਰੋਂ ਦਰਦ ਦੇ ਨਾਲ ਕਰਹਾ ਰਿਹਾ ਹੈ, ਹਾਏ-ਹਾਏ ਦੀ ਆਵਾਜ਼ ਆ ਰਹੀ ਹੈ। ਆਵਾਜ਼ ਪਛਾਣ ਲਈ ਕਹਿਣ ਲੱਗੇ, ਭਾਈ ਛੱਜੂ! ਕਿਵੇਂ ਆਏ। ਕਹਿੰਦੇ, ਦਰਵਾਜ਼ਾ ਤਾਂ ਖੋਲ੍ਹੋ। ਦਰਵਾਜ਼ਾ ਖੋਲ੍ਹਿਆ, ਹੱਥ ਵਿਚ ਥੈਲੀ ਫੜੀ ਹੋਈ ਹੈ, ਕਹਿਣ ਲੱਗੇ ਆਹ ਲੈ ਤੇਰੀਆਂ ਮੋਹਰਾਂ ਨਿਕਲ ਆਈਆਂ। ਭਾਈ ਜਮਾਲ ਕਹਿਣ ਲੱਗਿਆ ਕਿ ਹੁਣ ਮੈਂ ਕੀ ਕਰਨੀਆਂ ਨੇ, ਜਦੋਂ ਖੁਦਾ ਨੇ ਹੀ ਮੈਨੂੰ ਝੂਠਾ ਕਰ ਦਿਤਾ, ਪਰ ਇਹ ਗੱਲ ਹੈ ਕਿ ਮੈਂ ਤੇਰੇ ਪੀਰ ਜੀ ਕੋਲ ਜਾਣਾ ਚਾਹੁੰਦਾ ਹਾਂ। ਮੇਰੇ ਅੰਦਰ ਕੁਛ ਸ਼ੰਕਾ ਹੈ ਉਹ ਮੈਂ ਨਵਿਰਤ ਕਰਨਾ ਹੈ, ਮੋਹਰਾਂ ਨਹੀਂ ਮੈਂ ਹੁਣ ਲੈਣੀਆਂ ਕਿਉਂਕਿ ਮੈਨੂੰ ਅੱਲਾਹ ਤਾਲਾ ਨੇ ਝੂਠਾ ਕਰ ਦਿਤਾ ਇਹ ਮੇਰੀਆਂ ਨਹੀਂ ਰਹੀਆਂ, ਹੁਣ ਤੇਰੀਆਂ ਹੋ ਗਈਆਂ।

ਸੋ ਦੂਸਰੇ ਦਿਨ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਦੇ ਦਰਬਾਰ ਵਿਚ ਪਹੁੰਚਦੇ ਨੇ, ਮੋਹਰਾਂ ਦੀ ਥੈਲੀ ਭਾਈ ਛੱਜੂ ਦੇ ਹੱਥ ਵਿਚ ਹੈ। ਦੋਹਾਂ ਨੇ ਜਾ ਕੇ ਨਮਸਕਾਰ ਕਰੀ, ਨਾਲ ਥੈਲੀ ਭੇਟ ਕਰ ਦਿਤੀ, ਭਾਈ ਛੱਜੂ ਨੇ ਕਿਹਾ ਪਾਤਸ਼ਾਹ! ਮੈਨੂੰ ਇਕ ਗੱਲ ਦਾ ਭਰਮ ਹੈ, ਕ੍ਰਿਪਾ ਕਰਕੇ ਮੇਰਾ ਭਰਮ ਦੂਰ ਕਰੋ। ਕਹਿੰਦੇ, ਦੱਸ।

ਕਹਿਣ ਲੱਗਿਆ ਕਿ ਖੁਦਾ ਇਕ ਹੈ ਕਿ ਦੋ ਨੇ?

ਗੁਰੂ ਮਹਾਰਾਜ ਨੇ ਕਿਹਾ ਕਿ ਜਮਾਲ, ਖੁਦਾ ਤਾਂ

ਇਕ ਹੈ। ਕਹਿਣ ਲੱਗਿਆ ਕਿ ਪਾਤਸ਼ਾਹ! ਮੈਂ ਸੱਚਾ ਸੀ ਆਹ ਥੈਲੀ ਮੇਰੀ ਸੀ, ਆਹ ਵਾਰਤਾ ਹੋਈ। ਸਾਡੇ ਹੱਥ ਪੁਆਏ ਗਏ, ਉਬਲਦੇ ਤੇਲ 'ਚ। ਅਜੇ ਤੱਕ ਇਹ ਭਾਈ ਛੱਜੂ ਦੇ ਕੋਲ ਹੈ। ਥੈਲੀ ਮੇਰੀ ਹੈ ਫੇਰ ਖੁਦਾ ਨੇ ਮੈਨੂੰ ਕਿਉਂ ਝੂਠਾ ਕਰ ਦਿਤਾ, ਇਹਨੂੰ ਸੱਚਾ ਕਿਉਂ ਕਰ ਦਿਤਾ।

ਕਹਿਣ ਲੱਗੇ, ਭਾਈ ਜਮਾਲ! ਇਥੇ ਅੰਦਰਲੀ ਖੇਲ੍ਹ ਚੱਲੀ ਹੈ, ਤੂੰ ਓਸ ਖੇਲ੍ਹ ਦੇ ਵਿਚ ਫੇਲ੍ਹ ਹੋ ਗਿਆ। ਤੂੰ ਸੱਚਾ ਸੀ, ਲੇਕਿਨ ਓਸ ਗੱਲ ਦੇ ਉਤੇ, ਓਸ ਸ਼ਰਤ ਦੇ ਉਤੇ ਤੂੰ ਪੂਰਾ ਨਾ ਉਤਰ ਸਕਿਆ, ਜਿਥੇ ਉਤਰਨਾ ਸੀ।

ਕਹਿਣ ਲੱਗਿਆ, ਉਹ ਕਿਵੇਂ?

ਕਹਿਣ ਲੱਗਿਆ, ਦੇਖੋ, ਭਾਈ ਛੱਜੂ ਭੁੱਲ ਗਿਆ, ਜਦੋਂ ਬਿਲਕੁਲ ਭੁੱਲ ਗਿਆ ਤਾਂ ਇਹਦਾ ਦੋਸ਼ ਨਹੀਂ ਸੀ ਓਸ ਵੇਲੇ। ਇਹਨੇ ਬੇਈਮਾਨੀ ਕੋਈ ਨਹੀਂ ਕਰੀ, ਕਪਟ ਕਰਕੇ ਤੇਰੀ ਥੈਲੀ ਨਹੀਂ ਰੱਖੀ, ਕੇਵਲ ਦਿਮਾਗ 'ਚੋਂ ਨਿਕਲ ਗਿਆ ਤੇ ਤੁਸੀਂ ਦੋਵੇਂ ਜਣੇ ਗਏ, ਇਹਨੂੰ ਵੀ ਨਹੀਂ ਸੀ ਪਤਾ, ਇਹ ਕੋਈ ਠੱਗੀ ਨਹੀਂ ਸੀ ਕਰ ਰਿਹਾ। ਅਰ ਅੰਦਰੋਂ ਪੂਰੀ ਤਰ੍ਹਾਂ ਸੀ ਕਿ ਮੇਰੇ ਕੋਲ ਨਹੀਂ ਹੈ, ਤੂੰ ਵੀ ਸੱਚਾ ਸੀ, ਪਰ ਜਦੋਂ ਮੌਕਾ ਆਇਆ ਖੁਦਾ ਦੀ ਸ਼ਰਨ ਲੈਣ ਦਾ, ਤੂੰ ਪਿਆਰਿਆ! ਕਦੇ ਤਾਂ ਤੇਰੀ ਸੁਰਤੀ ਜਾਂਦੀ ਹੈ ਇਕ ਪੀਰ ਤੇ ਕਦੇ ਦੂਜੇ ਤੇ, ਕਦੇ ਤੂੰ ਚਿਸ਼ਤੀਆਂ ਨੂੰ ਯਾਦ ਕਰਦਾ ਹੈਂ, ਤੂੰ ਟਿਕ ਹੀ ਨਹੀਂ ਸਕਿਆ ਕਿਸੇ ਥਾਂ ਦੇ ਉਤੇ, ਆਖਰੀ ਦਮ ਤੇਰਾ ਮਨ ਨਹੀਂ ਟਿਕਿਆ। ਜਦੋਂ ਟਿਕਿਆ ਨਹੀਂ ਫੇਰ ਬਹੁੜਦਾ ਕੌਣ? ਇਹਨੂੰ ਸਤਿਗੁਰੂ ਦੀ ਪ੍ਰਤੀਤ ਸੀ, ਆਪਣੇ ਗੁਰੂ ਦੀ। ਉਹ ਪ੍ਰਤੀਤ ਸੀ, ਗੁਰੂ ਨੇ ਵਿਚਾਰਿਆ ਕਿ ਇਸ ਵੇਲੇ ਇਹ ਸੱਚਾ ਹੈ, ਇਹਦੀ ਰਾਖੀ ਹੋਣੀ ਚਾਹੀਦੀ ਹੈ, ਸੋ ਭਾਈ ਜਮਾਲ! ਇਹ ਸੱਚਾ ਸੀ। ਜੇ ਸੱਚਾ ਨਾ ਹੁੰਦਾ ਤਾਂ ਤੇਰੀ ਥੈਲੀ ਨਾ ਲੈ ਕੇ ਆਉਂਦਾ। ਕਸੂਰ ਇਥੇ ਹੋ ਗਿਆ ਕਿ ਇਹਦੇ ਮਨ ਵਿਚ 100% ਭਰੋਸਾ ਸੀ, 1% ਵੀ ਸ਼ੱਕ ਨਹੀਂ ਸੀ, ਪਰ ਤੇਰੇ ਮਨ ਵਿਚ ਠਹਿਰਾਓ ਨਹੀਂ ਸੀ। ਕਿਤੇ ਤੇਰਾ ਧਿਆਨ ਨਾ ਠਹਿਰਨ ਕਰਕੇ ਤੇਰੀ ਰਖਸ਼ਾ ਨਹੀਂ ਹੋ ਸਕੀ। ਸੋ ਹੋਰ ਭੇਤ ਨਹੀਂ, ਭੇਤ ਸੀ ਪ੍ਰਤੀਤ ਦਾ, ਏਸ ਕਰਕੇ ਮਹਾਰਾਜ ਐਸਾ ਫੁਰਮਾਨ ਕਰਦੇ ਨੇ –

***ਧਾਰਨਾ – ਗੁਰ ਕੀ ਪ੍ਰਤੀਤ ਜੀ,***
***ਜਿਸਦੇ ਮਨ ਵਿਚ ਹੈ ਭਾਈ।***

ਸੋ ਪ੍ਰਤੀਤ ਦੇ ਬਾਰੇ ਚਲ ਰਿਹਾ ਸੀ, ਭਾਈ ਤਿਲੋਕੇ ਦੇ ਮਨ ਵਿਚ ਪ੍ਰਤੀਤ ਸੀ ਆਪਣੇ ਗੁਰੂ ਦੇ ਪ੍ਰਤੀ। ਕਾਠ ਦੀ ਪਾਈ ਹੋਈ ਤਲਵਾਰ ਫੌਲਾਦ ਦੀ ਬਣ ਜਾਂਦੀ ਹੈ। ਭਾਈ ਕਟਾਰੂ ਦਾ ਵੱਟਾ ਪੰਜ ਪੈਸੇ ਘਟ ਗਿਆ, ਉਥੇ ਰੂਲ ਇਹ ਸੀ ਕਿ ਜਿੰਨਾ ਘੱਟ ਵੱਟਾ ਹੋਵੇ, ਓਨਾ ਓਹਦਾ ਮਾਸ ਕੱਟ ਕੇ ਪਾ ਦਿੰਦੇ ਸੀ। ਗੁਰਸਿੱਖ ਸੀ, ਜੀਵਨ ਵਾਲਾ, ਜਿਹਦਾ ਸਤਿਕਾਰ ਇਸਲਾਮ ਵਾਲੇ ਵੀ ਕਰਦੇ ਸੀ, ਦੂਸਰੇ ਵੀ ਕਰਦੇ ਸੀ, ਉਹਦਾ ਝੂਠਾ ਹੋ ਜਾਣਾ ਬਹੁਤ ਵੱਡੀ ਗੱਲ ਸੀ, ਪਰ ਉਸ ਨੇ ਜਦੋਂ ਗੁਰੂ ਕੋਲ ਅਰਦਾਸ ਕਰੀ ਕਿ ਹੇ ਪਾਤਸ਼ਾਹ! ਮੈਨੂੰ ਕੋਈ ਪਤਾ ਨਹੀਂ ਕਿ ਵੱਟਾ ਘੱਟ ਹੈ ਪਰ ਇਹ ਵੱਟਾ ਮੇਰਾ ਨਹੀਂ ਹੈ, ਕਿਸੇ ਨੇ ਸੁੱਟ ਦਿਤਾ ਮੇਰੇ ਵੱਟਿਆਂ ਵਿਚ। ਹੁਣ ਮੇਰਾ ਰਾਖਾ ਤੂੰ ਹੈਂ, ਤੇਰਾ ਸਿੱਖ ਬਦਨਾਮ ਹੋ ਗਿਆ, ਸਾਰੀ ਸਿੱਖੀ ਬਦਨਾਮ ਹੋ ਜਾਏਗੀ। 100% ਪ੍ਰਤੀਤ ਦੇ ਨਾਲ ਅਰਦਾਸ ਕਰਦਾ ਹੈ। ਜਦੋਂ! 100% ਪ੍ਰਤੀਤ ਹੋਵੇ ਤਾਂ ਅਰਦਾਸ ਦਾ ਮੁੱਲ ਪੈਂਦਾ ਹੈ –

***ਧਾਰਨਾ – ਜਨ ਕੀ ਅਰਦਾਸ ਜੀ,***
***ਬਿਰਥੀ ਨਾ ਹੋਵੇ ਕਬਹੂੰ।***

***ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥***
***ਅੰਗ – ੮੧੯***

ਵੱਟਾ ਘੱਟ ਹੈ, ਗੁਰੂ ਮਹਾਰਾਜ ਦੇ ਹੱਥ ਸਾਮ੍ਹਣੇ ਜੋ ਮਸਤਕ ਨਿਵਾਏ ਸੀ, ਮਾਇਆ ਚਾੜ੍ਹੀ ਸੀ ਉਹਦੇ 'ਚੋਂ ਪੰਜ ਪੈਸੇ ਆਪ ਚੁੱਕ ਲੈਂਦੇ ਨੇ। ਸੱਜੇ ਪਾਸੇ ਵੱਟਾ ਪਾਉਂਦੇ ਨੇ, ਮਹਾਰਾਜ ਨਾਲ ਪੰਜ ਪੈਸੇ ਸੱਜੇ ਹੱਥ ਵਿਚ ਲੈ ਲੈਂਦੇ ਨੇ। ਖੱਬੇ ਪਾਸੇ ਪਾਉਂਦੇ ਨੇ ਮਹਾਰਾਜ ਖੱਬੇ ਹੱਥ ਲੈ ਲੈਂਦੇ ਨੇ। ਸੋ ਇਹ ਅਰਦਾਸ ਵਿਚ ਸ਼ਕਤੀ, ਪ੍ਰਤੀਤ ਦੇ ਵਿਚ, ਭਰੋਸੇ ਦੇ ਵਿਚ ਸ਼ਕਤੀ, ਇਹ ਕੋਈ ਐਵੇਂ ਨਹੀਂ ਹੈ ਅੰਨਾ ਵਿਸ਼ਵਾਸ਼। ਮਹਾਰਾਜ ਕਹਿੰਦੇ ਅੰਨਾ ਵਿਸ਼ਵਾਸ਼ ਹੀ ਕੰਮ ਦਿੰਦਾ ਹੈ। ਜਿਹੜਾ ਚਤੁਰ ਬੰਦਾ ਹੈ, ਕਹਿੰਦੇ –

***ਕਹੁ ਕਬੀਰ ਭਗਤਿ ਕਰਿ ਪਾਇਆ ॥***
***ਭੋਲੇ ਭਾਇ ਮਿਲੇ ਰਘੁਰਾਇਆ ॥ ਅੰਗ – ੩੨੪***

ਧੰਨਾ ਜੇ ਚਤੁਰ ਹੁੰਦਾ ਤਾਂ ਰੱਬ ਕਦੇ ਨਹੀਂ ਸੀ ਪ੍ਰਗਟ ਹੁੰਦਾ। ਭੋਲਾ ਭਾਅ ਸੀ ਪ੍ਰਗਟ ਹੋ ਗਿਆ, ਲੱਸੀ ਵੀ ਪੀ ਲਈ, ਪ੍ਰਸ਼ਾਦਾ ਵੀ ਛਕ ਲਿਆ।

***ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥***
***ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥***
***ਅੰਗ – ੪੮੮***

ਸੋ ਇਹ ਜੋ ਬੇਨਤੀ ਪ੍ਰਤੀਤ ਦੀ ਹੈ, ਮਹਾਰਾਜ ਕਹਿੰਦੇ ਜੇ ਪ੍ਰਤੀ ਨਹੀਂ ਫਿਰੀ ਜਾਹ ਗੁਰੂ ਦੇ ਦੁਆਰੇ ਤੈਨੂੰ ਕੋਈ ਸੁੱਖ ਨਹੀਂ ਹੋਣਾ।

*ਸਤਿਗੁਰ ਕੀ ਪਰਤੀਤਿ ਨ ਆਈਆ*
*ਸਬਦਿ ਨ ਲਾਗੋ ਭਾਉ ॥*
*ਓਸ ਨੋ ਸੁਖੁ ਨ ਉਪਜੈ ਭਾਵੈ*
*ਸਉ ਗੇੜਾ ਆਵਉ ਜਾਉ ॥ ਅੰਗ - ੫੯੧*

ਜੇ ਪ੍ਰਤੀਤ ਆ ਗਈ, ਉਹਦੀ ਪਦਵੀ ਉਚੀ ਹੋ ਜਾਂਦੀ ਹੈ। ਆਪਾਂ ਕਰ ਰਹੇ ਹਾਂ ਪ੍ਰਤੀਤ ਵਾਲਿਆਂ ਦਾ ਜ਼ਿਕਰ, ਉਨ੍ਹਾਂ ਦੀ ਪਦਵੀ ਉਚੀ ਹੋ ਗਈ -

*ਪਰਤੀਤਿ ਹੀਐ ਆਈ ਜਿਨ ਜਨ ਕੈ*
*ਤਿਨ੍ ਕਉ ਪਦਵੀ ਉਚ ਭਈ ॥ ਅੰਗ - ੧੪੦੨*

ਸੋ ਜਿਨ੍ਹਾਂ ਦੇ ਹਿਰਦੇ 'ਚ ਪ੍ਰਤੀਤ ਨਹੀਂ ਆਈ -

*ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ*
*ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥*
*ਅੰਗ - ੭੩੪*

ਕੁਛ ਵੀ ਨਹੀਂ ਹੈ, ਅੰਦਰੋਂ ਖਾਲੀ ਨੇ। ਬਗਲੇ ਦੀਆਂ ਅੱਖਾਂ ਮੀਚਣ ਤੋਂ ਵੱਧ ਕੁਛ ਨਹੀਂ ਹੋਇਆ ਕਰਦਾ। ਸੋ ਇਸ ਕਰਕੇ ਦੋ ਚੀਜ਼ਾਂ ਇਕ ਪ੍ਰਤੀਤ ਤੇ ਇਕ ਪਿਆਰ। ਇਹ ਦੋ ਚੀਜ਼ਾਂ ਪ੍ਰਮੇਸ਼ਰ ਨੂੰ ਰਿਝਾਉਂਦੀਆਂ ਨੇ। ਪ੍ਰਤੀਤ ਜੇ ਹੋਵੇ ਤਾਂ ਪਿਆਰ ਨਿਭਦਾ ਹੈ, ਜੇ ਪ੍ਰਤੀਤ ਨਾ ਹੋਵੇ ਤਾਂ ਪਿਆਰ ਹੀ ਨਹੀਂ ਨਿਭਿਆ ਕਰਦਾ।

ਪਿਛਲਾ ਗੁਰਸਿੱਖ ਆਤਮ ਦੇਸ਼ ਦਾ ਵਾਸੀ ਸੀ, ਵਲਵਲੇ ਦੇ ਦੇਸ਼ ਦਾ ਵਾਸੀ ਸੀ, ਹੁਣ ਦਾ ਖੋਜੀ, ਹੁਣ ਦਾ ਪੜਾਕੂ, ਹੁਣ ਦਾ ਪ੍ਰਚਾਰਕ ਇਹ ਬੁੱਧੀ ਮੰਡਲ ਤੋਂ ਉਪਰ ਨਹੀਂ ਟੱਪਦਾ, ਬੱਧੀ ਮੰਡਲ ਦੇ ਅੰਦਰ ਸਾਧਸੰਗਤ ਜੀ! ਹਨ੍ਹੇਰਾ ਹੀ ਹਨ੍ਹੇਰਾ ਹੁੰਦਾ ਹੈ। ਮਹਾਰਾਜ ਕਹਿੰਦੇ ਨੇ ਕਿ ਇਹਦੀ ਸਿਖਿਆ ਨਾਲ ਨਹੀਂ ਤਰਦਾ, ਸਿਖਿਆ ਨਾਲ ਤਰਦਾ ਹੈ -

*ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥*
*ਤਿਸ ਕੀ ਸੀਖ ਤਰੈ ਸੰਸਾਰੁ ॥ ਅੰਗ - ੨੬੯*

ਜਿਹਦੇ ਅੰਦਰ ਨਿਰੰਕਾਰ ਵਸ ਗਿਆ, ਸਾਖਸ਼ਾਤਕਾਰ ਕਰ ਲਿਆ ਉਹਨੇ ਆਤਮਾ -

*ਆਤਮਾ ਪਰਾਤਮਾ ਏਕੋ ਕਰੈ ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ ॥ ਅੰਗ - ੬੬੧*

ਉਹਦੀ ਬਚਨ ਤੱਤ ਬਚਨ ਹੋਇਆ ਕਰਦੇ ਨੇ, ਬਾਕੀ ਜਿਹੜੇ ਨੇ ਐਹੋ ਜਿਹੇ ਕੱਪੜੇ ਪਾ ਲਏ, ਐਉਂ ਕਰੋ ਆਹ ਕਹੋ। ਕਹਿੰਦੇ ਨੇ ਸਿੱਖੀ ਦਾ ਪ੍ਰਚਾਰ ਅਸੀਂ ਕਰ ਰਹੇ ਹਾਂ। ਪਹਿਲਾਂ ਜੀਵਨ ਤਾਂ ਬਣਾ ਲਓ ਸਿੱਖੀ ਦੇ ਪ੍ਰਚਾਰ ਕਰਨ ਵਾਲਾ। ਮਹਾਰਾਜ ਕਹਿੰਦੇ ਜੀਵਨ ਬਣਾ ਪਿਆਰਿਆ! -

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮੁ ਭਉ ਖੋਵਣਾ।*
*ਗੋਲਾ ਮੁਲ ਖਰੀਦੁ ਕਾਰੇ ਜੋਵਣਾ।*
*ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।*
*ਪੀਹਣਿ ਹੋਇ ਜਦੀਦ ਪਾਣੀ ਢੋਵਣਾ।*
*ਪਖੇ ਦੀ ਤਾਗੀਦ ਪਗ ਮਲਿ ਧੋਵਣਾ।*
*ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।*
*ਦਰ ਦਰਵੇਸ ਰਸੀਦ ਪਿਰਮ ਰਸ ਭੋਵਣਾ।*
*ਚੰਦ ਮੁਮਾਰਖ ਈਦ ਪੁਗ ਖਲੋਵਣਾ॥*
*ਭਾਈ ਗੁਰਦਾਸ ਜੀ, ਵਾਰ 3/18*

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*
*ਅੰਗ - ੧੧੦੨*

ਤੇ ਜੀਉਂਦਾ ਵੀ ਆਪਣੇ ਆਪ ਨੂੰ ਰੱਖ ਰਿਹਾ ਹੈਂ ਤੇ ਪ੍ਰਚਾਰ ਵੀ ਸਿੱਖੀ ਦਾ ਕਰ ਰਿਹਾ ਹੈਂ। ਦੋ ਗੱਲਾਂ ਤਾਂ ਨਹੀਂ ਚੱਲਣੀਆਂ, ਹਨ੍ਹੇਰੇ 'ਚ ਪਾ ਲਏਗਾ। ਬਚੋ ਇਨ੍ਹਾਂ ਤੋਂ ਜੇ ਬਚ ਹੁੰਦਾ ਹੈ।

ਸੋ ਇਸ ਕਰਕੇ ਪਿਆਰ 'ਚ ਆਓ, ਸ਼ਰਧਾ 'ਚ ਆਓ, ਭਰੋਸੇ 'ਚ ਆਓ। ਜਿਹੋ ਜਿਹੀ ਵਾਹਿਗੁਰੂ ਮਤ ਦਿੰਦਾ ਹੈ ਸਮਝਣ ਦਾ ਯਤਨ ਕਰੋ। ਭੁੱਲ ਭਲਾਈਆਂ 'ਚ ਨਾ ਪਵੋ, ਪਖੰਡਾਂ 'ਚ ਕੁਛ ਨਹੀਂ ਹੈ, ਭੇਖਾਂ 'ਚ ਕੁਛ ਨਹੀਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਰੀ ਸ੍ਰਿਸ਼ਟੀ ਦੇ ਸਾਂਝੇ ਨੇ, ਸਾਰੀਆਂ ਜਾਤੀਆਂ ਦੇ ਸਾਂਝੇ ਨੇ, ਇਹਨੂੰ ਫੈਲਾਓ। ਫੈਲਦਾ ਇਹ ਜੀਵਨ ਨਾਲ ਹੈ, ਗੱਲਾਂ ਨਾਲ ਨਹੀਂ ਫੈਲਦਾ। ਆਪਣਾ ਜੀਵਨ ਐਨਾ ਖੁਸ਼ਬੂਦਾਰ ਹੋਵੇ ਕਿ ਦੂਸਰਿਆਂ ਨੂੰ ਸੁਗੰਧੀ ਆਵੇ, ਖਿੱਚ ਪਵੇ ਤਾਂ ਇਹ ਫੈਲਦਾ ਹੈ ਨਹੀਂ ਤਾਂ ਗੱਲਾਂ ਬਾਤਾਂ ਬੁੱਧੀ ਮੰਡਲ 'ਚ ਰਹਿ ਜਾਂਦੀਆਂ ਨੇ। ਜਿੱਥੇ ਸੈਂਕੜੇ ਕਿਤਾਬਾਂ ਹੋਰ ਪੜ੍ਹੀਆਂ ਨੇ, ਉਥੇ ਇਹ ਵੀ ਇਸੇ ਸਟੋਰ ਵਿਚ ਜਮ੍ਹਾਂ ਹੋ ਜਾਣਗੀਆਂ। ਅੱਗੇ ਆਤਮ ਮੰਡਲ ਵਿਚ ਪ੍ਰਵੇਸ਼ ਨਹੀਂ ਇਹ ਗੱਲਾਂ ਨਹੀਂ ਕਰਾ ਸਕਦੀਆਂ। ਸੋ ਉਹਦੇ ਵਾਸਤੇ ਸਾਨੂੰ ਪ੍ਰਤੀਤ ਭਰੋਸਾ, ਯਕੀਨ ਕੁਛ ਕਹਿ ਲਓ ਤੇ ਨਾਲ ਪਿਆਰ ਦੀ ਲੋੜ ਹੈ।

«««««««

# ਵਿਸਾਖੀ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ- 62)*

ਸੋ ਵਿਸਾਖੀ ਦਾ ਦਿਹਾੜਾ ਸੀ ਉਸ ਦੇ ਉਤੇ ਬਹੁਤ ਵਿਸਥਾਰ ਦੇ ਨਾਲ ਦੱਸਿਆ ਗਿਆ ਸੀ ਕਿ ਗੁਰੂ ਘਰ ਦੇ ਇਤਿਹਾਸ ਦੇ ਨਾਲ ਵਿਸਾਖੀ ਦਾ ਬਹੁਤ ਹੀ ਸਬੰਧ ਹੈ। ਕੀਰਤੀਆਂ, ਕਾਮਿਆਂ ਦੇ ਨਾਲ, ਕਿਸਾਨਾਂ ਦੇ ਨਾਲ ਵਿਸਾਖੀ ਦਾ ਬਹੁਤ ਸਬੰਧ ਹੈ। ਸੋ ਏਸ ਦਿਨ ਦੀ ਮਹੱਤਤਾ ਤੇ ਵਿਚਾਰ ਕਰਕੇ ਏਸ ਗੱਲ ਦੀ ਵਿਚਾਰ ਕੀਤੀ ਗਈ ਸੀ ਕਿ ਗੁਰੂ ਮਹਾਰਾਜ ਨੇ ਖਾਲਸੇ ਦਾ ਆਦਰਸ਼ ਜੋ ਸੀ ਓਸ ਨੂੰ ਰੂਪ ਰੇਖਾ ਦੇ ਕੇ ਇਕ ਨਿਯਮਤ ਚਾਲ ਦੇ ਵਿਚ ਚਾਲੂ ਕੀਤਾ। ਉਹਦੇ ਨਾਲ ਇਹ ਵੀ ਵਿਚਾਰ ਸੀ ਕਿ ਨੌਆਂ ਪਾਤਸ਼ਾਹੀਆਂ ਵੇਲੇ ਸਿੱਖੀ ਕੋਈ ਕਮਜ਼ੋਰ ਨਹੀਂ ਸੀ ਬਿਲਕੁਲ ਹੀ। ਇਹ ਜੋ ਕਹਿ ਦਿੰਦੇ ਨੇ ਕਿ ਗੁਰੂ ਮਹਾਰਾਜ ਨੇ ਆਵਾਜ਼ਾਂ ਦਿਤੀਆਂ ਕੋਈ ਨਾ ਉਠਿਆ ਇਹ ਤਾਂ ਐਉਂ ਲਗਦਾ ਹੈ ਕਿ ਸਿੱਖੀ ਹੁਣੇ ਸ਼ੁਰੂ ਹੋਈ ਸੀ ਥੋੜ੍ਹਾ ਚਿਰ ਤੋਂ। ਗੁਰਸਿੱਖ ਤਾਂ ਵੱਡੇ-ਵੱਡੇ ਸਨ, ਵੱਡੀਆਂ-ਵੱਡੀਆਂ ਕਰਨੀਆਂ ਕਮਾਈਆਂ ਵਾਲੇ, ਵੱਡੀਆਂ ਸ਼ਕਤੀਆਂ ਵਾਲੇ। ਇਕ ਤੋਂ ਇਕ ਚੜ੍ਹਦਾ ਸੀ। ਐਸੇ ਗੁਰਸਿੱਖ ਵੀ ਸਨ ਜਿਹੜੇ ਗੁਰੂ ਨਾਲ ਅਭੇਦ ਅਵਸਥਾ ਦੇ ਹੋਏ, ਗੁਰੂ ਵਰਗੇ ਹੀ ਸਨ।

ਭਾਈ ਪਾਰੋ ਗੁਰੂ ਦੂਸਰੇ ਪਾਤਸ਼ਾਹ ਦੀ ਸਿੱਖ ਹੋਇਆ ਹੈ ਤੇ ਭਾਈ ਦਇਆ ਸਿੰਘ ਜੀ ਦਾ ਦਾਦਾ ਪੜਦਾਦਾ ਸੀ। ਗੁਰੂ ਦੂਸਰੇ ਪਾਤਸ਼ਾਹ ਦੇ ਪਾਸ ਆ ਕੇ ਉਨ੍ਹਾਂ ਨੇ ਬ੍ਰਹਮਗਿਆਨ ਦਾ ਉਪਦੇਸ਼ ਪਹਿਲੇ ਦਿਨ ਪ੍ਰਾਪਤ ਕੀਤਾ। ਕਰਨੀ ਕਮਾਈ ਐਨੀ ਸੀ ਕਿ ਗੁਰੂ ਤੀਸਰੇ ਪਾਤਸ਼ਾਹ ਦੇ ਦਰਸ਼ਨ ਨੂੰ ਹਰ ਰੋਜ਼ ਆਇਆ ਕਰਦੇ ਸੀ, ਜਦੋਂ ਗੁਰਿਆਈ ਬਖਸ਼ੀ ਜਿਸ ਤਰ੍ਹਾਂ ਬਾਬਾ ਬੁੱਢਾ ਜੀ ਤੇ ਗੁਰੂ ਅੰਗਦ ਸਾਹਿਬ ਸਨ, ਇਸੇ ਤਰ੍ਹਾਂ ਦੇ ਨਾਲ ਗੁਰੂ ਅਮਰਦਾਸ ਤੇ ਭਾਈ ਪਾਰੋ, ਇਕੋ ਹੀ ਤੋਲ ਤੇ ਤੁਲਦੇ ਸਨ, ਪਰ ਗੁਰਿਆਈ ਜੋ ਸੀ ਗੁਰੂ ਅਮਰਦਾਸ ਜੀ, ਇਹ ਪ੍ਰਗਟ ਹੋਏ, ਉਹ ਗੁਰਸਿੱਖੀ ਦੇ ਵਿਚ ਪੂਰੇ ਸੀ, ਰੋਜ਼ ਦਰਸ਼ਨ ਕਰਨ ਆਉਂਦੇ, ਇਹ ਨਹੀਂ ਸੀ ਕਿ ਮਨ ਵਿਚ ਮਾਣ ਆ ਗਿਆ ਕਿ ਇਹ ਤਾਂ ਮੇਰੇ ਗੁਰ ਭਾਈ ਨੇ, ਕੱਲ੍ਹ ਤੱਕ ਇਹ ਗਾਗਰਾਂ ਹੀ ਢੋਂਦੇ ਰਹੇ ਨੇ। ਗੁਰੂ ਜੋਤ ਸਮਝ ਕੇ ਉਨ੍ਹਾਂ ਦੀ ਭਗਤੀ ਕਰਦੇ ਸੀ, ਪੂਜਾ ਕਰਦੇ ਸੀ, ਤੇ ਦਰਸ਼ਨ ਕਰਨ ਵਾਸਤੇ ਆਇਆ ਕਰਦੇ ਸੀ। ਇਕ ਦਿਨ ਦਰਸ਼ਨ ਕਰਨ ਵਾਸਤੇ ਆਉਂਦੇ ਨੇ, ਘੋੜੇ ਤੇ ਸਵਾਰ ਹੋ ਕੇ ਡੱਲ੍ਹਾ ਪਿੰਡ ਸੀਗਾ, ਬਿਆਸਾ ਦੇ ਦੂਜੇ ਪਾਸੇ, ਪੱਤਣ ਦੇ ਉਤੇ ਇਕ ਨਵਾਬ ਨੇ ਫੌਜਾਂ ਉਤਾਰੀਆਂ ਹੋਈਆਂ ਨੇ, ਲੇਕਿਨ ਲੰਘਣ ਵਾਸਤੇ ਦਰਿਆ ਰਸਤਾ ਨਹੀਂ ਦੇ ਰਿਹਾ, ਬਹੁਤ ਜ਼ਿਆਦਾ ਉਹਦੇ ਵਿਚ ਹੜ੍ਹ ਆਇਆ ਹੋਇਆ ਹੈ, ਖੱਪਰ ਪੈਂਦੇ ਨੇ, ਘੁੰਮਣਘੇਰੀਆਂ ਬਣਦੀਆਂ ਨੇ, ਛੱਲਾਂ ਉਛਲਦੀਆਂ ਹਨ, ਕਿਸ਼ਤੀਆਂ ਵਾਲਿਆਂ ਨੇ ਜਵਾਬ ਦੇ ਦਿਤਾ ਕਿ ਮਹਾਰਾਜ! ਕਿਸ਼ਤੀਆਂ ਦਾ ਪੁੱਲ ਨਹੀਂ ਬੰਨ੍ਹ ਸਕਦੇ ਕਿਉਂਕਿ ਪਾਣੀ ਦਾ ਜ਼ੋਰ ਐਨਾ ਜ਼ਿਆਦਾ ਹੈ ਇਹ ਪੁੱਲ ਤੋੜ ਕੇ ਲੈ ਜਾਏਗਾ,, ਉਸ ਵੇਲੇ ਕੀ ਦੇਖਦੇ ਨੇ ਕਿ ਇਕ ਘੋੜ ਸਵਾਰ ਪੂਰੀ ਤੇਜ਼ੀ ਦੇ ਨਾਲ ਘੋੜੀ ਨੂੰ ਦੌੜਾਈ ਆ ਰਿਹਾ ਹੈ। ਨਵਾਬ ਨੇ ਕਿਹਾ ਕਿ ਇਹ ਕਿੱਧਰ ਜਾਂਦਾ ਹੈ? ਕਹਿੰਦੇ, ਦਰਿਆ ਵਲ ਨੂੰ ਜਾ ਰਿਹਾ ਹੈ ਮਹਾਰਾਜ, ਸਪੀਡ ਵੀ ਬੜੀ ਹੈ ਇਹਦੀ। ਧਿਆਨ ਸਾਰਿਆਂ ਦਾ ਓਧਰ ਹੋ ਗਿਆ, ਕੀ ਦੇਖਦੇ ਨੇ, ਜਿਸ ਤਰ੍ਹਾਂ ਦੇ ਨਾਲ ਧਰਤੀ ਤੇ ਘੋੜੀ ਉਨ੍ਹਾਂ ਦੀ ਜਾ ਰਹੀ ਹੈ, ਦਰਿਆ ਸ਼ੁਰੂ ਹੋ ਗਿਆ, ਖੱਪਰ ਪੈਂਦੇ ਨੇ ਘੁੰਮਣ-ਘੇਰੀਆਂ ਦੇ ਵਿਚ ਘੁੰਮ ਰਿਹਾ ਹੈ ਪਾਣੀ, ਤੇ ਵੱਡੀਆਂ-ਵੱਡੀਆਂ ਲਹਿਰਾਂ ਉਠ ਕੇ ਆਵਾਜ਼ ਦਿੰਦੀਆਂ ਨੇ, ਦਰਿਆ ਦੀ ਆਵਾਜ਼ ਡਰਾਉਣੀ ਹੈ ਗਰਜ਼ ਪੈ ਰਹੀ ਹੈ, ਲੇਕਿਨ ਉਛਲਦੀਆਂ ਲਹਿਰਾਂ ਦੇ ਉਪਰ ਦੀ ਘੋੜੀ ਤੁਰੀ ਜਾ ਰਹੀ ਹੈ, ਜਿਵੇਂ ਧਰਤੀ ਤੇ ਜਾਂਦੀ ਹੈ, ਨਵਾਬ ਹੈਰਾਨ ਹੋ ਗਿਆ ਕਿ ਇਹ ਤਾਂ ਕੋਈ ਪੂਰਨ ਪੁਰਸ਼ ਹੈ, ਜਿਹਨੂੰ ਦਰਿਆ ਨੇ ਵੀ ਰਾਹ ਦਿਤਾ ਹੋਇਆ ਹੈ ਤੇ ਦਰਿਆ ਦਾ ਪਾਣੀ ਧਰਤੀ ਵਰਗਾ ਠੋਸ ਬਣਿਆ ਹੋਇਆ ਹੈ, ਪੌੜਾਂ ਦੇ ਥੱਲੇ। ਬਹੁਤ ਮਨ ਦੇ ਅੰਦਰ ਜਗਿਆਸਾ ਆਈ।

ਗੁਰੂ ਤੀਸਰੇ ਪਾਤਸ਼ਾਹ ਦੇ ਦਰਸ਼ਨ ਭਾਈ ਪਾਰੋ ਨੇ ਕਰੇ, ਘੰਟਾ ਦੋ ਘੰਟੇ, ਕਿਉਂਕਿ ਮਹਾਂਪੁਰਸ਼ਾਂ ਦੇ ਸਮੇਂ ਨਿਯਮ ਹੋਇਆ ਕਰਦੇ ਨੇ ਕਿ ਐਨੇ ਤੋਂ ਐਨੇ ਮਿਲ ਸਕਦੇ ਹੋਂ, ਬਾਕੀ ਉਨ੍ਹਾਂ ਦੇ ਆਪਣੇ ਅੰਦਰਲੇ ਰੁਝੇਵੇਂ ਬਹੁਤ ਹੁੰਦੇ ਨੇ, ਥੋੜ੍ਹਾ ਸਮਾਂ ਸੰਗਤਾਂ ਦੇ ਵਾਸਤੇ ਕੱਢ ਦਿੰਦੇ ਨੇ, ਤਾਂ ਕਿ ਇਨ੍ਹਾਂ ਦਾ ਵੀ ਭਲਾ ਹੋ ਜਾਵੇ। ਪਰ ਸੰਗਤਾਂ ਨੂੰ ਪਤਾ ਨਹੀਂ ਹੈ, ਆਪਣੇ ਹੀ ਕਾਰਜਾਂ ਵਾਸਤੇ ਜਿੱਦ ਕਰਨ ਲੱਗ ਜਾਂਦੇ ਨੇ ਕਿ ਮੇਰਾ ਤਾਂ ਜੀ ਐਉਂ ਹੋ ਗਿਆ ਤੁਸੀਂ ਹੀ ਕਰੋ ਠੀਕ। ਸੰਤ ਜੇ ਮਿਲਦੇ ਨੇ ਤਾਂ ਇਸ ਵਾਸਤੇ ਮਿਲਦੇ ਨੇ ਕਿ ਜੇ ਰੂਹਾਨੀ ਤੌਰ ਤੇ ਜੇ ਕੋਈ ਬੰਦਾ ਪਛੜਿਆ

ਹੋਇਆ ਹੈ, ਉਹਨੂੰ ਰਾਹ ਨਹੀਂ ਲੱਭ ਰਿਹਾ ਉਹਨੂੰ ਰਾਹ ਦੱਸਣ ਵਾਸਤੇ ਆਪਣਾ ਸਮਾਂ ਓਧਰ ਦਿੰਦੇ ਨੇ। ਪਰ ਸਾਡਾ ਕੀ ਕੰਮ ਹੈ ਜੋਤਸ਼ੀ ਬਣਾ ਲੈਂਦੇ ਹਾਂ, ਜਾਦੂਗਰ ਬਣਾ ਲੈਂਦੇ ਹਾਂ ਸੰਤਾਂ ਨੂੰ ਕਿ ਜਾਦੂ ਮਾਰੇਗਾ ਤੇ ਹੁਣ ਮੇਰਾ ਕੰਮ ਵਿਗੜਿਆ ਹੋਇਆ ਠੀਕ ਹੋ ਜਾਏਗਾ। ਜਦੋਂ ਸੰਤ ਆਵਾਜ਼ ਦਿੰਦੇ ਨੇ, ਰੋਜ਼ ਕਹਿੰਦੇ ਨੇ ਕਿ ਤੁਸੀਂ ਬੰਦਗੀ ਕਰੋ, ਨਾਮ ਜਪੋ ਹੁਣ ਤਾਂ ਸੁਣਨਾ ਨਹੀਂ ਹੈ, ਜਦੋਂ ਫਸ ਜਾਂਦੇ ਨੇ ਫੇਰ ਕਹਿੰਦੇ ਨੇ ਕਿ ਸੰਤ ਜੀ, ਹੁਣ ਤੁਸੀਂ ਆਪਣੇ ਸਿਰ ਲਓ। ਫੇਰ ਜੇ ਸੰਤ ਸਖਤੀ ਕਰਨ ਲੱਗ ਜਾਣ ਤਾਂ ਕਹਿਣਗੇ ਜੀ ਇਹ ਸੰਤ ਤਾਂ ਬਹੁਤ ਗਲਤ ਨੇ, ਮਿਲਦੇ ਹੀ ਨਹੀਂ। ਮਿਲਦੇ ਤਾਂ ਨਹੀਂ ਹਨ ਐਨੇ ਕਰੋੜਾਂ ਵਿਘਨ ਕੀਤੇ ਹੋਏ ਆਪਣੇ ਸਿਰਾਂ ਤੇ ਕਿਵੇਂ ਚੁੱਕ ਲੈਣ? ਮੁਸ਼ਕਲ ਹੋ ਜਾਂਦੀ ਹੈ, ਉਨ੍ਹਾਂ ਕੋਲ ਬੰਦਗੀ ਦੀ ਗੱਲ ਹੁੰਦੀ ਹੈ, ਨਾਮ ਦੀ ਹੁੰਦੀ ਹੈ, ਜਾਂ ਦਰਸ਼ਨ ਦਾ ਫਲ ਵੈਸੇ ਹੀ ਹੋਇਆ ਕਰਦਾ ਹੈ। ਸ਼ਰਧਾ ਧਾਰ ਕੇ ਆਉਂਦਾ ਹੈ, ਦਰਸ਼ਨ ਦਾ ਫਲ ਲੈਂਦਾ ਹੈ, ਚਲਿਆ ਜਾਂਦਾ ਹੈ -

***ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥***
***ਅੰਗ - ੫੨੦***

ਬੰਦਗੀ ਕਰਨ ਵਾਲਿਆਂ ਦੇ ਦਰਸ਼ਨ ਕਰਕੇ ਵਾਹਿਗੁਰੂ ਚਿੱਤ ਆ ਜਾਇਆ ਕਰਦਾ ਹੈ।

ਸੋ ਭਾਈ ਪਾਰੋ ਇਸ ਤਰ੍ਹਾਂ ਨਹੀਂ ਸੀ ਜਾਂਦੇ ਕਿ ਮੇਰੀ ਦੁਕਾਨ ਨਹੀਂ ਚਲਦੀ, ਉਹ ਦਰਸ਼ਨ ਤੇ ਖਿੱਚ ਦੇ ਬੰਨ੍ਹੇ ਹੋਏ ਆਉਂਦੇ, ਤੇ ਕਰਨੀ ਕਮਾਈ ਐਨੀ ਜ਼ਬਰਦਸਤ ਸੀ ਕਿ ਆਰਾਮ ਦੇ ਨਾਲ ਹੀ ਲੰਘ ਜਾਂਦੇ ਸੀ ਪਾਣੀ ਦੇ ਉਤੋਂ ਦੀ। ਨਵਾਬ ਦੇ ਮਨ ਵਿਚ ਬੜੀ ਜਗਿਆਸਾ ਹੋਈ ਕਿ ਐਸਾ ਬੰਦਾ ਵੀ ਹੈ ਕਿ ਦਰਿਆ ਓਹਨੂੰ ਡੋਬੇ ਹੀ ਨਾ। ਵਾਪਸ ਆਉਂਦਿਆਂ ਤੇ ਸਾਮ੍ਹਣੇ ਖੜ੍ਹਾ ਹੋ ਗਿਆ। ਨੇੜੇ ਆਏ, ਹੱਥ ਬੰਨ੍ਹੇ ਸਿੱਜਦਾ ਕੀਤਾ। ਭਾਈ ਪਾਰੋ ਨੇ ਘੋੜੀ ਰੋਕ ਲਈ। ਕਹਿਣ ਲੱਗੇ, ਐ ਫਰਿਸ਼ਤੇ! ਤੂੰ ਐਸ ਧਰਤੀ ਦਾ ਹੈਂ ਜਾਂ ਅਸਮਾਨਾਂ ਦਾ ਹੈਂ। ਮੈਨੂੰ ਆਹ ਗੱਲ ਦੱਸ ਕੇ ਜਾਹ। ਕਹਿਣ ਲੱਗੇ ਮੈਂ ਤੁਹਾਡੇ ਵਰਗਾ ਹੀ ਬੰਦਾ ਹਾਂ ਪ੍ਰੇਮੀਆਂ, ਅਸੀਂ ਗੁਰੂ ਮਨਾਇਆ ਹੈ ਫਰਕ ਐਨਾ ਹੀ ਹੈ ਤੁਸੀਂ ਗੁਰੂ ਰੁਸਾਇਆ ਹੈ। ਕਹਿਣ ਲੱਗਿਆ ਕਿ ਮੈਨੂੰ ਆਪਣਾ ਬਣਾ ਲੈ ਅੱਜ। ਫੌਜ ਦਾ ਮਾਲਕ ਹੈ ਬੇਅੰਤ ਫੌਜ ਹੈ, ਕਹਿੰਦੇ ਐਨੀ ਫੌਜ ਲਈ ਫਿਰਦਾ ਹੈ, ਇਹ ਤਾਂ ਰਸਤਾ ਹੋਰ ਹੈ। ਉਸੇ ਵੇਲੇ ਆਪਣੇ ਲੜਕੇ ਨੂੰ ਵਰਦੀ ਲਾਹ ਕੇ ਦੇ ਦਿਤੀ। ਕਹਿੰਦਾ, ਤੂੰ ਫੌਜ ਦਾ ਕਮਾਂਡਰ ਤੇ ਮੈਂ ਤਾਂ ਹੁਣ ਸਾਧੂ ਬਣਨਾ ਹੈ, ਫਕੀਰ ਬਣਨਾ ਹੈ, ਦਰਵੇਸ਼ ਬਣਨਾ ਹੈ। ਉਨ੍ਹਾਂ ਦੀ ਚਰਨੀਂ ਲੱਗ ਗਿਆ। ਉਹ ਨਵਾਬ ਨੂੰ ਗੁਰੂ ਮਹਾਰਾਜ ਕੋਲ ਲੈ ਗਏ, ਨਵਾਬੀ ਛੱਡ ਦਿਤੀ ਬੰਦਾ ਬਣ ਗਿਆ।

ਗੁਰੂ ਮਹਾਰਾਜ ਕਹਿਣ ਲੱਗੇ ਭਾਈ ਪਾਰੋ, ਇਹਨੂੰ ਉਪਦੇਸ਼ ਤੂੰ ਹੀ ਦੇ ਦੇ, ਆਪ ਹੀ। ਸੋ ਮੇਰਾ ਮਤਲਬ ਹੈ ਕਹਿਣ ਤੋਂ ਕਿ ਐਡੇ ਉਚੇ ਗੁਰਸਿੱਖ, ਐਡੀਆਂ ਪਦਵੀਆਂ ਦੇ ਮਾਲਕ ਨੌਆਂ ਪਾਤਸ਼ਾਹੀਆਂ ਤਾਈਂ ਗੁਰਸਿੱਖੀ ਦੇ ਵਿਚ ਚਲੇ ਆਉਂਦੇ ਸੀ। ਜਿਹੜੇ ਬੰਦੇ ਇਹ ਕਹਿ ਦਿੰਦੇ ਨੇ ਕਿ ਗੁਰਸਿੱਖੀ ਨੂੰ ਨਵੀਂ ਰੂਪ-ਰੇਖਾ ਦਿਤੀ ਗਈ ਤੇ ਉਹਦੇ ਵਿਚ ਆਹ ਭਰਿਆ ਓਹ ਭਰਿਆ, ਉਹ ਤਾਂ ਪਹਿਲਾਂ ਹੀ ਭਰਿਆ ਹੋਇਆ ਸੀ। ਗੁਰੂ ਦਸਵੇਂ ਪਾਤਸ਼ਾਹ ਨੇ ਬੇਅੰਤ ਕਿਸਮ ਦੇ ਫੁਲਾਂ ਨੂੰ ਇਕ ਗੁਲਦਸਤੇ ਵਿਚ ਸਜਾ ਦਿਤਾ। ਖਾਲਸੇ ਦੇ ਰੂਪ ਵਿਚ ਪ੍ਰਗਟ ਕਰ ਦਿਤਾ। ਮਿਹਨਤ ਪਹਿਲਾਂ ਹੀ ਹੋਈ-ਹੋਈ ਸੀ ਸਾਰੀ, ਹਰ ਚੀਜ਼ ਤਿਆਰ ਸੀ ਪਹਿਲਾਂ ਹੀ ਦੀਵਾ ਬੱਤੀ, ਤੇ ਤੇਲ ਵੀ ਤਿਆਰ ਸੀ, ਜਗਦੇ ਦੀਵੇ ਨੇ ਉਹਨੂੰ ਜਗਾ ਦੇਣਾ ਸੀ, ਆਪਣਾ ਰੂਪ ਬਣਾਉਣਾ ਸੀ, ਗੁਰੂ ਨੇ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਤੀਸਰੇ ਪਾਤਸ਼ਾਹ ਦਾ ਟੈਸਟ ਬਹੁਤ ਜ਼ਬਰਦਸਤ ਹੋਇਆ। ਚੌਥੇ ਪਾਤਸ਼ਾਹ ਦਾ ਗੁਰੂ ਤੀਸਰੇ ਪਾਤਸ਼ਾਹ ਨੇ ਲਿਆ। ਚੌਥੇ ਪਾਤਸ਼ਾਹ ਨੇ ਗੁਰੂ ਪੰਜਵੇਂ ਪਾਤਸ਼ਾਹ ਦਾ ਲਿਆ। ਉਸ ਤੋਂ ਬਾਅਦ ਛੇਵੇਂ, ਸੱਤਵੇਂ, ਅੱਠਵੇਂ ਤੇ ਨੌਂਵੇਂ ਤੱਕ ਕੋਈ ਵਿਸ਼ੇਸ਼ ਟੈਸਟ ਸਿੱਖੀ ਦਾ ਨਹੀਂ ਸੀ ਹੋਇਆ। ਕਿਉਂਕਿ ਗੱਦੀ ਜਿਹੜੀ ਸੀ ਗੁਰੂ ਮਹਾਰਾਜ ਕਹਿੰਦੇ ਇਨ੍ਹਾਂ ਨੂੰ ਮਿਲੇ, ਹੋਇਆ ਤਾਂ ਬਹੁਤ ਜ਼ਬਰਦਸਤ ਲੇਕਿਨ ਸਾਨੂੰ ਨਹੀਂ ਪਤਾ ਉਸਦਾ। ਕਿਉਂ ਜਦੋਂ ਗੁਰੂ ਅੱਠਵੇਂ ਪਾਤਸ਼ਾਹ ਨੂੰ ਗੱਦੀ ਦੇਣ ਲੱਗੇ, ਓਸ ਵੇਲੇ ਸੰਗਤਾਂ ਦਾ ਖਿਆਲ ਸੀ ਕਿ ਰਾਮਰਾਏ 15 ਸਾਲ ਦੇ ਨੇ, ਸ੍ਰੀ ਹਰਿਕ੍ਰਿਸ਼ਨ ਬੱਚੇ ਨੇ, ਇਹ ਗੱਦੀ ਉਹਨੂੰ ਮਿਲਣੀ ਚਾਹੀਦੀ ਹੈ। ਲੇਕਿਨ ਗੁਰੂ ਸਾਹਿਬ ਨੇ ਕਿਹਾ ਕਿ ਨਹੀਂ ਭਾਈ, ਕਰਨੀ ਕਮਾਈ ਦੇ ਵਿਚ, ਗੁਰੂ ਹਰਿਕ੍ਰਿਸ਼ਨ ਮਹਾਰਾਜ ਬਹੁਤ ਅੱਗੇ ਵਧੇ ਹੋਏ ਨੇ। ਕਹਿੰਦੇ ਕਿਵੇਂ ਪਤਾ ਲੱਗੇ? ਮਹਾਰਾਜ ਕਹਿੰਦੇ ਜਿਹੜੀ ਚੌਂਕੀਂ ਤੇ ਬੈਠ ਕੇ ਦੋਵੇਂ ਭਜਨ ਕਰਦੇ ਨੇ ਅੱਡੋ ਅੱਡ, ਆਹ ਸੂਈ ਲੈ ਜਾਓ, ਜਿਹਦੇ ਪਾਵੇ ਵਿਚ ਸੂਈ ਖੁੱਭ ਜਾਏਗੀ, ਤਾਂ ਸਮਝੋ ਓਹਨੇ ਲੱਕੜ ਨੂੰ ਵੀ ਨਰਮ ਕਰ ਦਿਤਾ। ਰਾਮਰਾਇ ਜੀ ਦੇ ਪਾਵੇ ਵਿਚ ਸੂਈ ਖੋਭੀ, ਲੇਕਿਨ ਖੁੱਭ ਨਾ ਸਕੀ, ਜਦੋਂ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ਦੇ ਭਾਵੇਂ ਛੋਟੀ ਉਮਰ ਸੀ, ਉਨ੍ਹਾਂ ਦੇ ਪਾਵੇ ਵਿਚ ਖੋਭੀ ਤਾਂ ਸੂਈ ਐਉਂ ਖੁੱਭ ਗਈ ਜਿਵੇਂ ਮੋਮ ਵਿਚ ਖੁੱਭਿਆ ਕਰਦੀ ਹੈ। ਸਾਰਿਆਂ ਸੰਗਤਾਂ ਨੇ ਦੇਖ ਲਿਆ ਕਿ

ਟੈਸਟ ਤਾਂ ਬਹੁਤ ਵੱਡਾ ਹੈ। ਮਹਾਰਾਜ ਕਹਿੰਦੇ, ਹੋਰ ਦੱਸਦੇ ਹਾਂ ਤੁਹਾਨੂੰ। ਜਦੋਂ ਇਬ ਭਜਨ ਕਰਨਗੇ ਇਨ੍ਹਾਂ ਦੇ ਸਰੀਰ ਵਿਚ ਸੂਈ ਚੋਭੋ, ਫੇਰ ਮੈਨੂੰ ਦੱਸੋ। ਉਸ ਵੇਲੇ ਰਾਮਰਾਇ ਜੀ ਦੇ ਸਰੀਰ ਵਿਚ ਸੂਈ ਚੋਭੀ ਤਾਂ ਇਕ ਦਮ ਅੱਖਾਂ ਖੋਲ੍ਹ ਲਈਆਂ, ਦਰਦ ਹੋਇਆ, ਪੁੱਛਿਆ ਉਹਨੇ ਕਿ ਇਹ ਕੀ ਕਰਨ ਲੱਗੇ ਹੋਂ ਤੁਸੀਂ? ਜਦੋਂ ਗੁਰੂ ਹਰਿ ਕ੍ਰਿਸ਼ਨ ਮਹਾਰਾਜ ਦੇ ਸਰੀਰ ਵਿਚ ਸੂਈ ਚੋਭਣ ਲੱਗੇ, ਉਨ੍ਹਾਂ ਨੂੰ ਕੋਈ ਪਤਾ ਨਹੀਂ ਕਿ ਕੀ ਹੋ ਰਿਹਾ ਹੈ ਕੀ ਨਹੀਂ ਹੋ ਰਿਹਾ। ਉਸ ਵੇਲੇ ਗੁਰੂ ਮਹਾਰਾਜ ਨੇ ਕਿਹਾ ਕਿ ਹੁਣ ਤੁਸੀਂ ਆਪੇ ਹੀ ਦੇਖ ਲਓ।

ਪਰ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਨੇ ਸਿੱਖੀ ਦੀ ਜੋ ਪਰਖ ਸੀ, ਸਿੱਖੀ ਦੀ ਸਮੂਹਤ ਦੇ ਵਿਚੋਂ ਪਰਖ ਕੀਤੀ, ਜੇ ਉਹ ਪਰਖ ਸਾਹਿਬਜ਼ਾਦਿਆਂ ਦੀ ਕਰਦੇ, ਸਾਹਿਬਜ਼ਾਦਿਆਂ ਦੀ ਕਾਹਦੀ ਪਰਖ ਸੀ ਉਹ ਤਾਂ ਸਾਰੇ ਹੀ ਪੂਰੇ ਸੀਗੇ। ਲੇਕਿਨ ਆਪ ਨੂੰ ਪਤਾ ਸੀ ਕਿ ਇਹ ਤਾਂ ਪੰਥ ਦੇ ਉਤੋਂ ਵਾਰ ਦਿਤੇ ਜਾਣੇ ਨੇ ਤੇ ਸੰਗਤ ਦੇ ਵਿਚੋਂ ਹੀ ਗੁਰੂ ਰੂਪ ਖਾਲਸਾ ਤਿਆਰ ਕੀਤਾ ਜਾਵੇ, ਜਿਹੜਾ ਗੁਰੂ ਦਾ ਰੂਪ ਬਣੇ। ਸੋ ਉਹਦੇ ਵਾਸਤੇ ਮੈਂ ਪਿੱਛੇ ਬੇਨਤੀ ਕਰੀ ਸੀ ਕਿ ਸਿੱਖੀ ਪੂਰੀ ਹੋਈ ਹੋਈ ਸੀ। ਕੁਰਬਾਨੀਆਂ ਵੀ ਘੱਟ ਨਹੀਂ ਸੀ, ਭਾਈ ਦਿਆਲੇ ਨੇ ਦੇਗ ਵਿਚ ਉਬਲਦੇ ਨੇ ਹਾਏ ਬੂ ਨਹੀਂ ਕੀਤੀ। ਸ਼ਕਤੀ ਦਾ ਮਾਲਕ ਸੀ ਕਿ ਜੇ ਚਾਹੁੰਦਾ ਤਾਂ ਦਿੱਲੀ ਗਰਕ ਕਰ ਦਿੰਦਾ, ਭਾਈ ਮਤੀਦਾਸ ਜੀ ਨੂੰ ਆਰੇ ਨਾਲ ਚੀਰ ਰਹੇ ਨੇ, ਜਪੁਜੀ ਸਾਹਿਬ ਦਾ ਪਾਠ ਹੋ ਰਿਹਾ ਹੈ। ਦੋ ਹਿੱਸਿਆਂ 'ਚ ਸਰੀਰ ਚੀਰਿਆ ਗਿਆ, ਹੈਰਾਨ ਹੋ ਰਹੇ ਨੇ ਕਿ ਦੋਹਾਂ ਦੇ ਵਿਚੋਂ ਜਪੁਜੀ ਸਾਹਿਬ ਦੇ ਪਾਠ ਦੀ ਆਵਾਜ਼ ਆਉਂਦੀ ਹੈ ਤੇ ਜਦੋਂ ਤੱਕ 'ਕੇਤੀ ਛੁਟੀ ਨਾਲਿ' ਦੀ ਆਵਾਜ਼ ਨਹੀਂ ਆਈ, ਉਨ੍ਹਾਂ ਚਿਰ ਸਰੀਰ ਨਹੀਂ ਬੰਦ ਹੋਇਆ। ਜਦੋਂ ਭੋਗ ਪਾ ਦਿਤਾ ਜਪੁਜੀ ਸਾਹਿਬ ਦਾ ਫੇਰ ਉਸ ਸਰੀਰ ਦੇ ਵਿਚੋਂ ਚੇਤਨ ਕਲਾ ਕੱਢੀ ਆਪ ਜੀ ਨੇ। ਇਹ ਕੀ ਅਵਸਥਾ ਹੋਈ?

ਮਹਾਰਾਜ ਕਹਿੰਦੇ ਇਹ ਇਕ ਐਸੀ ਅਵਸਥਾ ਹੈ ਕਿ ਜਿੱਥੇ ਮੌਤ ਜਿਹੜੀ ਹੈ ਗੁਰਸਿੱਖ ਦੇ ਨੇੜੇ ਨਹੀਂ ਆਉਂਦੀ, ਗੁਰਸਿੱਖ ਆਪਣੀ ਮਰਜ਼ੀ ਦੇ ਨਾਲ ਸੰਸਾਰ 'ਚ ਆਉਂਦਾ ਹੈ ਤੇ ਜਦੋਂ ਜੀਅ ਕਰੇ ਉਸ ਵੇਲੇ ਚਲਿਆ ਜਾਂਦਾ ਹੈ।

***ਗੁਰਮੁਖਿ ਆਵੈ ਜਾਇ ਨਿਸੰਗੁ ॥ ਅੰਗ - ੯੩੨***

ਫੇਰ ਵੀ ਐਸੇ ਕੌਤਕ ਹੁੰਦੇ ਨੇ ਜਿਹੜੇ ਹੈਰਾਨ ਕਰ ਦਿੰਦੇ ਨੇ।

ਸਰਮੱਦ ਇਕ ਬਹੁਤ ਵੱਡਾ ਮਹਾਂਪੁਰਸ਼ ਹੋਇਆ ਹੈ, ਔਰੰਗਜ਼ੇਬ ਦਾ ਰਾਜ ਸੀ, ਆਪ ਬੇਪਰਵਾਹ ਸੀ, ਨਾ ਹਿੰਦੂ ਦੀ ਪਰਵਾਹ ਨਾ ਮੁਸਲਮਾਨ ਦੀ, ਜਿੱਥੋਂ ਮਿਲ ਗਿਆ ਪ੍ਰਸ਼ਾਦਾ ਛਕ ਲੈਂਦੇ। ਕੱਟੜ ਬੜੇ ਦੁਖੀ ਹੁੰਦੇ ਸੀ ਕਿ ਹਿੰਦੂ ਦਾ ਬਣਾਇਆ ਹੋਇਆ ਪ੍ਰਸ਼ਾਦਾ ਛੱਕ ਲੈਂਦਾ ਹੈ। ਪਰ ਉਹ ਇਨ੍ਹਾਂ ਨਾਲ ਲੱਗਦਾ ਬੜਾ ਸੀ। ਔਰੰਗਜ਼ੇਬ ਖਾਸ ਕਰਕੇ ਲੱਗਦਾ ਸੀ, ਉਹਦੇ ਮਨ ਵਿਚ ਸੀ ਕਿ ਏਸ ਫਕੀਰ ਨੂੰ ਮੈਂ ਮਰਵਾ ਦੇਵਾਂ। ਬੈਠਦੇ ਜਾਮਾ ਮਸਜਿਦ ਦੇ ਸਾਮ੍ਹਣੇ ਸੀ, ਉਥੇ ਉਨ੍ਹਾਂ ਦਾ ਮਜ਼ਾਰ ਬਣਿਆ ਹੋਇਆ ਹੈ, ਜਿਨ੍ਹਾਂ ਨੇ ਦਿੱਲੀ ਦੇ ਵਿਚ ਦੇਖੀ ਹੈ, ਉਨ੍ਹਾਂ ਨੂੰ ਪਤਾ ਹੈ, ਉਥੋਂ ਦੀ ਲੰਘ ਕੇ ਜਾਂਦੇ ਸੀ ਨਮਾਜ਼ ਪੜ੍ਹਨ ਵਾਲੇ। ਜਦੋਂ ਔਰੰਗਜ਼ੇਬ ਨੇ ਲੰਘਣਾ ਤਾਂ ਹਰ ਵਕਤ ਚਿੜਦਾ ਸੀ ਏਸ ਫਕੀਰ ਨਾਲ ਤੇ ਇਹਨੇ ਕਿਰਿਆ ਕੀ ਬਣਾਈ ਵਸਤਰ ਲਾਹ ਦਿਤੇ ਸਾਰੇ ਹੀ ਨਗਨ ਫਿਰਨ ਲੱਗ ਗਿਆ। ਮਸਜਿਦ ਦੇ ਸਾਮ੍ਹਣੇ ਨਗਨ ਬੈਠਣਾ ਸ਼ਰ੍ਹਾ ਦੀ ਬੇ-ਹੁਰਮਤੀ ਹੋਇਆ ਕਰਦੀ ਹੈ। ਔਰੰਗਜ਼ੇਬ ਆਪ ਹੀ ਕੱਟੜ ਸੀ, ਮੌਲਵੀਆਂ ਨਾਲੋਂ ਜ਼ਿਆਦਾ, ਕਹਿਣ ਲੱਗਿਆ ਕਿ ਫਕੀਰ ਸਾਈਂ ਤੂੰ ਬਰੈਹਿਨਾ ਨਾ ਰਿਹਾ ਕਰ, ਨੰਗਾ ਨਾ ਰਿਹਾ ਕਰ।

ਸੁਰਮੱਦ ਨੇ ਕਿਹਾ, ਮੈਂ ਤੇਰੇ ਪਾਪ ਢਕਾਂ ਕਿ ਆਪਣੇ ਸਰੀਰ ਨੂੰ ਢਕਾਂ?

ਆਹ ਕੰਬਲ ਪਿਆ ਹੈ ਕਹਿੰਦਾ ਉਤੇ ਨਹੀਂ ਲੈ ਸਕਦਾ ਤੂੰ?

ਕਹਿੰਦਾ, ਆ ਜਾ ਨੀਚੇ ਉਤਰ ਆ ਹਾਥੀ ਤੋਂ, ਮੇਰੇ ਉਤੇ ਦੇ ਦੇ। ਹਾਥੀ ਬਿਠਾ ਲਿਆ, ਔਰੰਗਜ਼ੇਬ ਉਤਰਿਆ, ਕਿਉਂਕਿ ਮਸਜਿਦ ਜਾਣਾ ਸੀ। ਚੁੱਕ ਕੇ ਕੰਬਲ ਉਹਦੇ ਉਤੇ ਦੇਣ ਲੱਗਿਆ ਤੇ ਹੇਠਾਂ ਕੀ ਦੇਖਦਾ ਹੈ ਕਿ ਪਿਉ ਦਾ ਸਿਰ ਹੈ, ਭਰਾਵਾਂ ਦੇ ਸਿਰ ਨੇ, ਬੇਅੰਤ ਸਾਧੂ ਸੰਤਾਂ ਦੇ ਜਿਹੜੇ ਇਹਨੇ ਮਾਰੇ ਸੀ ਸਭ ਦੇ ਸਿਰ ਹੀ ਸਿਰ ਨਜ਼ਰ ਆਏ, ਡਰ ਕੇ ਕੰਬਲ ਓਵੇਂ ਜਿਵੇਂ ਰੱਖ ਦਿਤਾ।

ਕਹਿੰਦੇ, ਜੇ ਹਿੰਮਤ ਹੈ ਤਾਂ ਕੰਬਲ ਦੇ ਦੇ ਮੇਰੇ ਉਤੇ। ਮੈਂ ਤੇਰੇ ਦੋਸ਼ਾਂ ਨੂੰ ਢਕਾਂ ਕਿ ਆਪਣਾ ਸਰੀਰ ਢਕਾਂ। ਡਰ ਗਿਆ, ਸ਼ਰਧਾ ਵਿਚ ਨਹੀਂ ਆਇਆ। ਸ਼ਰਧਾ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੇ ਵੀ ਨਹੀਂ ਆਇਆ। ਰਾਮਰਾਇ ਜੀ ਨੇ 72 ਕਿਸਮ ਦੀਆਂ ਸ਼ਕਤੀਆਂ ਦਿਖਾਈਆਂ ਉਹਨੂੰ, ਉਤੇ ਵੀ ਸ਼ਰਧਾ 'ਚ ਨਹੀਂ ਆਇਆ, ਕੱਟੜ ਸੀ ਬਹੁਤ। ਜੇ ਰੱਬ ਵੀ ਆ ਜਾਂਦਾ, ਉਹਦੇ ਵੀ ਉਹਨੇ ਸ਼ਰਧਾ ਵਿਚ ਨਹੀਂ ਸੀ ਆਉਣਾ। ਸੋ ਐਸਾ ਉਹ ਮਹਾਂਪੁਰਸ਼ ਸੀ।

ਇਕ ਵਾਰੀ ਕੋਈ ਆਇਆ ਗਰੀਬ ਆਦਮੀ ਕਹਿਣ

ਲੱਗਿਆ ਮਹਾਰਾਜ, ਮੇਰੀ ਲੜਕੀ ਦੀ ਸ਼ਾਦੀ ਹੈ, ਮੇਰੇ ਕੋਲ ਕੋਈ ਪੈਸਾ ਨਹੀਂ। ਕਹਿੰਦੇ ਐਉਂ ਕਰ, ਆਹ ਕਾਨਾ ਫੜਾ ਸਾਨੂੰ। ਕਾਨਾ ਤੋੜ ਲਿਆ ਤੇ ਮੰਜਾ ਜਿਹਾ ਬਣਾ ਦਿਤਾ ਉਹਦੇ ਵਿਚ। ਪਾੜ ਕੇ ਉਹਨੂੰ ਜਿਵੇਂ ਮੰਜਾ ਹੁੰਦਾ ਹੈ ਐਉਂ ਬਣਾ ਦਿਤਾ ਤੇ ਕਿਹਾ ਕਿ ਔਰੰਗਜ਼ੇਬ ਦਾ ਤਖਤ ਹੈ ਦੱਸ ਹਜ਼ਾਰ 'ਚ ਵੇਚ ਆ ਬਜ਼ਾਰ ਵਿਚ। ਹੋਕਾ ਦੇਣਾ ਸ਼ੁਰੂ ਕਰ ਦਿਤਾ, ਟੋਕਰੀ 'ਚ ਰੱਖਿਆ ਹੋਇਆ ਹੈ, ਉਹ ਇਕੋ ਗੱਲ ਕਰਦਾ ਜਾਂਦਾ ਹੈ ਕਿ ਔਰੰਗਜ਼ੇਬ ਦਾ ਤਖਤ ਪੀਰ ਸੁਰਮੱਦ ਨੇ ਦੱਸ ਹਜ਼ਾਰ 'ਚ ਵੇਚਣਾ ਕਰ ਲਿਆ, ਮੇਰੇ ਸਿਰ ਦੇ ਉਤੇ ਉਹਦਾ ਤਖਤ ਹੈ। ਔਰੰਗਜ਼ੇਬ ਨੂੰ ਜਾ ਕੇ ਖਬਰ ਕੀਤੀ ਗਈ ਕਿ ਮਹਾਰਾਜ! ਤੁਹਾਡਾ ਤਾਂ ਤਖਤ ਨਿਲਾਮ ਹੋ ਰਿਹਾ ਹੈ ਦੱਸ ਹਜ਼ਾਰ 'ਚ।

ਡਰ ਗਿਆ ਕਿ ਜੇ ਸੁਰਮੱਦ ਕਰ ਰਿਹਾ ਹੈ ਤਾਂ ਸੱਚੀਓਂ ਮੇਰਾ ਤਖਤ ਨਿਲਾਮ ਹੋ ਜਾਣਾ ਹੈ। ਉਸੇ ਵੇਲੇ ਪੈਸੇ ਦਿਤੇ ਕਹਿਣ ਲੱਗਿਆ, ਹੁਣੇ ਖਰੀਦ ਲਿਆਓ। ਦੱਸ ਹਜਾਰ ਰੁਪਿਆ ਦਿਤਾ ਉਸ ਪ੍ਰੇਮੀ ਨੂੰ ਤੇ ਉਹ ਕਾਨਿਆਂ ਦਾ ਤਖਤ ਬਣਿਆ ਹੋਇਆ ਲੈ ਗਏ। ਬਚਾ ਲਿਆ ਰਾਜ ਸਾਧੂ ਤੋਂ।

ਸੋ ਐਸੇ ਬੇਪਰਵਾਹ ਸਨ। ਉਹ ਇਕ ਕਲਮਾ ਪੜ੍ਹਦੇ ਹੁੰਦੇ। 'ਇਲ ਇਲ ਲਾ' ਲਾ ਇਲਾ ਨਹੀਂ ਸੀ ਕਹਿੰਦੇ ਹੁੰਦੇ,। ਔਰੰਗਜ਼ੇਬ ਨੇ ਕਹਿਣਾ ਕਿ ਤੂੰ ਪੂਰਾ ਕਲਮਾ ਕਿਉਂ ਨਹੀਂ ਪੜ੍ਹਦਾ, ਸ਼ਰ੍ਹਾ ਦੀ ਬੇਹੁਰਮਤੀ ਕਰਦਾ ਹੈਂ, ਧੱਜੀਆਂ ਉਡਾਉਂਦਾ ਹੈਂ। ਕਾਜ਼ੀਆਂ ਨੇ ਫਤਵਾ ਦੇ ਦਿਤਾ ਕਿ ਏਸ ਬੰਦੇ ਨੂੰ ਕਤਲ ਕਰ ਦੇਣਾ ਚਾਹੀਦਾ ਹੈ। ਔਰੰਗਜ਼ੇਬ ਨੇ ਕਿਹਾ ਸੁਰਮੱਦ ਤੂੰ ਕਲਮੇ ਦੀ ਬੇਹੁਰਮਤੀ ਕਰਦਾ ਹੈਂ, ਮਰਿਆਦਾ ਭੰਗ ਕਰਦਾ ਹੈਂ, ਤੈਨੂੰ ਸਜ਼ਾ-ਏ-ਮੌਤ ਦੇਣਾ ਦਾ ਹੁਕਮ ਹੋ ਚੁੱਕਿਆ ਹੈ।

ਕਹਿੰਦਾ, ਜੇ ਮੈਨੂੰ ਸਜ਼ਾ-ਏ-ਮੌਤ ਦਿਤੀ ਨਾ ਤਾਂ ਤੇਰਾ ਇਕ ਵੀ ਬਾਲ-ਬੱਚਾ ਨਹੀਂ ਬਚਣਾ। ਜੇ ਤੈਨੂੰ ਇਤਬਾਰ ਨਹੀਂ ਆਉਂਦਾ ਤਾਂ ਮੇਰੀ ਉਂਗਲੀ ਨੂੰ ਕੱਟ ਕੇ ਦੇਖ। ਔਰੰਗਜ਼ੇਬ ਨੇ ਕਿਹਾ ਚੀਰਾ ਦਿਓ ਇਹਦੀ ਉਂਗਲੀ ਤੇ। ਚੀਰਾ ਉਹਦੀ ਉਂਗਲੀ ਤੇ ਦੇਣ ਲੱਗੇ ਨੇ ਤੇ ਔਰੰਗਜ਼ੇਬ ਹਾਏ-ਹਾਏ ਕਰਦਾ ਹੈ, ਕਹਿੰਦਾ ਬੱਸ-ਬੱਸ ਡੂੰਘਾ ਨਾ ਕੱਟ ਦਿਓ। ਐਨੇ ਨੂੰ ਮਹਿਲਾਂ 'ਚੋਂ ਖਬਰਾਂ ਆ ਗਈਆਂ ਕਿ ਰਾਜਕੁਮਾਰ ਦੀ ਉਂਗਲੀ ਕੱਟ ਗਈ, ਬੇਗਮਾਂ ਦੀਆਂ ਉਂਗਲੀਆਂ ਕੱਟ ਗਈਆਂ ਮਹਾਰਾਜ।

ਕਹਿਣ ਲੱਗਿਆ, ਇਹ ਤਾਂ ਨਹੀਂ ਮਾਰਿਆ ਜਾ ਸਕਦਾ। ਕਹਿਣ ਲੱਗਿਆ ਕਿ ਫਕੀਰ ਸਾਈਂ! ਫਕੀਰ ਤਾਂ ਦੇਹ ਅਧਿਆਸ ਤੋਂ ਉਤੇ ਹੁੰਦੇ ਨੇ, ਤੂੰ ਤਾਂ ਆਪਣੇ ਆਪ ਨੂੰ ਦੇਹ ਮੰਨਦਾ ਹੈਂ।

ਸੁਰਮੱਦ ਨੇ ਕਿਹਾ ਕਿ ਤੈਨੂੰ ਚਮੜੇ ਦੀ ਲੋੜ ਹੈ ਦੇ ਦੇਵਾਂਗਾ ਮੈਂ। ਲੈ ਲੈ। ਤੇਰੀ ਵੀ ਮੰਗ ਅਸੀਂ ਜ਼ਰੂਰ ਪੂਰੀ ਕਰਾਂਗੇ। ਸੰਤਾਂ ਦੇ ਦਰ ਤੇ ਜੋ ਕੋਈ ਮੰਗਦਾ ਹੈ ਉਹ ਦੇ ਦਿਆ ਕਰਦੇ ਨੇ।

ਤੇ ਉਹ ਇਹ ਕਹਿੰਦੇ ਨੇ ਕਿ ਇਹ ਜਿਹੜਾ ਦਰ ਹੈ ਉਹ ਬਾਦਸ਼ਾਹਾਂ ਦਾ ਬਾਦਸ਼ਾਹ ਹੈ। ਇਹਨੇ ਆ ਕੇ ਕਿਹਾ ਕਿ ਤੂੰ ਕਿਵੇਂ ਇਹ ਗੱਲ ਕਹੀ ਜਾਂਦਾ ਹੈਂ? ਉਹ ਤਾਂ ਮੇਰੀ ਕੈਦ ਦੇ ਅੰਦਰ ਹੈ, ਮੈਂ ਏਸ ਵੇਲੇ ਦਿੱਲੀ ਦੇ ਤਖਤ ਤੇ ਬੈਠਾ ਹਾਂ।

ਉਹ ਕਹਿੰਦੇ ਜੇ ਦੇਖਣਾ ਹੈ ਤਾਂ ਅੱਜ ਰਾਤ ਨੂੰ ਦੇਖ ਲਈਂ ਤੂੰ। ਤੈਨੂੰ ਦਿਖਾ ਦੇਵਾਂਗੇ ਕਿ ਬਾਦਸ਼ਾਹ ਕਿਹਾ ਜਿਹਾ ਹੈ।

ਜਿਸ ਵਕਤ ਰਾਤ ਪਈ, ਸੁਪਨਾ ਆਉਂਦਾ ਹੈ, ਸੁਪਨੇ ਵਿਚ ਕੀ ਦੇਖਦਾ ਹੈ, ਉਹ ਤਾਂ ਬਹਿਸ਼ਤਾਂ ਦੇ ਤਖਤ ਦੇ ਉਤੇ ਬੈਠਾ ਹੈ। ਨੂਰ ਝਿਲਮਿਲ-ਝਿਲਮਿਲ ਕਰਦਾ ਹੈ ਉਹਦੇ ਦੁਆਲੇ ਤੇ ਆਪ ਕੀ ਹੈ, ਗੰਦ ਮੰਦ ਚੁੱਕਣ ਵਾਲਾ ਬੰਦਾ ਹੈ, ਗੰਦ ਚੋ ਰਿਹਾ ਹੈ, ਦਾੜ੍ਹੀ ਤੇ ਮੂੰਹ ਤੇ ਪੈ ਰਿਹਾ ਹੈ। ਬਦਬੂ ਆ ਰਹੀ ਹੈ, ਸੜਿਆਂਦ ਮਾਰ ਰਹੀ ਹੈ। ਜਾਗ ਆ ਗਈ, ਜਦੋਂ ਆਇਆ ਦੂਸਰੇ ਦਿਨ ਕਹਿਣ ਲੱਗੇ ਦੇਖ ਲਿਆ ਤੇਰਾ ਹਾਲ ਆਹ ਹੋਣਾ ਹੈ ਤੇ ਉਹਦਾ ਆਹ ਹੋਇਆ ਹੈ। ਸੋ ਇਸ ਤਰ੍ਹਾਂ ਦੇ ਨਾਲ ਬਹੁਤ ਡਰਦਾ ਸੀ।

ਅਖੀਰ ਇਹਨੇ ਕੈਦ ਕਰ ਦਿਤਾ, ਕੋਰੜੇ ਲਾਉਣੇ ਸ਼ੁਰੂ ਕਰ ਦਿਤੇ, ਰੋਜ਼ ਦੇ ਸੌ ਕੋਰੜੇ ਮਾਰਦਾ ਸੀ ਤੇ ਨਮਕ ਵਾਲਾ ਪਾਣੀ ਦਿੰਦਾ ਸੀ ਤੇ ਅਖੀਰ ਜਾਮਾ ਮਸਜਿਦ ਦੇ ਅੱਗੇ ਲੈ ਆਉਂਦਾ ਸੀ ਤੇ ਉਥੇ ਕਹਿਣ ਲੱਗੇ ਕਿ ਤੈਨੂੰ ਕਤਲ ਕਰਨਾ ਹੈ। ਕਹਿੰਦੇ ਕਰ ਦੇ, ਫੇਰ ਮੈਂ ਤੇਰਾ ਜਿਹੜਾ ਅੱਧਾ ਕਲਮਾ ਹੈ ਉਹ ਬੋਲਾਂਗਾ, ਤੇਰੀ ਵੀ ਭਾਵਨਾ ਪੂਰੀ ਕਰ ਦੇਵਾਂਗਾ। ਜਦੋਂ ਉਹਦਾ ਸੀਸ ਕੱਟ ਦਿਤਾ, ਉਹ ਸੀਸ ਧਰਤੀ ਤੇ ਟਿਕਿਆ ਨਹੀਂ ਹੈ, ਉਹਦੇ ਵਿਚੋਂ ਆਵਾਜ਼ ਆ ਰਹੀ ਹੈ, 'ਲਾ ਇਲਾ ਇਲ ਇਲ ਲਾ'। ਨਾਲ ਸਰੀਰ ਹਰਕਤ ਕਰ ਰਿਹਾ ਹੈ, ਉਂਗਲੀ ਖੂਨ ਵਿਚ ਭਿਉਂ ਰਿਹਾ ਹੈ, ਆਪਣੇ ਵਿਚ ਹੀ, ਉਹਦੇ ਨਾਲ ਕੰਧ ਤੇ ਲਿਖ ਰਿਹਾ ਹੈ, ਸਾਰੀ ਕੰਧ ਭਰ ਦਿਤੀ ਲਿਖ ਕੇ। ਸੋ ਐਸੇ-ਐਸੇ ਮਹਾਂਪੁਰਸ਼ ਨੇ, ਸਰੀਰ ਕੱਟ ਦਿਤਾ ਲੇਕਿਨ ਲਿਖ ਰਿਹਾ ਹੈ ਉਹਦਾ ਸਰੀਰ।

ਬਾਬਾ ਦੀਪ ਸਿੰਘ ਜੀ ਦਾ ਸੀਸ ਕੱਟਿਆ ਜਾਂਦਾ ਹੈ,

ਲੇਕਿਨ ਸ਼ਸਤਰ ਉਵੇਂ ਜਿਵੇਂ ਚੱਲ ਰਿਹਾ ਹੈ, ਸੀਸ ਹੱਥ ਤੇ ਉਤੇ ਸਾਂਭਿਆ ਹੋਇਆ ਹੈ। ਕਿਉਂਕਿ ਅਜੇ ਜਾਣਾ ਨਹੀਂ ਸੀ ਚਾਹੁੰਦੇ। ਅਜੇ ਪ੍ਰਕਰਮਾ ਤੱਕ ਸੀਸ ਲੈ ਕੇ ਜਾਣਾ ਸੀ। ਸੋ ਇਸ ਤਰ੍ਹਾਂ ਨੇ ਨਾਲ ਭਾਈ ਦਿਆਲਾ ਜੀ ਦੇਗ 'ਚ ਉਬਾਲੇ ਖਾਂਦੇ ਆਪਣੀ ਮਰਜ਼ੀ ਦੇ ਨਾਲ ਚਲੇ ਗਏ। ਭਾਈ ਸਤੀ ਦਾਸ ਜੀ ਨੂੰ ਅੱਗ ਲਾ ਦਿਤੀ, ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਦਿਤਾ। ਸੋ ਮੈਂ ਇਹ ਬੇਨਤੀ ਕਰਦਾ ਹਾਂ ਕਿ ਸਿੱਖੀ ਤਾਂ ਬਹੁਤ ਮਜ਼ਬੂਤ ਸੀ, ਗੁਰੂ ਨਾਨਕ ਸਾਹਿਬ ਵੇਲੇ ਤੋਂ ਹੀ, ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਨੇ ਰੂਪ-ਰੇਖਾ ਦੇਣੀ ਸੀ, ਸੰਗਤ ਨੂੰ ਪਰਖ ਕੇ ਸੰਗਤ ਦੇ ਸਾਮ੍ਹਣੇ। ਸੋ ਇਸ ਪਰਖਣ ਨੂੰ ਕਸਵੱਟੀ ਕਹਿੰਦੇ ਨੇ। ਜਦੋਂ ਕਸਵੱਟੀ ਲਗਦੀ ਹੈ, ਕੱਚੇ ਪਿੱਲੇ, ਗੱਲਾਂ ਵਾਲੇ ਨਹੀਂ ਪਾਸ ਹੋਇਆ ਕਰਦੇ। ਜਦੋਂ ਕਸਵੱਟੀ ਲੱਗਦੀ ਹੈ, ਅਸਲ ਤਾਂ ਨਿਕਲ ਆਉਂਦਾ ਹੈ, ਲੇਕਿਨ ਜਿਹੜੀ ਖੋਟ ਹੈ, ਦਿਖਾਵਾ ਉਹ ਰਹਿ ਜਾਂਦਾ ਹੈ, ਉਹ ਨਹੀਂ ਨਿਕਲਿਆ ਕਰਦਾ।

ਜਿਸ ਨੇ ਆਪਣੇ ਸਿਰ ਤੋਂ ਪਰ੍ਹੇ ਜਾ ਕੇ ਪਿਆਰ ਗੁਰੂ ਦੇ ਨਾਲ ਪਾਇਆ ਹੈ ਉਹ ਤਾਂ ਪਾਸ ਹੋ ਜਾਂਦਾ ਹੈ, ਦੂਸਰਾ ਜਿਹੜਾ ਗਰਜ਼ਾਂ ਦੇ ਨਾਲ ਗੁਰੂ ਦੇ ਕੋਲ ਆਇਆ ਹੈ, ਉਹ ਫੇਲ੍ਹ ਹੋ ਜਾਂਦਾ ਹੈ।

ਗੁਰੂ ਮਹਾਰਾਜ ਨੂੰ ਗੁਰਸਿੱਖਾਂ ਨੇ ਇਕ ਵਾਰ ਸਵਾਲ ਕਰਿਆ ਕਿ ਮਹਾਰਾਜ! ਤੁਹਾਡੇ ਕੋਲ ਆਉਂਦੇ ਸਾਰੇ ਹੀ ਨੇ, ਇਕ ਤਾਂ ਬਹੁਤ ਉਚੀ ਅਵਸਥਾ ਦੇ ਮਾਲਕ ਨੇ, ਇਕ ਉਸ ਤੋਂ ਹੇਠਾਂ ਨੇ, ਇਕ ਉਸ ਤੋਂ ਹੇਠਾਂ ਨੇ, ਇਕਨਾਂ ਨੂੰ ਕੁਝ ਵੀ ਨਹੀਂ ਪਤਾ ਲਗਦਾ। ਕਾਰਨ ਕੀ ਹੈ, ਤੁਹਾਡੇ ਬਚਨ ਵੀ ਸਾਰੇ ਸੁਣਦੇ ਨੇ, ਫੇਰ ਇਹ ਗੱਲ ਕੀ ਹੁੰਦੀ ਹੈ?

ਗੁਰੂ ਮਹਾਰਾਜ ਕਹਿਣ ਲੱਗੇ, ਪਿਆਰਿਓ! ਤੁਹਾਨੂੰ ਇਕ ਪ੍ਰੈਕਟੀਕਲ ਮਿਸਾਲ ਦੇ ਨਾਲ ਅਸੀਂ ਗੱਲ ਸਮਝਾਉਂਦੇ ਹਾਂ। ਕਹਿਣ ਲੱਗੇ, ਤਿੰਨ ਬਾਟੇ ਲਿਆਓ ਪਾਣੀ ਦੇ ਭਰ ਕੇ। ਹੁਕਮ ਦੀ ਤਾਮੀਲ ਹੋ ਗਈ। ਮਹਾਰਾਜ ਕਹਿੰਦੇ, ਆਹ ਪਤਾਸ਼ੇ ਪਏ ਨੇ ਸਾਮ੍ਹਣੇ, ਇਹਦਾ ਊਂਜਲ ਭਰ ਕੇ ਇਕ ਬਾਟੇ ਵਿਚ ਪਾ ਦੇ ਪਿਆਰਿਆ, ਦੂਰ ਨਿਗ੍ਹਾ ਕੀਤੀ ਕਹਿੰਦੇ ਔਹ ਡਲ੍ਹਾ ਪਿਆ ਹੈ ਮਿਟੀ ਦਾ ਚੁੱਕ ਲਿਆ। ਤੂੰ ਦੂਸਰੇ ਬਾਟੇ ਵਿਚ ਪਾ ਦੇ। ਤੀਸਰੇ ਨੂੰ ਕਿਹਾ ਕਿ ਔਹ ਪੱਥਰ ਪਏ ਨੇ ਛੋਟੇ-ਛੋਟੇ ਤੂੰ ਉਹ ਚੁੱਕ ਲਿਆ ਤੂੰ ਓਸ ਬਾਟੇ 'ਚ ਪਾ ਦੇ। ਆਪ ਬਚਨ ਕਰਨ ਲੱਗ ਗਏ। ਕਾਫੀ ਸਮਾਂ ਲੰਘ ਗਿਆ ਤਾਂ ਇਕ ਗੁਰਸਿੱਖ ਨੇ ਕਿਹਾ ਸੱਚੇ ਪਾਤਸ਼ਾਹ! ਤੁਸੀਂ ਅੱਜ ਇਕ ਸ਼ੰਕਾ ਸੀ ਸਾਰਿਆਂ ਦਾ ਉਹਦਾ ਉਤਰ ਦੇਣਾ ਸੀ। ਕਹਿੰਦੇ ਹਾਂ ਉਤਰ ਦੇ ਰਹੇ ਹਾਂ, ਕਾਹਲੇ ਨਾ ਪਓ।

ਕਹਿਣ ਲੱਗੇ, ਭਾਈ ਲਿਆਓ ਤਾਂ ਬਾਟੇ। ਪਤਾਸ਼ਿਆਂ ਵਾਲੇ ਪ੍ਰੇਮੀ ਨੂੰ ਕਹਿਣ ਲੱਗੇ ਕਿ ਭਾਈ ਤੂੰ ਪਤਾਸ਼ੇ ਪਾ ਦਿਤੇ ਸੀ? ਕਹਿੰਦਾ ਹਾਂ ਜੀ। ਕਹਿੰਦੇ, ਫੇਰ ਕੱਢ ਹੁਣ ਉਨ੍ਹਾਂ ਨੂੰ ਪਾਣੀ 'ਚੋਂ।

ਉਹ ਮਾੜੇ-ਮਾੜੇ ਦਿਸਦੇ ਸੀ, ਜਦੋਂ ਹੱਥ ਪਾਇਆ ਉਹ ਵਿਚੇ ਹੀ ਘੁਲ ਗਏ। ਕਹਿੰਦੇ ਕੱਢਦਾ ਨਹੀਂ ਹੈ? ਕਹਿਣ ਲੱਗਿਆ ਕਿ ਮਹਾਰਾਜ! ਇਹਦੇ ਵਿਚ ਕੁਛ ਵੀ ਨਹੀਂ ਹੈ, ਪਾਣੀ ਹੀ ਪਾਣੀ ਹੈ। ਦੂਸਰੇ ਨੂੰ ਕਿਹਾ ਤਾਂ ਉਹਨੇ ਊਂਜਲ ਭਰ ਲਿਆ ਤੇ ਗਾਰਾ ਕੱਢ ਲਿਆ ਬਾਹਰ, ਪਾਣੀ ਹੈ ਹੀ ਨਹੀਂ ਸੀ ਉਹਦੇ ਵਿਚ। ਕਹਿੰਦੇ ਇਹਨੂੰ ਧੁੱਪੇ ਰੱਖ ਆਓ। ਤੀਸਰੇ ਨੂੰ ਕਿਹਾ ਪੱਥਰ ਕੱਢ। ਮੌਸਮ ਗਰਮੀ ਦਾ ਸੀ, ਹਵਾ ਗਰਮ ਚਲਦੀ ਸੀ, ਮਹਾਰਾਜ ਕਹਿਣ ਲੱਗੇ ਕਿ ਕਿਉਂ ਭਾਈ ਇਹ ਗਿੱਲੇ ਹੋਏ ਜਾਂ ਨਹੀਂ? ਉਹ ਦੇਖਦੇ-ਦੇਖਦੇ ਹਵਾ ਗਰਮ ਆਈ ਸੁੱਕ ਗਏ ਉਦੋਂ ਹੀ। ਕਹਿੰਦਾ ਮਹਾਰਾਜ! ਜਦੋਂ ਕੱਢੇ ਸੀ ਉਦੋਂ ਤਾਂ ਗਿੱਲੇ ਸੀ। ਪਰ ਹਵਾ ਲੱਗਣ ਦੇ ਨਾਲ ਇਹ ਤਾਂ ਉਹੋ ਜਿਹੇ ਬਣ ਗਏ ਜਿਵੇਂ ਦੇ ਪਹਿਲਾਂ ਸੀ। ਕਹਿੰਦੇ ਚੰਗਾ ਰੱਖ ਦਿਓ।

ਥੋੜ੍ਹੀ ਦੇਰ ਬਾਅਦ ਗੁਰੂ ਮਹਾਰਾਜ ਕਹਿਣ ਲੱਗੇ ਕਿ ਦੇਖੋ ਪਿਆਰਿਓ! ਇਕ ਉਹ ਨੇ ਜਿਹੜੇ ਗੁਰੂ ਦੀ ਬਾਣੀ ਵਿਚ ਲੀਨ ਹੋ ਕੇ ਆਪਣਾ ਆਪਾ ਗਵਾ ਦਿੰਦੇ ਨੇ ਉਹ ਤਾਂ ਹੈਗੇ ਪਤਾਸ਼ਿਆਂ ਵਰਗੇ। ਦੂਸਰੇ ਉਹ ਨੇ ਤੇ ਜਿਹੜੇ ਬਚਨ ਸੁਣ ਕੇ ਕੁਛ ਮਨ ਢਲ ਗਿਆ ਉਨ੍ਹਾਂ ਦਾ, ਕੁਛ ਗੁਰੂ ਵਲ ਲਗ ਗਿਆ, ਸੁਣਿਆ ਤੇ ਸੁਣ ਕੇ ਅੰਮ੍ਰਿਤ ਵੀ ਛਕ ਲਿਆ ਪਰ ਜਦੋਂ ਥੋੜ੍ਹੀ ਦੇਰ ਬਾਅਦ ਕੁਸੰਗ ਦੀ ਗਰਮ ਹਵਾ ਦਾ ਝੋਲਾ ਆਉਣਾ ਹੈ, ਉਸ ਵੇਲੇ ਜਿਵੇਂ ਮਿੱਟੀ ਦਾ ਡਲਾ ਕੱਢ ਕੇ ਰੱਖਿਆ, ਥੋੜ੍ਹੀ ਦੇਰ ਨੂੰ ਸੁੱਕ ਜਾਣਾ ਹੈ, ਇਕ ਐਸੇ ਹੁੰਦੇ ਨੇ। ਅਸਰ ਤਾਂ ਉਨ੍ਹਾਂ ਤੇ ਹੁੰਦਾ ਹੈ ਪਰ ਛੇਤੀ ਹੀ ਖਤਮ ਹੋ ਜਾਂਦਾ ਹੈ। ਤੀਸਰੇ ਉਹ ਨੇ ਜਿਹੜੇ ਪੱਥਰਾਂ ਵਾਂਗੂੰ ਥੋੜ੍ਹਾ ਜਿਹਾ ਸੁਣਿਆ ਤੇ ਫੇਰ ਉਥੇ ਦੇ ਉਥੇ। ਕਹਿੰਦੇ, ਐਸ ਤਰ੍ਹਾਂ ਦੇ ਸਾਡੇ ਕੋਲ ਆਉਂਦੇ ਨੇ। ਪਰ ਅਸੀਂ ਸਿੱਖੀ ਨੂੰ ਪੰਜ ਹਿੱਸਿਆਂ 'ਚ ਵੰਡਦੇ ਹਾਂ। ਇਕ ਤਾਂ ਉਹ ਨੇ ਜਿਹੜੇ ਆਪਣੇ ਕਾਰਜਾਂ ਦੇ ਵਾਸਤੇ ਆਉਂਦੇ ਨੇ, ਨਾ ਗੁਰੂ ਨਾਲ ਪਿਆਰ ਹੈ, ਨਾ ਬਾਣੀ ਨਾਲ ਪਿਆਰ ਹੈ, ਮੇਰਾ ਕੰਮ ਉਥੇ ਹੋ ਜਾਏਗਾ ਮੈਨੂੰ ਬੱਚੇ ਦੀ ਦਾਤ ਪ੍ਰਾਪਤ ਹੋ ਜਾਏਗੀ, ਮੇਰਾ ਕਾਰੋਬਾਰ ਚੱਲ ਜਾਏਗਾ, ਮੇਰਾ ਆਹ ਹੋ ਜਾਏਗਾ, ਮੇਰਾ ਓਹ ਹੋ ਜਾਏਗਾ। ਉਹ ਮਨਸਾ ਧਾਰ ਕੇ ਆਉਂਦੇ ਨੇ ਕਿ ਗੁਰੂ ਦੇ ਦਰਸ਼ਨ ਨੂੰ ਮੈਂ ਚੱਲਿਆ ਹਾਂ ਮੇਰਾ ਆਹ ਕਾਰਜ ਸਿੱਧ ਹੋ ਜਾਵੇ। ਕਿਉਂਕਿ ਕਾਰਜ ਸਾਡੇ ਮਨ

ਦੇ ਵਿਚ ਬਹੁਤੇ ਸਮਾਏ ਹੋਏ ਨੇ।

ਗੁਰੂ ਨਾਨਕ ਪਾਤਸ਼ਾਹ ਜਦੋਂ ਸਰੀਰ ਛੱਡਣ ਲੱਗੇ ਤਾਂ ਸਾਧਾਰਣ ਸਿੱਖ ਸੀਗਾ ਜਿਹੜਾ ਉਨ੍ਹਾਂ ਦੇ ਕੋਲ ਰਹਿੰਦਾ। ਉਹਨੂੰ ਰਾਤ ਨੂੰ ਕਹਿੰਦੇ ਸਾਧਾਰਣਾ ਅਸੀਂ ਬਈ ਸਵੇਰੇ ਸਰੀਰ ਛੱਡ ਜਾਣਾ, ਤੂੰ ਸਾਡੀ ਸੇਵਾ ਕਰਦਾ ਹੈਂ, ਮੰਗ ਕੀ ਦੇਈਏ ਤੈਨੂੰ। ਪਰ ਅਸੀਂ ਤੇਰੀ ਇਕ ਮੰਗ ਪੂਰੀ ਕਰਨੀ ਹੈ ਮੰਗ ਲੈ ਜਿਹੜਾ ਕੁਛ ਤੂੰ ਮੰਗਣਾ ਹੈ। ਓਧਰ ਤਾਂ ਗੁਰੂ ਮਹਾਰਾਜ ਸੰਸਾਰ ਤੋਂ ਅਲੋਪ ਹੋਣ ਦੀਆਂ ਤਿਆਰੀਆਂ ਕਰ ਰਹੇ ਨੇ, ਓਧਰ ਭਾਈ ਸਾਧਾਰਣ ਕੀ ਮੰਗਦਾ ਹੈ, ਕਹਿੰਦਾ ਸੱਚੇ ਪਾਤਸ਼ਾਹ! ਆਗਰੇ ਦੀ ਜੇਲ੍ਹ ਵਿਚ ਮੇਰਾ ਕੁੜਮ ਫਸਿਆ ਹੋਇਆ ਹੈ ਉਹ ਛੁਟ ਜਾਵੇ। ਮਹਾਰਾਜ ਕਹਿੰਦੇ, ਤੂੰ ਸਾਡੇ ਕੋਲ ਰਿਹਾ ਹੈਂ, ਕੋਈ ਦਰਗਾਹ ਦੀ ਚੀਜ਼ ਮੰਗ ਲੈ। ਕਹਿੰਦਾ, ਫੇਰ ਮੈਨੂੰ ਉਲਾਂਭੇ ਦੇਣਗੇ ਕਿ ਗੁਰੂ ਕੋਲ ਰਹਿ ਕੇ ਮੈਨੂੰ ਵੀ ਨਾ ਛੁਡਾਇਆ। ਉਸ ਤੋਂ ਬਾਅਦ ਮਹਾਰਾਜ ਨੇ ਸਰੀਰ ਛੱਡ ਦਿਤਾ। ਮਾਤਾ ਜੀ ਨੇ ਜਿਸ ਵਕਤ ਕਿਹਾ ਕਿ ਮਹਾਰਾਜ! ਤੁਸੀਂ ਤਾਂ ਸਭ ਕੁਛ ਬਾਹਰਲਿਆਂ ਨੂੰ ਦੇ ਗਏ, ਬੱਚਿਆਂ ਨੂੰ ਤਾਂ ਕੁਛ ਦੇ ਕੇ ਨਾ ਗਏ, ਕ੍ਰਿਪਾ ਕਰੋ, ਥੋੜ੍ਹੀ ਦੇਰ ਹੋਰ ਰਹਿ ਲੈਂਦੇ, ਸ੍ਰੀ ਚੰਦ ਵੀ ਆ ਜਾਂਦਾ, ਲਖਮੀ ਦਾਸ ਵੀ ਆ ਜਾਂਦਾ, ਫੇਰ ਤੁਸੀਂ ਚਲੇ ਜਾਂਦੇ, ਕਾਹਲੀ ਕਾਹਤੋਂ ਕਰੀ ਆਪ ਨੇ। ਮਹਾਰਾਜ ਜੀ ਉਠ ਕੇ ਬੈਠ ਗਏ। ਕਹਿੰਦੇ ਤੁਸੀਂ ਅੱਠ ਪਹਿਰ ਦੀ ਗੱਲ ਕਰੀ ਹੈ, ਅੱਠ ਪਹਿਰ ਤਾਂ ਕੋਈ ਗੱਲ ਹੀ ਨਹੀਂ, ਜੇ ਅੱਠ ਸਾਲ ਮੰਗ ਲੈਂਦੇ ਤਾਂ ਮੈਂ ਅੱਠ ਸਾਲ ਰਹਿਣਾ ਸੀ ਹੋਰ ਸੰਸਾਰ ਤੇ। ਹਾਂ ਦੱਸ, ਕੀ ਗੱਲ ਹੈ? ਕਹਿਣ ਲੱਗੇ ਕਿ ਬੱਚਿਆਂ ਦੀ ਮਾਨਤਾ ਹੋਣੀ ਹੈ, ਏਸ ਘਰ ਦੇ ਕੁੱਤਿਆਂ ਦੀ ਵੀ ਮਾਨਤਾ ਹੋਣੀ ਹੈ, ਐਨੇ ਨੂੰ ਮਹਾਰਾਜ ਜੀ ਦੀ ਨਿਗ੍ਹਾ ਫੇਰ ਸਾਧਾਰਣ ਤੇ ਪੈ ਗਈ ਕਹਿਣ ਲੱਗੇ ਸਾਧਾਰਣਾ ਤੂੰ ਸਾਡੀ ਸੇਵਾ ਕਰੀ ਹੈ, ਮੰਗਿਆ ਨਹੀਂ ਤੂੰ ਕੁਛ, ਸਾਡਾ ਚਿੱਤ ਨਹੀਂ ਖੁਸ਼ ਹੋਇਆ। ਕਹਿੰਦਾ, ਮਹਾਰਾਜ! ਮੈਂ ਤਾਂ ਪਹਿਲਾਂ ਹੀ ਕਹਿ ਦਿਤਾ ਸੀ ਕਿ ਮੇਰਾ ਕੁੜਮ ਛੁਟ ਜਾਵੇ। ਫੇਰ ਵੀ ਨਹੀਂ ਸਮਝ 'ਚ ਆਈ ਉਹਦੇ ਕਿ ਗੁਰੂ ਤੋਂ ਕੀ ਮੰਗੀਦਾ ਹੈ।

ਜੇ ਗੁਰੂ ਪ੍ਰਸੰਨ ਹੋ ਜਾਵੇ, ਕਹਿ ਦੇਵੇ ਕਿ ਮੈਂ ਤੇਰੇ ਤੇ ਪ੍ਰਸੰਨ ਹਾਂ, ਫੇਰ ਕੀ ਮੰਗੇ। ਜੇ ਰਾਜਾ ਪ੍ਰਸੰਨ ਹੋ ਜਾਵੇ, ਉਹ ਕਹੇ ਕਿ ਮੰਗ ਕੀ ਮੰਗਦਾ ਹੈਂ, ਜੋ ਮੰਗੇਂਗਾ ਮੈਂ ਦੇ ਦੇਵਾਂਗਾ? ਕਹਿੰਦਾ, ਸਾਡੇ ਘਰ ਤਾਂ ਤੂੜੀ ਮੁੱਕੀ ਹੋਈ ਹੈ, ਦੋ ਪੰਡਾਂ ਸੁਟਵਾ ਦਿਓ। ਰਾਜਾ ਪ੍ਰਸੰਨ ਹੋਇਆ ਹੈ, ਮੰਗਦਾ ਤੂੜੀ ਹੈ। ਕਿਉਂਕਿ ਮੰਗਣ ਦੀ ਜਾਚ ਨਹੀਂ ਆਉਂਦੀ। ਗੁਰੂ ਸਾਹਿਬ ਦੱਸਦੇ ਨੇ ਕਿ ਪਿਆਰਿਆ! ਜੇ ਗੁਰੂ ਖੁਸ਼ ਹੋ ਜਾਵੇ ਤਾਂ ਸੰਸਾਰ ਦੀ ਜਿਹੜੀ ਸਭ ਤੋਂ ਕੀਮਤੀ ਚੀਜ਼ ਹੈ, ਉਹ ਮੰਗ ਲੈ ਗੁਰੂ ਤੋਂ। ਉਹ ਜੇ ਮੰਗ ਲਈ ਉਹਦੇ ਪਿਛੇ ਸਾਰੀਆਂ ਹੀ ਚੀਜ਼ਾਂ ਆ ਜਾਣੀਆਂ ਨੇ।

ਨਾਮ ਗੁਰੂ ਤੋਂ ਮੰਗਣਾ ਚਾਹੀਦਾ ਹੈ, ਕੀ ਮੰਗੀ ਜਾਂਦਾ ਹੈ, ਸਮਰੱਥ ਗੁਰੂ ਨੇ ਕਹਿੰਦਾ ਮੇਰਾ ਕੁੜਮ ਛੁਟ ਜਾਏ। ਸੋ ਐਸੇ ਜੋ ਗੁਰਸਿੱਖ ਹੋਇਆ ਕਰਦੇ ਨੇ ਉਹ ਲੋੜਾਂ ਵਾਲੇ, ਕੰਮ ਠੀਕ ਕਰਾਉਣ ਵਾਲੇ ਗੁਰੂ ਕੋਲ ਆਇਆ ਕਰਦੇ ਨੇ। ਉਹ ਸਿੱਖੀ ਕੱਚੀ ਹੋਇਆ ਕਰਦੀ ਹੈ। ਗੁਰੂ ਮਹਾਰਾਜ ਕਹਿਣ ਲੱਗੇ ਕਿ ਪਿਆਰਿਓ! ਇਕ ਤਾਂ ਭੇਖ ਦੀ ਸਿੱਖੀ ਹੁੰਦੀ ਹੈ, ਇਕ ਸਿੱਖੀ ਹੁੰਦੀ ਹੈ ਦੇਖਾ ਦੇਖੀ ਦੀ, ਇਕ ਹੁੰਦੀ ਹੈ ਹਿਰਸ ਦੀ। ਭੇਖ ਦੀ ਸਿੱਖੀ ਹੈ, ਭੇਖ ਸੋਹਣਾ ਲੱਗਿਆ, ਉਹੋ ਜਿਹਾ ਸੱਜ ਗਿਆ ਬੰਦਾ, ਲੋਕ ਭੇਖ ਨੂੰ ਦੇਖ ਕੇ ਹੀ ਮੱਥੇ ਟੇਕਣੇ ਸ਼ੁਰੂ ਕਰ ਦਿੰਦੇ ਨੇ। ਕੋਈ ਬੰਦਾ ਕਰਕੇ ਦੇਖ ਲਓ, ਤੁਹਾਡੇ 'ਚੋਂ। ਭੇਖ ਧਾਰ ਲਓ, ਇਥੇ ਹੀ ਘੁੰਮੀ ਜਾਓ, ਬੀਬੀਆਂ ਅੱਧੀਆਂ ਮੱਥਾ ਟੇਕਣ ਨੂੰ ਜਾਣਗੀਆਂ। ਭਾਈ ਵੀ ਦੌੜਨਗੇ, ਵਿਚ ਨਹੀਂ ਕੋਈ ਦੇਖਦਾ ਕਿ ਇਹਦੇ ਵਿਚ ਵੀ ਹੈ, ਕਹਿਣ ਲੱਗੇ, ਬਹੁਰੂਪੀਆ ਬਣਿਆ ਫਿਰਦਾ ਹੈ।

ਦੂਸਰੀ ਸਿੱਖੀ ਹੈ ਦੇਖਾ ਦੇਖੀ ਦੀ, ਨਾਲਦਿਆਂ ਨੂੰ ਦੇਖਿਆ ਬਈ ਇਹ ਬਣ ਗਏ, ਮੈਂ ਰਹਿ ਗਿਆ, ਮੈਨੂੰ ਨਿਗੁਰੇ ਦੀ ਲਾਹਨਤ ਪਏਗੀ, ਓਸ ਲਾਹਨਤ ਤੋਂ ਬਚਣ ਵਾਸਤੇ ਸਿੱਖੀ ਧਾਰਨ ਕਰ ਲੈਂਦਾ ਹੈ। ਤੀਸਰੀ ਹੋਇਆ ਕਰਦੀ ਹੈ ਹਿਰਸ ਦੀ ਆਪਣਾ ਕੰਮ ਬਣਨਾ ਹੈ ਕਿ ਇਹ ਸਿੱਖਾਂ ਦੀ ਆਬਾਦੀ ਹੈ ਇਥੇ ਜੇ ਮੈਂ ਇਨ੍ਹਾਂ ਵਾਂਗੂੰ ਅੰਮ੍ਰਿਤ ਛਕ ਲਵਾਂ ਤਾਂ ਮੇਰੀ ਦੁਕਾਨ ਬਹੁਤ ਚੱਲੇਗੀ ਤੇ ਮੁਨਾਫਾ ਵੀ ਮੈਂ ਜਿੰਨਾ ਜੀਅ ਚਾਹੇ ਕੱਢੀ ਜਾਵਾਂ ਕਿਸੇ ਨੇ ਜਵਾਬ ਹੀ ਨਹੀਂ ਦੇਣਾ, ਆਪਣਾ ਗੁਰ ਭਾਈ ਸਮਝ ਕੇ, ਮੈਨੂੰ ਵਧਵੀਂ ਕੀਮਤ ਦੇਈ ਜਾਣੀ ਹੈ। ਇਹ ਹਿਰਸ ਦੀ ਸਿੱਖੀ ਹੁੰਦੀ ਹੈ। ਚੌਥੀ ਸਿੱਖੀ ਹੋਇਆ ਕਰਦੀ ਹੈ ਸਿਦਕ ਦੀ ਸਿੱਖੀ, ਸਿਦਕ ਦੇ ਵਿਚ ਰਹਿਣਾ, ਗੁਰੂ ਨੂੰ ਪ੍ਰਮੇਸ਼ਰ ਮੰਨਣਾ। ਪੰਜਵੀਂ ਹੋਇਆ ਕਰਦੀ ਹੈ ਭਾਵਨਾ ਦੀ, ਇਹ ਦੋ ਕਿਸਮ ਦੀ ਸਿੱਖੀ ਜਿਹੜੀ ਹੈ ਉਹ ਤਾਂ ਹੁੰਦੀ ਹੈ ਪੂਰੀ, ਤਿੰਨ ਕਿਸਮ ਦੀ ਜਿਹੜੀ ਹੈ ਉਹ ਅਧੂਰੀ ਹੁੰਦੀ ਹੈ। ਕਹਿੰਦੇ, ਸੱਚੇ ਪਾਤਸ਼ਾਹ ਪਤਾ ਕਿਵੇਂ ਲੱਗੇ?

ਮਹਾਰਾਜ ਕਹਿਣ ਲੱਗੇ, ਐਤਕੀਂ ਵਿਸਾਖੀ ਤੇ ਤੁਹਾਨੂੰ ਪਤਾ ਲਾ ਦੇਵਾਂਗੇ। ਬਹੁਤ ਵੱਡਾ ਇਕੱਠ ਕਰਿਆ ਉਸ ਤੋਂ ਬਾਅਦ ਜਦੋਂ ਭੋਗ ਪਿਆ, ਮਹਾਰਾਜ ਕਹਿੰਦੇ ਭਾਈ ਸਾਡੀ ਇਜਾਜ਼ਤ ਬਗੈਰ ਕਿਸੇ ਨੂੰ ਨਹੀਂ ਜਾਣ ਦੇਣਾ। ਪਹਿਰੇ ਲੱਗ ਗਏ ਸਾਰੇ, ਅਨੰਦਪੁਰ ਸਾਹਿਬ ਦੇ ਆਲੇ ਦੁਆਲੇ, ਹਰ ਪਾਸੇ

ਪਹਿਰੇ ਲਾ ਦਿਤੇ, ਜਦੋਂ ਨਿਕਲਣ ਲਗਦਾ ਹੈ, ਕਹਿੰਦੇ ਨੇ ਇਜਾਜ਼ਤ ਨਹੀਂ ਗੁਰੂ ਤੋਂ ਇਜਾਜ਼ਤ ਲਓ, ਫੇਰ ਅਸੀਂ ਤੁਹਾਨੂੰ ਲੰਘਣ ਦੇ ਦੇਵਾਂਗੇ। ਇਸ ਤਰ੍ਹਾਂ ਕਰਦੇ-ਕਰਦੇ ਪੰਜ ਛੇ ਦਿਨ ਲੰਘ ਗਏ। ਕਹਿਣ ਲੱਗੇ, ਬਹੁਤ ਬੁਰੇ ਫਸੇ ਇਥੇ ਆ ਕੇ ਤਾਂ। ਘਰ ਡੰਗਰ ਪਸ਼ੂ ਨੇ, ਕਣਕਾਂ ਵੱਢਣੀਆਂ ਨੇ, ਇਹ ਗੁਰੂ ਨੇ ਕੀ ਕਰ ਦਿਤਾ? ਇਕ ਬੰਦਾ ਸੀ ਉਨ੍ਹਾਂ ਵਿਚ ਕਹਿਣ ਲੱਗਿਆ ਜੇ ਮੇਰਾ ਕਿਹਾ ਮੰਨੋ ਨਾ, ਕਿਸੇ ਨੂੰ ਦੱਸੋ ਨਾ ਤਾਂ ਮੈਂ ਲੰਘਾ ਸਕਦਾ ਹਾਂ ਤੁਹਾਨੂੰ। ਕਹਿੰਦੇ, ਸਾਨੂੰ ਕੀ ਚਾਹੀਦਾ ਹੈ ਹੋਰ। ਕਹਿੰਦਾ, ਮੈਨੂੰ ਸਾਹ ਖਿੱਚਣਾ ਆਉਂਦਾ ਹੈ, ਮੈਂ ਸਾਹ ਖਿੱਚ ਲਵਾਂਗਾ ਅੰਦਰ ਤੇ ਮੈਨੂੰ ਤੁਸੀਂ ਮੁਰਦਾ ਬਣਾ ਕੇ ਅਰਥੀ ਤੇ ਪਾ ਕੇ ਰਾਮ ਨਾਮ ਸਤਿ ਹੈ ਸ਼ਬਦ ਪੜ੍ਹਦੇ ਲੰਘ ਜਾਇਓ।

ਉਹ ਜਦੋਂ ਮੁਰਦਾ ਬਣ ਗਿਆ, ਤਿੰਨ ਚਾਰ ਸੌ ਬੰਦਾ ਇਕੱਠਾ ਹੋ ਗਿਆ ਨਾਲ ਤੇ ਗੁਰੂ ਮਹਾਰਾਜ ਦੇ ਕੋਲ ਦੀ ਲੰਘੇ ਜਾਂਦੇ ਨੇ। ਕਹਿੰਦੇ, ਜੇ ਦੂਰ ਦੀ ਲੰਘੇ ਸਿੱਖਾਂ ਨੇ ਰੋਕ ਲੈਣਾ, ਮੂਹਰੇ ਦੀ ਲੰਘੋ। ਮਹਾਰਾਜ ਦਾ ਦੀਵਾਨ ਲੱਗਿਆ ਹੋਇਆ ਸੀ, ਮਹਾਰਾਜ ਨੇ ਕਿਹਾ ਕਿ ਆਹ ਕੌਣ ਜਾਂਦੇ ਨੇ? ਕਹਿੰਦੇ, ਸੱਚੇ ਪਾਤਸ਼ਾਹ ਇਕ ਗੁਰਸਿੱਖ ਚੜ੍ਹਾਈ ਕਰ ਗਿਆ, ਪਿੱਛੇ ਵਿਚਾਰੇ ਦੇ ਛੋਟੇ-ਛੋਟੇ ਬੱਚੇ ਨੇ, ਕਾਰੋਬਾਰ ਫੈਲਿਆ ਹੋਇਆ ਹੈ, ਬੜਾ ਅਫਸੋਸ ਮੰਨਿਆ ਓਸ ਪਿੰਡ ਦੇ, ਇਲਾਕੇ ਦੇ ਲੋਕਾਂ ਨੇ। ਕਹਿੰਦੇ, ਹੁਣ ਕਿੱਧਰ ਜਾਂਦੇ ਨੇ? ਕਹਿੰਦੇ ਮਹਾਰਾਜ! ਸਸਕਾਰ ਕਰਨ ਲਈ ਜਾਂਦੇ ਨੇ। ਕਹਿੰਦੇ, ਰੋਕੋ ਇਨ੍ਹਾਂ ਨੂੰ। ਰੋਕ ਲਏ, ਪੁਛਿਆ ਕਿੱਧਰ ਜਾਂਦੇ ਹੋਂ, ਕਹਿੰਦੇ ਮਹਾਰਾਜ ਸਸਕਾਰ ਕਰਾਂਗੇ, ਹੁਣ ਮੁਰਦਾ ਰੱਖਿਆ ਨਹੀਂ ਜਾ ਸਕਦਾ। ਬਾਲ ਬੱਚਿਆਂ ਨੂੰ ਬੁਲਾਵਾਂਗੇ, ਉਨ੍ਹਾਂ ਨੂੰ ਅੰਤਮ ਦਰਸ਼ਨ ਕਰਾਵਾਂਗੇ। ਮਹਾਰਾਜ ਕਹਿੰਦੇ ਸਸਕਾਰ ਹੀ ਕਰਨਾ ਹੈ, ਬੁਲਾ ਕੇ ਕੀ ਕਰਨਾ ਹੈ ਤੁਸੀਂ, ਆਹ ਘਾਹ ਬਥੇਰਾ ਪਿਆ ਹੈ, ਇਥੇ ਸਸਕਾਰ ਕਰ ਦੇਣਾ ਹੈ, ਕਿਥੇ ਲਕੜਾਂ ਭਾਲੋਂਗੇ, ਇਹਦੇ ਉਤੇ ਹੀ ਰੱਖ ਦਿਓ। ਲਾਂਗਰੀ ਸਿੰਘ ਨੂੰ ਕਹੋ ਕਿ ਅੱਗ ਲੈ ਕੇ ਆਵੇ। ਉਹ ਬਲਦੀ-ਬਲਦੀ ਚੁਆਤੀ ਲੈ ਕੇ ਚਲਿਆ ਗਿਆ। ਮਹਾਰਾਜ ਨੇ ਕਿਹਾ ਕਿ ਇਹਨੂੰ ਘਾਹ ਨੂੰ ਲਾ ਦੇ। ਹੁਣ ਉਹ ਸੁਣੀ ਜਾਂਦਾ ਹੈ ਕਿ ਹੁਣ ਕੀ ਹੋਏਗਾ। ਜਦੋਂ ਘਾਹ ਤਿੜ-ਤਿੜ ਕਰਨ ਲੱਗਿਆ, ਕੱਫਣ ਬੰਨਿਆ ਹੋਇਆ ਮਾਰਿਆ ਜ਼ੋਰ ਨਾਲ ਚੁੱਕ ਕੇ ਪਰ੍ਹੇ, ਛਾਲ ਮਾਰੀ ਨੱਠ ਲਿਆ। ਮਹਾਰਾਜ ਤਾੜੀ ਮਾਰ ਕੇ ਹੱਸ ਪਏ ਕਹਿੰਦੇ ਲਓ ਭਾਈ ਗੁਰਮੁਖੋ, ਤੁਹਾਡਾ ਮੁਰਦਾ ਸਣ ਦੇਹੀ ਸੱਚਖੰਡ ਨੂੰ ਨੱਠਿਆ ਜਾ ਰਿਹਾ ਹੈ। ਸਾਰੇ ਹੈਰਾਨ ਹੋ ਗਏ, ਸਾਰਿਆਂ ਨੂੰ ਬੁਲਾ ਲਿਆ, ਕਹਿੰਦੇ ਐਨੀ ਕੱਚੀ ਸਿੱਖੀ ਤੁਹਾਡੀ। ਕਹਿੰਦੇ ਆਹ ਹੈ ਸਾਧਸੰਗਤ ਜੀ ਭੇਖ ਦੀ ਸਿੱਖੀ, ਦੇਖਾਦੇਖੀ ਦੀ, ਹਿਰਸ ਦੀ। ਜਿਹੜੀ ਸਿਦਕ ਦੀ ਸਿੱਖੀ ਹੁੰਦੀ ਹੈ ਉਹ ਤਾਂ ਤਨ ਦੇ ਨਾਲ, ਸਿਰ ਦੇ ਨਾਲ ਨਿਭਦੀ ਹੈ। ਉਨ੍ਹਾਂ ਦਾ ਜਿਹੜਾ ਇਰਾਦਾ ਹੈ ਉਹ ਬਹੁਤ ਮਜ਼ਬੂਤ ਹੁੰਦਾ ਹੈ।

ਐਸਾ ਵਿਸ਼ਵਾਸ਼ ਉਨ੍ਹਾਂ ਸਿੱਖਾਂ ਦੇ ਹਿਰਦੇ ਵਿਚ ਹੁੰਦਾ ਹੈ ਜੋ ਭਾਵਨੀ ਦੇ ਤੇ ਸਿਦਕ ਦੇ ਸਿੱਖ ਹੁੰਦੇ ਨੇ। ਸੋ ਐਸੇ ਜੋ ਸਿਦਕੀ ਸਿੱਖ ਨੇ, ਉਹ ਪਰਵਾਨ ਹੋਇਆ ਕਰਦੇ ਨੇ ਤੇ ਅੱਜ ਗੁਰੂ ਮਹਾਰਾਜ ਨੇ ਉਨ੍ਹਾਂ ਸਿਦਕੀ ਸਿੱਖਾਂ 'ਚੋਂ ਪਰਖਣ ਵਾਸਤੇ ਇਕ ਕਸਵੱਟੀ ਲਾ ਦਿਤੀ। ਗੁਰੂ ਦੀ ਕਸਵੱਟੀ ਸਹਿਣੀ ਹੱਦ ਤੋਂ ਜ਼ਿਆਦਾ ਔਖੀ ਹੈ, ਜੇ ਤਾਂ ਗੁਰੂ ਸਹਾਇਤਾ ਕਰੇ ਤਾਂ, ਤਾਂ ਲੰਘ ਜਾਇਆ ਕਰਦਾ ਹੈ ਜੇ ਗੁਰੂ ਦੀ ਸਹਾਇਤਾ ਨਾ ਹੋਵੇ, ਰਿਆਇਤੀ ਨੰਬਰ ਨਾ ਦੇਵੇ ਸਿੱਖ ਦੀ ਤਾਕਤ ਨਹੀਂ ਹੈ ਕਿ ਗੁਰੂ ਦੇ ਇਮਤਿਹਾਨ ਅੱਗੇ ਲੰਘ ਜਾਵੇ।

ਸੋ ਕਸਵੱਟੀ ਲਾ ਦਿਤੀ, ਕਸਵੱਟੀ ਪਾਰ ਹੋਣਾ ਬਹੁਤ ਮੁਸ਼ਕਲ ਹੈ। ਜਦੋਂ ਤੋਂ ਸਾਧੂ ਸੰਪਰਦਾ ਚੱਲੀ ਹੈ, ਮਹਾਂਪੁਰਸ਼ ਪਹਿਲਾਂ ਤੋਂ ਸ਼ੁਰੂ ਹੋਏ ਨੇ, ਇਸਲਾਮ ਦੇ ਅੰਦਰ ਜਿਹੜੇ ਸੂਫੀ ਪੀਰ ਸੀ ਇਹ ਵੀ ਕਸਵੱਟੀ ਲਾਇਆ ਕਰਦੇ ਸੀ ਬੜੀ ਕਰੜੀ, ਔਖਾ ਸੀ ਬਹੁਤ ਕਸਵੱਟੀ 'ਚੋਂ ਪਾਰ ਹੋਣਾ। ਸ਼ਕਤੀਆਂ ਸੰਪੰਨ ਹੋਇਆ ਕਰਦੇ ਸੀ।

ਬਾਬਾ ਫਰੀਦ ਜੀ, ਕਿਉਂਕਿ ਬਾਣੀ ਉਨ੍ਹਾਂ ਦੀ ਆਉਂਦੀ ਹੈ, ਉਨ੍ਹਾਂ ਦੇ ਬਾਰੇ ਐਸਾ ਬਾਣੀ ਦੇ ਅੰਦਰ ਫੁਰਮਾਨ ਆਉਂਦਾ ਹੈ ਕਿ ਆਪ ਦੇ ਮਨ ਵਿਚ ਪ੍ਰਮੇਸ਼ਰ ਨੂੰ ਮਿਲਣ ਦਾ ਬਹੁਤ ਹੀ ਵੱਡਾ ਸ਼ੌਂਕ ਸੀ, ਆਪ ਵੈਰਾਗੀ ਹੋ ਗਏ, ਤਪ ਕਰਨ ਲੱਗ ਗਏ। ਤਪ ਵੀ ਐਨਾ ਕਰਿਆ ਕਿ ਖਾਣਾ ਪੀਣਾ ਹੀ ਛੱਡ ਦਿਤਾ, ਸਰੀਰ ਸੁੱਕ ਗਿਆ ਤੇ ਇਕ ਵਾਰੀ ਆਪਣੇ ਸਰੀਰ ਨੂੰ ਦੇਖਦੇ ਨੇ ਕਿ ਕਿੰਨਾ ਤੰਦਰੁਸਤ ਸੀ, ਇਹ ਤਾਂ ਹੁਣ ਇਕ ਢਾਂਚਾ ਜਿਹਾ ਰਹਿ ਗਿਆ, ਪਰ ਅਜੇ ਤੱਕ ਪ੍ਰਮੇਸ਼ਰ ਮੈਨੂੰ ਮਿਲਿਆ ਨਹੀਂ ਹੈ। ਪਤਾ ਨਹੀਂ ਬਗੈਰ ਮਿਲੇ ਹੀ ਮੇਰਾ ਸਰੀਰ ਸ਼ਾਂਤ ਹੋ ਜਾਵੇ। ਉਸ ਵੇਲੇ ਆਪਣੇ ਅੰਦਰ ਇਸ ਤਰ੍ਹਾਂ ਦਾ ਖਿਆਲ ਕਰਦੇ ਨੇ -

***ਫਰੀਦਾ ਤਨੁ ਸੁਕਾ ਪਿੰਜਰੁ ਥੀਆ***
***ਤਲੀਆਂ ਖੂੰਡਹਿ ਕਾਗ ॥***
***ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥***
***ਅੰਗ - ੧੩੮੨***

ਐਸਾ ਵੈਰਾਗ ਕਿਸੇ ਵੀ ਸਾਧੂ ਦੇ ਜੀਵਨ ਵਿਚ

ਵੇਖਣ ਨੂੰ ਨਹੀਂ ਮਿਲਦਾ, ਜੋ ਬਾਬੇ ਫਰੀਦ ਦੇ ਅੰਦਰ ਸੀ। ਤਨ ਸੁੱਕ ਗਿਆ, ਹਿਲਿਆ ਜੁਲਿਆ ਨਹੀਂ ਜਾਂਦਾ, ਤਾਕਤ ਮੁੱਕ ਗਈ, ਬਾਂਹ ਵੀ ਬੜੀ ਮੁਸ਼ਕਲ ਨਾਲ ਹਿਲਾਉਂਦੇ ਨੇ, ਕਾਵਾਂ ਨੇ ਸਮਝ ਲਿਆ ਕਿ ਮੁਰਦਾ ਪਿਆ ਹੈ। ਉਸ ਵੇਲੇ ਜੀਉਂਦੇ ਦੀਆਂ ਹੀ ਤਲੀਆਂ ਵਿਚ ਚੁੰਝਾਂ ਮਾਰ-ਮਾਰ ਕੇ ਮਾਸ ਕੱਢਣਾ ਸ਼ੁਰੂ ਕਰ ਦਿਤਾ। ਅਖੀਰ ਇਹ ਨਿਰਣਾ ਕਰਨ ਵਾਸਤੇ ਕਿ ਇਹ ਜੀਉਂਦਾ ਹੈ ਕਿ ਮਰਿਆ ਪਿਆ ਹੈ, ਕਾਉਂ ਆ ਕੇ ਮੱਥੇ ਤੇ ਬੈਠ ਗਿਆ ਤੇ ਜਦੋਂ ਚੁੰਝ ਮਾਰਨ ਲੱਗਿਆ ਓਸ ਵੇਲੇ ਫਰੀਦ ਨੇ ਹੱਥ ਹਿਲਾਇਆ ਥੋੜ੍ਹਾ ਜਿਹਾ, ਕਹਿਣ ਲੱਗੇ, ਓ ਕਾਵਾਂ ਮੈਂ ਤਾਂ ਪ੍ਰਮੇਸ਼ਰ ਦੇ ਦਰਸ਼ਨ ਕਰਨ ਵਾਸਤੇ ਇਨ੍ਹਾਂ ਅੱਖਾਂ ਨੂੰ ਬਚਾ ਕੇ ਰੱਖਿਆ ਹੈ, ਮੇਰਾ ਸਾਰਾ ਸਰੀਰ ਜੇ ਪਿੰਜਰ ਬਣ ਗਿਆ ਤੇ ਮੈਂ ਅਜੇ ਵੀ ਆਸ ਵਿਚ ਹਾਂ ਕਿ ਮੇਰੀਆਂ ਅੱਖਾਂ ਸਾਬਤ ਨੇ ਤੇ ਮੈਨੂੰ ਦਰਸ਼ਨ ਹੋ ਜਾਣਗੇ। ਪਰ ਪਿਆਰਿਆ ਤੂੰ ਤਾਂ ਮੇਰੀਆਂ ਅੱਖਾਂ ਹੀ ਮੇਰੇ ਤੋਂ ਖੋਹਣ ਲੱਗਿਆ ਹੈਂ, ਮੈਂ ਦਰਸ਼ਨ ਕਾਹਦੇ ਨਾਲ ਕਰਾਂ। ਦੇਖ ਮੈਂ ਬੜੀ ਨਿਮਰਤਾ ਦੇ ਨਾਲ, ਤੇਰੇ ਅੱਗੇ ਬੇਨਤੀ ਕਰਦਾ ਹਾਂ ਕਿ ਹੋਰ ਮੇਰਾ ਸਰੀਰ ਚਾਹੇ ਖਾ ਲੈ, ਮੈਂ ਕੁਛ ਨਹੀਂ ਕਹਿੰਦਾ, ਕਸੀਸ ਵੀ ਨਹੀਂ ਵੱਟਦਾ ਪਰ ਆਹ ਅੱਖਾਂ ਤੂੰ ਛੱਡ ਦੇ ਕਿਉਂਕਿ ਮੇਰੇ ਮਨ ਦੇ ਅੰਦਰ ਦਰਸ਼ਨਾਂ ਦੀ ਲੋਚਾ ਹੈ।

*ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥*
*ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥*
*ਅੰਗ - ੧੩੮੨*

ਐਸਾ ਵੈਰਾਗ ਹੈ ਮਨ ਦੇ ਅੰਦਰ, ਲੋਚਾ ਹੈ, ਸਰੀਰ ਪਿੰਜਰ ਬਣਾ ਲਿਆ, ਭੁਲੇਖਾ ਪੈ ਗਿਆ ਪੰਛੀਆਂ ਨੂੰ ਕਿ ਮਰਿਆ ਹੋਇਆ ਬੰਦਾ ਹੈ, ਅੱਖਾਂ ਪਹਿਲਾਂ ਖਾ ਲਈਏ, ਫੇਰ ਬਾਕੀ ਦਾ ਸਰੀਰ ਚੂੰਡ ਲਵਾਂਗੇ। ਸੋ ਐਸੇ ਵੈਰਾਗ ਦੇ ਅੰਦਰ ਬੇਨਤੀ ਕਰਦੇ ਨੇ, ਨਾ ਮੇਰੀਆਂ ਅੱਖਾਂ ਨਾ ਖਾਇਓ, ਮੈਨੂੰ ਦਰਸ਼ਨਾਂ ਦੀ ਆਸ ਹੈ, ਜਦੋਂ ਇਹ extreem ਹੋ ਗਈ ਤਾਂ ਉਸ ਵੇਲੇ ਅੰਦਰ ਆਵਾਜ਼ ਆਈ -

*ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ॥*
*ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ ॥*
*ਅੰਗ - ੧੩੮੪*

ਕਹਿਣ ਲੱਗੇ, ਤੇਰੇ ਤਾਂ ਅੰਦਰ ਪਾਤਸ਼ਾਹ ਆਪ ਬੈਠਾ ਹੈ, ਤੂੰ ਆਪਣਾ ਸਰੀਰ ਕਿਹੋ ਜਿਹਾ ਬਣਾ ਲਿਆ। ਕਿਵੇਂ ਪ੍ਰਮੇਸ਼ਰ ਨੂੰ ਚੰਗਾ ਲੱਗੇਗਾ ਇਹ। ਤੇਰੇ ਅੰਦਰ ਹੈ ਪ੍ਰਮੇਸ਼ਰ ਤਾਂ।

*ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ ॥*
*ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ॥*
*ਅੰਗ - ੧੩੮੪*

ਗੁਰਮੁਖ ਦੀ ਸ਼ਰਨ ਵਿਚ ਜਾਹ, ਪੂਰੇ ਮਹਾਂਪੁਰਸ਼ ਦੀ ਸ਼ਰਨ ਵਿਚ ਚਲਿਆ ਜਾਹ, ਉਹ ਤੈਨੂੰ ਅੰਦਰੋਂ ਚਾਬੀ ਦੇ ਦੇਵੇਗਾ, ਤਾਲੇ ਖੋਲ੍ਹ ਦੇਵੇਗਾ, ਫੇਰ ਤੈਨੂੰ ਪ੍ਰਮੇਸ਼ਰ ਮਿਲ ਜਾਏਗਾ, ਕਿਉਂਕਿ ਅੰਦਰ ਹੈ ਪ੍ਰਮੇਸ਼ਰ ਤੇਰੇ। ਅੰਦਰ ਵਸਦੇ ਪ੍ਰਮੇਸ਼ਰ ਨੂੰ ਦੇਖਣ ਵਾਸਤੇ ਤਾਲੇ ਖੋਲ੍ਹਣ ਦੀ ਲੋੜ ਹੈ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥*
*ਅੰਗ - ੨੦੫*

ਸਤਿਗੁਰ ਦੀ ਸ਼ਰਨ 'ਚ ਜਾਏਂਗਾ -

*ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥*
*ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ*
*ਅਵਰ ਨ ਕੁੰਜੀ ਹਥਿ ॥ ਅੰਗ - ੧੨੩੭*

ਪਿਆਰਿਆ ਦਰਵਾਜ਼ੇ ਤਾਂ ਅੰਦਰੋਂ ਬੰਦ ਨੇ, ਤੂੰ ਬਾਹਰ ਟੋਲਦਾ ਫਿਰਦਾ ਹੈਂ। ਤੇਰੇ ਅੰਦਰ ਹੈ ਵਾਹਿਗੁਰੂ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਅੰਗ - ੯੫੪*

ਫਰੀਦਾ! ਜਿਹਨੂੰ ਤੂੰ ਤਲਾਸ਼ ਕਰਦਾ ਹੈਂ, ਉਹ ਇਨ੍ਹਾਂ ਅੱਖਾਂ ਨਾਲ ਨਹੀਂ ਤੈਨੂੰ ਦਿਸਣਾ, ਪਹਿਲਾਂ। ਉਹ ਅੱਖ ਹੋਰ ਹੈ ਜਿਹਦੇ ਨਾਲ ਤੂੰ ਅੱਲਾਹ ਤਾਲਾ ਨੂੰ ਮਿਲਣਾ ਚਾਹੁੰਦਾ ਹੈਂ, ਪਹਿਲਾਂ ਪਤਾ ਕਰ ਕਿ ਉਹ ਰਹਿੰਦਾ ਕਿੱਥੇ ਹੈ। ਤੇਰਾ ਸਰੀਰ ਨੌਂ ਦਰਵਾਜਿਆਂ ਵਾਲਾ ਕਿਲ੍ਹਾ ਹੈ। ਉਹ ਇਹਦੇ ਵਿਚ ਇਕ ਦਸਵਾਂ ਗੁਪਤ ਦਰਵਾਜ਼ਾ ਹੈ, ਜੇ ਉਹ ਖੁਲ੍ਹ ਜਾਵੇ, ਓਸ ਤੋਂ ਪਰ੍ਹੇ ਓਹਦਾ ਹੀ ਦੇਸ਼ ਹੈ ਸਾਰਾ। ਉਹਦੇ ਵਿਚ ਰਹਿੰਦਾ ਹੈ, ਓਸ ਦਰਵਾਜ਼ੇ 'ਚੋਂ ਲੰਘ ਕੇ ਫੇਰ ਉਹਦਾ base ਅਗੰਮ ਅਗੋਚਰ ਉਹ ਦੇਸ਼ ਆ ਜਾਂਦਾ ਹੈ। ਜਦੋਂ ਖੁਲ੍ਹ ਗਏ ਕਹਿੰਦੇ ਫੇਰ ਧੁਨੀ ਆਉਂਦੀ ਹੈ ਨੌਂ ਦਰਵਾਜਿਆਂ ਦੀ, ਐਨਾ ਸੰਗੀਤ ਸੁਣਦਾ ਹੈ -

*ਅਨਹਤ ਬਾਣੀ ਥਾਨੁ ਨਿਰਾਲਾ ॥*
*ਤਾ ਕੀ ਧੁਨਿ ਮੋਹੇ ਗੋਪਾਲਾ ॥ ਅੰਗ - ੧੮੬*

ਕਹਿੰਦੇ ਗੋਪਾਲ ਵੀ ਮੋਹਿਆ ਪਿਆ ਹੈ ਓਸ ਸ਼ਬਦ ਦੇ ਉਤੇ। ਫੇਰ ਹਨ੍ਹੇਰਾ ਨਹੀਂ ਹੈ ਉਥੇ -

*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਅੰਗ - ੯੫੪*

ਨੌਂ ਕਿਸਮ ਦੀ ਭਗਤੀ ਕਰਨ ਦੇ ਨਾਲ, ਉਹ ਮਿਲ ਜਾਂਦਾ ਹੈ। ਕੀਰਤਨ ਭਗਤੀ ਸ਼੍ਰੋਮਣੀ ਹੈ।

*ਕਲਜੁਗ ਮਹਿ ਕੀਰਤਨੁ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥*

*ਅੰਗ - ੧੦੭੬*

ਫੇਰ ਦਿਸਦਾ ਕੀ ਹੈ ਚਾਨਣੇ ਵਿਚ।

*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*

*ਅੰਗ - ੯੫੪*

ਆਹ ਸ੍ਰਿਸ਼ਟੀ ਨੂੰ ਬਣਾਉਣ ਵਾਲਾ ਮਾਲਕ ਫੇਰ ਅੰਦਰ ਨਜ਼ਰ ਆਉਂਦਾ ਹੈ।

*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥*

*ਅੰਗ - ੯੪੭*

ਕਹਿਣ ਲੱਗੇ, ਫਰੀਦਾ! ਤੇਰੀ ਤਾਂ ਤਲਾਸ਼ ਹੀ ਗਲਤ ਹੈ, ਕਿਉਂ ਖਪਦਾ ਹੈਂ -

*ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ॥*
*ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ ॥*

*ਅੰਗ - ੧੩੮੪*

ਇਨ੍ਹਾਂ ਨੇ ਕਿਹੜਾ ਕਸੂਰ ਕਰ ਦਿਤਾ, ਤੇਰੇ ਸਿਰ ਨੇ ਤੇ ਪੈਰਾਂ ਨੇ। ਐਨਾ ਤੂੰ ਸੁੱਕ ਗਿਆ, ਕਾਵਾਂ ਨੇ ਤੈਨੂੰ ਖਾ ਲਿਆ, ਪਿਆਰਿਆ! ਕਸੂਰ ਤਾਂ ਦੱਸ ਇਨ੍ਹਾਂ ਨੇ ਕੀ ਕਰਿਆ ਹੈ। ਤਲਾਸ਼ ਤੇਰੀ ਗਲਤ ਹੈ ਤੇ ਸਜ਼ਾ ਤੂੰ ਇਨ੍ਹਾਂ ਨੂੰ ਦੇ ਰਿਹਾ ਹੈਂ, ਨਾ ਤੂੰ ਅੰਦਰ ਖੋਜ, ਲੇਕਿਨ ਖੋਜ ਮੁਰਸ਼ਦ ਨੂੰ ਮਿਲੇ ਤੋਂ ਬਗੈਰ ਨਹੀਂ ਹੋ ਸਕਦੀ। ਮੁਰਸ਼ਦ ਨੂੰ ਖੁਸ਼ ਕਰ ਲੈ, ਪ੍ਰਸੰਨ ਕਰ ਲੈ। ਮੁਰਸ਼ਦ ਕੋਲ ਚਾਬੀ ਹੈ, ਚਾਬੀ ਦੇ ਦਏਗਾ, ਭੇਤ ਖੋਲ੍ਹ ਦੇਵੇਗਾ, ਇਥੇ ਨਾ ਤੂੰ ਖਪ।

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥*

*ਅੰਗ - ੧੩੭੮*

ਫਰੀਦਾ ਐਉਂ ਨਹੀਂ ਬਈ ਪ੍ਰਮੇਸ਼ਰ ਮਿਲਣਾ। ਜਿਸ ਥਾਂ ਤੇ ਰਹਿੰਦਾ ਹੈ ਉਥੇ ਤਾਂ ਤੂੰ ਤਲਾਸ਼ ਨਹੀਂ ਕਰਦਾ। ਜਿਥੇ ਤੈਨੂੰ ਦਿਸਣਾ ਨਹੀਂ ਹੈ ਉਥੇ ਤਲਾਸ਼ ਕਰਦਾ ਹੈਂ। ਜਿਹੜੀਆਂ ਅੱਖਾਂ ਦੇਖਣ ਵਾਲੀਆਂ ਨੇ ਪ੍ਰਮੇਸ਼ਰ ਦੀਆਂ ਉਨ੍ਹਾਂ ਦਾ ਤੈਨੂੰ ਪਤਾ ਨਹੀਂ ਹੈ। ਬਾਹਰਲੀਆਂ ਅੱਖਾਂ ਜਿਹੜੀਆਂ ਪ੍ਰਕ੍ਰਿਤੀ ਨੂੰ ਦੇਖਦੀਆਂ ਨੇ, ਇਨ੍ਹਾਂ ਨਾਲ ਤੂੰ ਦੇਖਣਾ ਚਾਹੁੰਦਾ ਹੈਂ। ਪਿਆਰਿਆ! ਪਹਿਲਾਂ ਰੱਬ ਅੰਦਰ ਦਿਸੇਗਾ, ਫੇਰ ਬਾਹਰ ਦਿਸੇਗਾ। ਸੋ ਮੁਰਸ਼ਦ ਦੀ ਤਲਾਸ਼ ਦੇ ਅੰਦਰ ਫਰੀਦ ਨੂੰ ਸੋਧ ਮਿਲ ਗਈ। ਤਲਾਸ਼ ਕਰਦਾ ਫਿਰਦਾ ਹੈ ਤੇ ਅਖੀਰ ਅਜਮੇਰ ਸ਼ਰੀਫ ਦੇ ਅੰਦਰ, ਬੁਖਿਆਤਾਰ ਕਾਕੀ ਪੂਰੇ ਮਹਾਂਪੁਰਸ਼ ਮਿਲ ਗਏ। ਜਿਹੜੇ ਪ੍ਰਮੇਸ਼ਰ ਨੂੰ ਮਿਲਾਉਣ ਦੀ ਪੂਰੀ ਸਮਰਥਾ ਰਖਦੇ ਸੀ। ਉਹਦੀ ਸੇਵਾ ਵਿਚ ਗਿਆ, ਨਿਰ ਅਭਿਮਾਨ ਹੋ ਕੇ ਸੇਵਾ ਕਰੀ, ਕੋਈ ਸਵਾਰ ਨਹੀਂ ਕਰਿਆ, ਚੌਦਾਂ ਸਾਲ ਲੰਘ ਗਏ, ਨਾ ਮੁਰਸ਼ਦ ਨੇ ਬੁਲਾਇਆ, ਲਗਾਤਾਰ ਇਕੋ ਰਸ ਸੇਵਾ ਕਰ ਰਿਹਾ ਹੈ, ਨਾ ਕਦੇ ਕ੍ਰੋਧ ਵਿਚ ਆਉਂਦਾ ਹੈ, ਹੁਕਮ ਦੇ ਵਿਚ ਖੇਲ੍ਹਦਾ ਹੈ। ਕਦੇ ਕੋਈ ਮੌਕਾ ਨਹੀਂ ਦਿਤਾ ਕਿ ਮੁਰਸ਼ਦ ਦੇ ਮਨ ਵਿਚ ਆ ਜਾਵੇ ਕਿ ਇਹ ਤਾਂ ਕੱਚਾ ਬੰਦਾ ਹੈ। ਕਿਉਂਕਿ ਬਹੁਤ ਮਿਹਨਤ ਕਰ ਚੁੱਕਿਆ ਸੀ, 24 ਸਾਲ ਤਪ ਸਾਧਣ ਤੋਂ ਬਾਅਦ ਸੱਚਾ ਜਗਿਆਸੂ ਹੋ ਕੇ ਰੱਬ ਦੀ ਤਲਾਸ਼ ਵਿਚ ਆਇਆ ਸੀ। ਜਿਹੜਾ ਮਾਣ ਤੇ ਅਭਿਮਾਨ ਕਰਦਾ ਹੋਵੇ ਸੇਵਾਦਾਰ। ਕਿੱਡਾ ਹੀ ਵੱਡਾ ਸੇਵਾਦਾਰ ਕਿਉਂ ਨਾ ਹੋਵੇ, ਇਥੇ ਅੱਖਰ 'ਸੇਵਾਦਾਰ' ਹੈ। ਚਾਹੇ ਤਾਂ ਉਹ ਕੋਈ ਵੱਡਾ ਕੀਰਤਨ ਕਰਨ ਵਾਲਾ ਹੈ, ਚਾਹੇ ਉਹ ਵੱਡਾ ਲੰਗਰ ਚਲਾਉਣ ਵਾਲਾ ਹੈ, ਚਾਹੇ ਉਹ ਵੱਡੀਆਂ ਖੇਤੀਆਂ ਕਰਨ ਵਾਲਾ ਹੈ, ਚਾਹੇ ਸੰਗਤਾਂ ਨੂੰ ਸਾਂਭਣ ਵਾਲਾ ਹੈ, ਚਾਹੇ ਗੁਰੂ ਦੀ ਹੋਰ ਸੇਵਾ ਕਰਦਾ ਹੈ ਅਨੇਕ ਕਿਸਮ। ਜੇ ਉਹਦੇ ਮਨ ਵਿਚ ਆ ਜਾਵੇ ਨਾ ਕਿ ਮੇਰੇ ਬਗੈਰ ਕੰਮ ਨਹੀਂ ਚਲਣਾ, ਤਾਂ ਉਹ ਸੇਵਾਦਾਰ ਉਸੇ ਵੇਲੇ ਫੇਲ੍ਹ ਹੋ ਜਾਇਆ ਕਰਦਾ ਹੈ। ਉਹਦੀ ਸੇਵਾ ਨਿਹਫਲ ਹੋ ਜਾਂਦੀ ਹੈ। ਕਿਉਂਕਿ ਮਹਾਰਾਜ ਨੇ ਐਸਾ ਫੁਰਮਾਨ ਕਰ ਦਿਤਾ ਉਹਨੂੰ ਅਸੀਂ ਲੰਘ ਨਹੀਂ ਸਕਦੇ। ਮਹਾਰਾਜ ਕਹਿੰਦੇ -

*ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥*
*ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥*

*ਅੰਗ - ੫੧*

ਉਹਨੂੰ ਨਾ ਸੇਵਕ ਗਿਣੋ, ਉਹ ਤਾਂ ਆਪਣੀ ਹਉਮੈ ਨੂੰ ਪੱਠੇ ਪਾਉਂਦਾ ਹੈ। ਹਉਮੈ ਦੇ ਵਿਚ ਮਾਨਤਾ ਹੁੰਦੀ ਹੈ, ਮਾਨਤਾ ਤੋਂ ਖੁਸ਼ ਹੁੰਦਾ ਹੈ। ਸੇਵਾਦਾਰ ਕਾਹਦਾ ਹੋ ਗਿਆ, ਲੋਕ ਉਹਦੀ ਮਾਨਤਾ ਕਰਦੇ ਨੇ, ਬੜਾ ਕੀਰਤਨ ਕਰ ਰਿਹਾ ਹੈ ਜੀ, ਬੜੀ ਸੇਵਾ ਕਰ ਰਿਹਾ ਹੈ ਜੀ, ਬੜਾ ਅੰਮ੍ਰਿਤ ਛਕਾ ਰਿਹਾ ਹੈ, ਜੇ ਦੂਜੇ ਪਾਸੇ ਦੀ ਗੱਲ ਚੱਲ ਪਵੇ ਫੇਰ ਹੈਰਾਨ ਹੋ ਜਾਂਦਾ ਹੈ, ਉਦਾਸ ਹੋ ਜਾਂਦਾ ਹੈ। ਗੁਰਦੁਆਰਿਆਂ 'ਚ ਦੇਖੀਦੇ ਨੇ।

ਇਕ ਵਾਰੀ ਇਕ ਪ੍ਰੇਮੀ ਸਾਡੇ ਕੋਲ ਆਇਆ, ਉਦਾਸ ਹੋਇਆ ਹੋਇਆ, ਬੀਬੀ ਸੀ ਨਾਲ। ਬੀਬੀ ਨੂੰ

ਪੁਛਿਆ ਕਿ ਤੁਸੀਂ ਐਨੇ ਉਦਾਸ ਕਿਉਂ ਹੋ ਗਏ, ਤੁਸੀਂ ਬੜੇ ਖਿੜੇ-ਖਿੜੇ ਰਹਿੰਦੇ ਸੀ, ਸੱਚ-ਸੱਚ ਦੱਸੋ, ਤੁਹਾਡੇ ਮਨ ਦੇ ਉਤੇ ਕੋਈ ਸੱਟ ਲੱਗੀ।

ਕਹਿੰਦੇ, ਹਾਂ।

ਤੁਸੀਂ ਕਿਹਾ ਕਿ ਕੀ ਲੱਗੀ ਸੱਟ?

ਕਹਿੰਦੇ, ਇਥੇ ਕੋਈ ਨਹੀਂ ਸੀ ਗੁਰਦੁਆਰੇ ਦਾ ਨਾਉਂ ਲੈਂਦਾ, ਅਸੀਂ ਆਪ ਦਿਨ ਰਾਤ ਦੋਵੇਂ ਜਣਿਆਂ ਨੇ, ਚੱਕੀ ਦੇ ਵਿਚ ਚੂਨਾ ਪੀਸਿਆ, ਆਪਣੇ ਸਿਰਾਂ ਦੇ ਤਾਂ ਅਸੀਂ ਚੁਕਦੇ ਰਹੇ। ਸੀਮਿੰਟ ਵਗੈਰਾ, ਸਵੇਰੇ ਹੀ ਆ ਜਾਣਾ, ਆਥਣੇ ਜਾਣਾ, ਘਰ ਜਾ ਕੇ ਰੋਟੀ ਖਾਣੀ, ਘਰੋਂ ਖਾ ਕੇ ਆਉਣਾ ਲੰਗਰ, ਅਖੀਰ ਗੁਰਦੁਆਰਾ ਸਾਹਿਬ ਬਣਾ ਲਿਆ ਅਸੀਂ ਹੌਲੀ-ਹੌਲੀ ਤੇ ਜਦੋਂ ਬਣ ਗਿਆ ਤਾਂ ਕਹਿੰਦੇ ਇਲੈਕਸ਼ਨ ਕਰੋ। ਇਲੈਕਸ਼ਨ ਦੇ ਵਿਚ ਸਾਨੂੰ ਦੋਹਾਂ ਨੂੰ ਹੀ ਬਾਹਰ ਕੱਢ ਦਿਤਾ, ਸਾਨੂੰ ਸੇਵਾਦਾਰ ਵੀ ਨਹੀਂ ਰਹਿਣ ਦਿਤਾ, ਸਾਨੂੰ ਗੁਰਦੁਆਰੇ ਆਉਣ ਜੋਗਾ ਵੀ ਨਹੀਂ ਆਉਣ ਦਿਤਾ। ਤਾਂ ਅਸੀਂ ਉਦਾਸ ਹੋ ਗਏ, ਸਾਡੇ ਤਾਂ ਅੰਦਰ ਬਿਮਾਰੀ ਲੱਗ ਗਈ ਬਲੱਡ ਪਰੈਸ਼ਰ ਹੋ ਗਿਆ। ਮੈਂ ਕਿਹਾ ਉਹ ਕਾਹਦੀ ਸੇਵਾ ਹੋਈ ਜਿਹਨੇ ਖੁਸ਼ੀ ਹੀ ਨਾ ਦਿਤੀ ਤੁਹਾਨੂੰ। ਕਹਿੰਦੇ, ਅਸੀਂ ਤਾਂ ਬਹੁਤ ਸੇਵਾ ਕੀਤੀ ਸੀ ਖੁਸ਼ੀ ਤਾਂ ਸਾਨੂੰ ਮਿਲਣੀ ਚਾਹੀਦੀ ਸੀ। ਮੈਂ ਕਿਹਾ ਨਹੀਂ ਸੇਵਾ ਨਹੀਂ ਕਰੀ ਤੁਸੀਂ। ਤੁਸੀਂ ਆਪਣੀ ਹਉਮੈ ਨੂੰ ਪੱਠੇ ਪਾ ਰਹੇ ਸੀ, ਉਹਨੂੰ ਵਧਾ ਰਹੇ ਸੀ। ਲੋਕ ਕਹਿੰਦੇ ਸੀ ਬੜੀ ਸੇਵਾ ਕਰਦੇ ਹਾਂ ਜੀ, ਇਨ੍ਹਾਂ ਵਰਗੀ ਸੇਵਾ ਨਹੀਂ ਹੈ। ਮਹਾਰਾਜ ਕਹਿੰਦੇ -

*ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥*
*ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ ॥*

***ਅੰਗ - ੫੧***

ਕਰੋੜਾਂ ਦੇ ਵਿਚ ਇਕ ਹੈ ਜਿਹਨੂੰ ਅਸੀਂ ਸੇਵਾਦਾਰ ਕਹਿ ਸਕਦੇ ਹਾਂ। ਬਾਕੀ ਤਾਂ ਮਾਣ ਦੇ ਵਿਚ ਪਏ ਹੋਏ ਨੇ। ਲੋਕ ਵਡਿਆਈਆਂ ਕਰਦੇ ਨੇ, ਜਿਹਦੇ ਅੰਦਰ ਮੈਂ ਹੈ, ਮੈਂ ਸਮਝ ਕੇ ਕਰਦਾ ਹੈ, ਕਹਿੰਦਾ ਹੈ ਕਿ ਮੇਰੇ ਨਾਲ ਤਾਂ ਇਨਸਾਫ ਹੀ ਨਹੀਂ ਹੁੰਦਾ, ਮੈਨੂੰ ਤਾਂ ਗਿਣਦੇ ਹੀ ਕੱਖ ਨਹੀਂ ਹਨ, ਭਾਈ ਗੁਰਮੁਖਾ ਇਹ ਤਾਂ ਰਾਹ ਹੀ ਤੂੰ ਗਲਤ ਲੈ ਲਿਆ। ਇਹ ਰਾਹ ਨਹੀਂ ਹੈ ਗੁਰਮੁਖਾਂ ਦਾ। ਗੁਰਮੁਖਾਂ ਦਾ ਤਾਂ ਹੈ -

*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥*

***ਅੰਗ - ੨੮੬***

ਨਾ ਮਾਣ ਦੀ ਕਾਮਨਾ ਆਵੇ, ਜਿਹੜਾ ਆਪਣੇ ਆਪ ਨੂੰ ਮਾਰ ਕੇ ਸੇਵਾ ਕਰਦਾ ਹੈ ਉਹਦੀ ਥਾਂ ਪੈਂਦੀ ਹੈ।

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*
*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*

***ਵਾਰ 3 ਪਉੜੀ 18***

ਗੱਲਾਂ ਨਾਲ ਨਹੀਂ ਮੁਰੀਦ ਹੋਇਆ ਕਰਦਾ। ਗੱਲਾਂ ਨਾਲ ਨਹੀਂ ਸੇਵਾਦਾਰ ਹੋਇਆ ਕਰਦਾ। ਮਾਣ ਤੇ ਅਭਿਮਾਨ ਤਾਂ ਅੰਦਰ ਲਈ ਫਿਰਦਾ ਹੈ ਕਿ ਲੋਕ ਮੇਰੀ ਪ੍ਰਸੰਸਾ ਕਰਨ। ਮਾਣ ਤੇ ਅਭਿਮਾਨ ਤਾਂ ਅੰਦਰ ਲਈ ਫਿਰਦਾ ਹੈ ਕਿ ਲੋਕ ਮੇਰੀ ਪ੍ਰਸੰਸਾ ਕਰਨ। ਜੀਉਂਦੇ ਬੰਦੇ ਦੀ ਤਾਂ ਪ੍ਰਸੰਸਾ ਹੁੰਦੀ ਹੈ ਜਿਹਨੇ ਮਰਨਾ ਹੀ ਕਬੂਲ ਕਰ ਲਿਆ, ਉਹ ਤਾਂ ਸ਼ੁਕਰ 'ਚ ਰਹਿੰਦਾ ਹੈ ਕਿ ਹੇ ਪ੍ਰਭੂ! ਤੂੰ ਮੈਨੂੰ ਸੇਵਾ 'ਚ ਲਾ ਲਿਆ, ਕ੍ਰਿਪਾ ਕਰੀਂ, ਕਿਤੇ ਮੈਨੂੰ ਵਖਰਾ ਨਾ ਕਰ ਦੇਵੀਂ। ਮੇਰੀ ਕੋਈ ਕਾਮਨਾ ਨਹੀਂ ਹੈ ਮੈਂ ਕੋਈ ਬਦਲਾ ਨਹੀਂ ਮੰਗਦਾ ਸੇਵਾ ਦਾ। ਤੇਰੀ ਮਰਜ਼ੀ ਹੈ ਭਾਵੇਂ ਧੀਰਜ ਦੇ ਦੇ ਮੈਨੂੰ, ਚਾਹੇ ਧੱਕੇ ਮਰਵਾ ਕੇ ਬਾਹਰ ਕੱਢ ਦੇ, ਪਰ ਹਾਂ ਮੈਂ ਤੇਰਾ ਮੈਂ ਜਾਣਾ ਨਹੀਂ ਕਿਤੇ। ਤੇਰਾ ਹੀ ਹਾਂ ਮੈਂ, ਤੇਰਾ ਬਣ ਕੇ ਰਹਿਣਾ ਹੈ ਮੈਂ ਸੰਸਾਰ ਦੇ ਉਤੇ। ਐਵੇਂ ਤਾਂ ਨਹੀਂ ਹੈ, ਮੁਰਦਾ ਬਣਨਾ ਕੋਈ ਖੇਡ ਚੀਜ਼ ਹੈ -

*ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।*

ਇਕ ਗੁਲਾਮ ਸੀ, ਪਹਿਲੇ ਜ਼ਮਾਨੇ ਦੇ ਅੰਦਰ ਬੰਦਿਆਂ ਨੂੰ ਤੁਰੇ ਜਾਂਦਿਆਂ ਨੂੰ ਫੜ ਕੇ ਲੈ ਜਾਂਦੇ ਸੀ, ਐਧਰਲੇ ਓਧਰ ਲੈ ਜਾਣੇ, ਓਧਰਲੇ ਐਧਰ ਲੈ ਆਉਣੇ ਤੇ ਆਪਣੇ ਦੇਸ਼ਾਂ 'ਚ ਲਿਜਾ ਕੇ ਵੇਚ ਦੇਣੇ ਜਾਂ ਹਮਲਾ ਕਰਨਾ, ਫੌਜਾਂ ਲੈ ਕੇ ਚੜ੍ਹਾਈ ਕਰਨੀ ਨਾਲੇ ਘਰ ਬਾਰ ਲੁੱਟਣੇ, ਨਾਲੇ ਬੰਦੇ ਫੜ ਲੈਣੇ, ਬੱਚਾ ਕਿਤੇ ਵਿਕ ਗਿਆ, ਘਰਵਾਲੀ ਕਿਤੇ ਵਿਕ ਗਈ ਤੇ ਆਪ ਕਿਤੇ ਵਿਕ ਗਿਆ, ਖੇਰੂੰ-ਖੇਰੂੰ ਪਰਿਵਾਰ ਹੋ ਜਾਇਆ ਕਰਦਾ ਸੀ। ਨੱਠ ਨਹੀਂ ਸੀ ਸਕਦਾ, ਮੱਥੇ ਦੇ ਉਤੇ ਦਾਗ ਲਾ ਦਿੰਦੇ ਸੀ, ਰੁਪਈਆ ਗਰਮ ਕਰਕੇ, ਜਾਲ ਕੇ ਮੱਥੇ ਦੇ ਉਤੇ ਲਾ ਦੇਣਾ, ਉਹ ਫੇਰ ਨੱਠ ਨਹੀਂ ਸੀ ਸਕਦਾ, ਕਿਸੇ ਪਾਸੇ। ਪਤਾ ਲਗ ਜਾਂਦਾ ਸੀ ਕਿ ਗੁਲਾਮ ਹੈ ਇਹ। ਹਰ ਬੰਦਾ ਉਹਨੂੰ ਫੜਦਾ ਸੀ, ਜਿਵੇਂ ਡੰਗਰ ਨੱਠਿਆ ਜਾਂਦਾ ਹੋਵੇ, ਓਹਨੂੰ ਫੜਦੇ ਨੇ ਕਿ ਮੇਰਾ ਬਣ ਜਾਏਗਾ, ਐਸੇ ਤਰ੍ਹਾਂ ਬੰਦਾ ਜੇ ਦੌੜ ਕੇ ਦੇਸ਼ 'ਚੋਂ ਨਿਕਲਣਾ ਚਾਹੁੰਦਾ ਸੀ ਉਹਨੂੰ ਫੜ ਲੈਂਦੇ ਸੀ, ਉਹਦੀ ਕੋਈ ਕਦਰ ਨਹੀਂ ਸੀ।

ਇਕ ਵਾਰੀ ਵਾਰੀ ਕਿਸੇ ਦੇਸ਼ ਦੇ ਅੰਦਰ ਅਫਗਾਨਿਸਤਾਨ ਦੀਆਂ ਫੌਜਾਂ ਨੇ ਗੁਲਾਮ ਫੜ ਲਏ,

ਬਹੁਤ ਚੰਗਾ ਬੰਦਾ ਅੜਿੱਕੇ ਆ ਗਿਆ, ਬੰਦਗੀ ਕਰਨ ਵਾਲਾ, ਸੋਝੀ ਵਾਲਾ। ਬਾਦਸ਼ਾਹ ਬੜਾ ਰਹਿਮ ਦਿਲ ਸੀ ਉਹਨੇ ਖਰੀਦ ਲਏ ਗੁਲਾਮ, ਉਨ੍ਹਾਂ ਦੇ ਵਿਚ ਉਹਨੇ ਜਦੋਂ ਦੇਖਿਆ ਤਾਂ ਦੇਖਦੇ ਸਾਰ ਉਹਦੇ ਮਨ 'ਚ ਆਇਆ ਕਿ ਆਹ ਜਿਹੜਾ ਬੰਦਾ ਹੈ ਇਹ ਆਮ ਬੰਦਾ ਨਹੀਂ, ਇਹ ਤਾਂ ਕੋਈ ਸਪੈਸ਼ਲ ਬੰਦਾ ਹੈ। ਕਹਿਣ ਲੱਗਿਆ, ਮੇਰੀ ਖਾਸ ਸੇਵਾ ਦੇ ਵਿਚ ਇਹਨੂੰ ਲਾਓ। 10-20 ਦਿਨ ਦੇਖਦਾ ਰਿਹਾ, ਉਹਦੀ ਚਾਲ ਦੇਖੀ, ਬੋਲਣ ਚਾਲਣ ਦੇਖਿਆ, ਸੇਵਾ ਕਰਨ ਦਾ ਢੰਗ ਦੇਖਿਆ। ਓਸ ਵੇਲੇ ਮਨ 'ਚ ਰਹਿਮ ਆਇਆ, ਕਹਿੰਦਾ ਓਸ ਗੁਲਾਮ ਨੂੰ ਹਾਜ਼ਰ ਕਰੋ ਮੇਰੇ। ਉਹ ਹਾਜ਼ਰ ਕਰਿਆ ਤਾਂ ਕਹਿਣ ਲੱਗਿਆ, ਐ ਗੁਲਾਮ! ਮੈਂ ਜਦੋਂ ਤੈਨੂੰ ਦੇਖਦਾ ਹਾਂ ਤਾਂ ਮੇਰੇ ਮਨ ਵਿਚ ਕੁਛ ਰਹਿਮ ਉਠ ਜਾਂਦਾ ਹੈ। ਕੁਛ ਤੇਰੇ ਨਾਲ ਨੇਹੁੰ ਪਿਆਰ ਜਿਹਾ ਉਠਦਾ ਹੈ ਤੇ ਮੈਂ ਇਹ ਚਾਹੁੰਦਾ ਹਾਂ ਕਿ ਮੈਂ ਤੈਨੂੰ ਕੁਝ ਸਹੂਲਤਾਂ ਦੇਵਾਂ। ਤੂੰ ਇਹ ਦੱਸ ਕਿ ਤੇਰਾ ਨਾਉਂ ਕੀ ਹੈ? ਦੂਸਰਾ ਇਹ ਦੱਸ ਕਿ ਤੂੰ ਕੱਪੜੇ ਕਿਹੋ ਜਿਹੇ ਪਾਉਣਾ ਚਾਹੁੰਦਾ ਹੈਂ। ਤੀਸਰਾ ਇਹ ਦੱਸ ਕਿ ਤੂੰ ਖਾਣਾ ਕਿਹੋ ਜਿਹਾ ਖਾਣਾ ਚਾਹੁੰਦਾ ਹੈਂ? ਚੌਥਾ ਇਹ ਵੀ ਦੱਸ ਦੇ ਕਿ ਕਦੋਂ ਸੌਣਾ ਚਾਹੁੰਦਾ ਹੈਂ, ਕਦੋਂ ਜਾਗਣਾ ਚਾਹੁੰਦਾ ਹੈਂ?

ਦੋਵੇਂ ਹੱਥ ਜੋੜੇ ਕਹਿਣ ਲੱਗਿਆ, ਹਜ਼ੂਰ ਜਦੋਂ ਮੈਂ ਆਜ਼ਾਦ ਸੀ ਉਸ ਵੇਲੇ ਮੇਰਾ ਹੱਕ ਸੀ ਮੈਂ ਆਪਣੀ ਮਰਜ਼ੀ ਨਾਲ ਸੌਂਦਾ ਸੀ, ਆਪਣੀ ਮਰਜ਼ੀ ਨਾਲ ਉਠਦਾ ਸੀ, ਜੋ ਮਰਜ਼ੀ ਹੁੰਦੀ ਖਾਂਦਾ ਸੀ। ਜੋ ਮਰਜ਼ੀ ਹੁੰਦੀ ਪਹਿਨਦਾ ਸੀ ਤੇ ਮੇਰਾ ਨਾਉਂ ਵੱਡਾ ਸੀ, ਬੜੀ ਇੱਜ਼ਤ ਦੇ ਨਾਲ ਮੈਨੂੰ ਬਲਾਇਆ ਜਾਂਦਾ ਸੀ। ਕਹਿਣ ਲੱਗਿਆ ਕਿ ਐ ਬਾਦਸ਼ਾਹ! ਜਦੋਂ ਮੈਂ ਗੁਲਾਮ ਬਣ ਗਿਆ, ਹੁਣ ਮੇਰਾ ਕਾਹਦਾ ਨਾਉਂ ਹੈ, ਕੁੱਤਾ ਬਿੱਲਾ ਨਾਉਂ ਰੱਖ ਲੈ, ਕੁੱਛ ਰੱਖ ਲੈ। ਜਿਹੜਾ ਕੁਛ ਕਹਿ ਦਏਂਗਾ ਕਿ ਤੇਰਾ ਨਾਉਂ ਆਹ ਹੈ, ਜਦੋਂ ਤੂੰ ਉਹ ਨਾਉਂ ਲਏਂਗਾ ਮੈਂ ਉਸੇ ਵੇਲੇ ਬੋਲ ਪਿਆ ਕਰਾਂਗਾ। ਮੇਰਾ ਗੁਲਾਮ ਦਾ ਕੀ ਨਾਉ। ਜਦੋਂ ਆਵਾਜ਼ ਦੇ ਦਿਤੀ ਮੈਂ ਉਠ ਜਾਇਆ ਕਰਾਂਗਾ, ਜਦੋਂ ਕਹਿ ਦਿਓਂਗੇ ਕਿ ਸੌਂ ਜਾ ਮੈਂ ਸੌਂ ਜਾਇਆ ਕਰਾਂਗਾ। ਜਿਹੜਾ ਤੁਹਾਡੀਆਂ ਅੱਖਾਂ ਨੂੰ ਚੰਗਾ ਲੱਗੇ ਉਹ ਮੈਨੂੰ ਪਹਿਨਾ ਦਿਓ। ਖਾਣ ਪੀਣ ਦੀ ਗੱਲ ਹੈ, ਹੁਣ ਮੇਰਾ ਧਰਮ ਵੀ ਕੋਈ ਨਹੀਂ ਗੁਲਾਮ ਦਾ, ਬਚਨ ਤਾਂ ਮੇਰਾ ਰਿਹਾ ਹੀ ਨਹੀਂ ਜਦੋਂ ਮੈਂ ਵਿਕ ਗਿਆ, ਮੈਨੂੰ ਚਾਹੇ ਜੂਠੇ ਦੇ ਦਿਓ, ਬਚਦੇ ਦੇ ਦਿਓ, ਬਾਸੀ ਦੇ ਦਿਓ, ਮੈਂ ਤਾਂ ਪੇਟ ਭਰਨਾ ਹੈ ਤੁਹਾਡੇ ਵਾਸਤੇ ਕੰਮ ਕਰਨਾ ਹੈ ਜੇ ਮੇਰਾ ਪੇਟ ਭਰਿਆ, ਤਕੜਾ ਰਿਹਾ ਤਕੜਾ ਕੰਮ ਕਰਾਂਗਾ, ਜੇ ਮਾੜਾ ਹੋਇਆ ਤਾਂ ਮਾੜਾ ਕੰਮ ਹੋਇਆ ਕਰੇਗਾ। ਇਸ ਕਰਕੇ ਮੇਰੀ ਕਾਹਦੀ ਮਰਜ਼ੀ ਹੈ। ਭਾਈ ਗੁਰਦਾਸ ਜੀ ਕਹਿੰਦੇ ਨੇ ਕਿ ਪਿਆਰਿਓ! ਇਹ ਤਾਂ ਗੋਲਾ ਬਣਨਾ ਪੈਂਦਾ ਹੈ। ਗੁਲਾਮ ਬਣਨਾ ਪੈਂਦਾ ਹੈ, ਗੁਰੂ ਦੇ ਨਾਲ ਗੁਰੂ ਦੇ ਕੋਲ ਰਹਿ ਕੇ ਆਪਣੀ ਮੈਂ ਬਿਲਕੁਲ ਛੱਡਣੀ ਪੈਂਦੀ ਹੈ ਤਾਂ, ਤਾਂ ਲੰਘ ਜਾਂਦਾ ਹੈ, ਜੇ ਮੈਂ ਨੂੰ ਨਾਲ ਲਈਂ ਫਿਰੀ ਜਾਵੇ ਕਿ ਮੈਂ ਐਉਂ ਕਰਦਾ ਹਾਂ ਕਿ ਮੇਰੀ ਐਨੀ ਮਾਨਤਾ, ਮੈਂ ਐਨਾ ਪ੍ਰਚਾਰ ਕਰਦਾਂ, ਮੈਂ ਐਨੀ ਸੇਵਾ ਕਰਦਾ ਹਾਂ, ਮੈਂ ਨਾ ਹੋਵਾਂ ਖੇਤੀ ਹੀ ਨਾ ਹੋਵੇ, ਮੈਂ ਨਾ ਹੋਵਾਂ ਲੰਗਰ ਹੀ ਨਾ ਚੱਲੇ, ਉਹ ਸੇਵਾਦਾਰ ਨਹੀਂ ਹੋਇਆ ਕਰਦਾ। ਬੜੀ ਦੂਰ ਰਹਿ ਗਈ ਉਸ ਤੋਂ ਸੇਵਾ। ਰਸਤਾ ਖੁੰਝ ਗਿਆ, ਉਲਟੇ ਚੱਕਰ 'ਚ ਪੈ ਗਿਆ। ਰਾਹ ਭੁੱਲ ਗਿਆ, ਜਿਹੜਾ ਰਾਹ ਜਾਂਦਾ ਸੀ ਪ੍ਰਮੇਸ਼ਰ ਨੂੰ ਮਿਲਣ ਦਾ। ਆਇਆ ਤਾਂ ਸੀ ਮਿਲਣ ਵਾਸਤੇ, ਪਰ ਰਾਹ ਤੋਂ ਉਖੜ ਕੇ ਗਲਤ ਹੋ ਗਿਆ ਕਿਉਂਕਿ ਮਨ ਦੀ ਮੱਤ ਵਿਚ ਆ ਰਲੀ। ਮੈਂ ਰਲ ਗਈ ਕਿ ਮੈਂ ਕਰਦਾ ਹਾਂ। ਮੈਂ ਆਹ ਕਰਦਾ ਹਾਂ, ਮੈਂ ਨਾ ਹੋਵਾਂ ਆਹ ਕੰਮ ਹੋਵੇ ਹੀ ਨਾ। ਨਹੀਂ ਹੁੰਦਾ ਨਾ ਹੋਵੇ, ਫੇਰ ਕੀ ਫਰਕ ਪੈਂਦਾ ਹੈ। ਗੁਰੂ ਦੇ ਕੰਮ ਨੇ ਇਹ ਤਾਂ ਚਲਦੇ ਹੀ ਚਲਦੇ ਨੇ, ਜਦੋਂ ਤੋਂ ਸੰਸਾਰ ਰਚਿਆ ਹੈ, ਜਦ ਤਕ ਰਹਿਣਾ ਹੈ ਚਲਣੇ ਹੀ ਨੇ। ਆਪਣੇ ਹਿਸਾਬ ਨਾਲ ਚੱਲੀ ਜਾਂਦੇ ਨੇ, ਇਹਦੇ ਵਿਚ ਜਿਹੜਾ ਮੈਂ ਆ ਜਾਂਦਾ ਹੈ ਕਿ ਮੈਂ ਚਲਾਇਆ ਹੈ, ਮੈਂ ਆਹ ਮਿਸ਼ਨ ਚਲਾ ਰਿਹਾ ਹਾਂ। ਉਹ ਫੇਰ ਨਾ ਚਲਾਉਣਾ ਹੀ ਚੰਗਾ ਹੈ। ਐਵੇਂ ਕੋਹਲੂ ਦੇ ਬੈਲ ਵਾਲਾ ਹੀ ਕੰਮ ਹੈ, ਸਾਰਾ ਦਿਨ ਚਲਿਆ ਜਦੋਂ ਖੋਪੇ ਖੁਲ੍ਹੇ, ਉਥੇ ਹੀ ਖੜ੍ਹਾ ਹੈ, ਤਰੱਕੀ ਨਹੀਂ ਕੋਈ ਵੀ ਹੁੰਦੀ। ਸੋ ਇਸ ਕਰਕੇ ਇਹ ਰਸਤਾ ਬਹੁਤ ਔਖਾ ਹੈ -

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।***
***ਪੀਹਣਿ ਹੋਇ ਜਦੀਦ ਪਾਣੀ ਢੋਵਣਾ।***
***ਪਖੇ ਦੀ ਤਾਗੀਦ ਪਗ ਮਲਿ ਧੋਵਣਾ।***
***ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।***
***ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।***
***ਚੰਦ ਮੁਮਾਰਖ ਈਦ ਪੁਗ ਖਲੋਵਣਾ।***

***ਵਾਰ 3 ਪਉੜੀ 18***

ਸਾਰੀਆਂ ਸ਼ਕਤੀਆਂ ਦਾ ਮਾਲਕ ਹੁੰਦਾ ਹੋਇਆ ਕੋਈ ਵੀ ਸ਼ਕਤੀ ਨਹੀਂ ਦਿਖਾ ਰਿਹਾ, ਇਹਨੂੰ ਸਾਬਰ ਕਹਿੰਦੇ ਨੇ। ਸਬਰ ਕਰਨਾ। ਸਿਦਕ ਦੇ ਵਿਚ ਪੂਰਾ ਹੁੰਦਾ ਹੈ। ਸੋ ਆਪਣੇ ਸਾਹਿਬ ਦਾ ਗੁਲਾਮ ਬਣਨਾ ਪੈਂਦਾ ਹੈ, ਉਹਦੀ ਮਰਜ਼ੀ ਹੈ

ਚਾਹੇ ਦੁਖਾਂ ਦੀ ਬਾਰਿਸ਼ ਕਰੀ ਜਾਵੇ, ਚਾਹੇ ਸੁਖਾਂ ਦੀ। ਜੇ ਸੁਖ ਦੇ ਦੇਵੇਂ ਤਾਂ ਤੇਰੀ ਮਿਹਰ, ਜੇ ਤੂੰ ਦੁਖ ਦੇ ਦਿਤੇ ਫੇਰ ਵੀ ਅਸੀਂ ਕਿਹੜਾ ਤੇਰੇ ਤੋਂ ਦੂਰ ਹੋਣਾ ਹੈ, ਪਾਰਬ੍ਰਹਮ ਪ੍ਰਮੇਸ਼ਰ ਜੀ, ਫੇਰ ਵੀ ਅਸੀਂ ਤੁਹਾਡੇ ਹੀ ਹਾਂ, ਤੁਹਾਡਾ ਹੀ ਪਿਆਰ ਸਾਡੇ ਹਿਰਦੇ 'ਚ ਰਹਿਣਾ ਹੈ, ਇਹ ਤਾਂ ਤੇਰੀ ਦਾਤ ਹੈ –

*ਕੇਤਿਆ ਦੂਖ ਭੂਖ ਸਦ ਮਾਰ ॥*
*ਏਹਿ ਭਿ ਦਾਤਿ ਤੇਰੀ ਦਾਤਾਰ ॥ ਅੰਗ – ੫*

ਜੇ ਸੁਖ ਵੇਲੇ ਰੱਬ ਦਾ ਨਾਉਂ ਲੈਂਦਾ ਹੈ ਮਾੜਾ ਜਿਹਾ ਦੁੱਖ ਆ ਜਾਏ, ਭਾਈ ਕਿਸਮਤ ਹੈ, ਕਰਮ ਨੇ ਜੀਵ ਦੇ, ਕਰਮ ਕਰਕੇ ਆਇਆ ਹੈ, ਇਥੇ ਸਾਨੂੰ ਕਈ ਕਹਿੰਦੇ ਨੇ ਕਿ ਜੀ ਅੰਮ੍ਰਿਤ ਛਕ ਲਿਆ ਸਾਡਾ ਐਨਾ ਨੁਕਸਾਨ ਹੋ ਗਿਆ। ਮੈਂ ਕਿਹਾ ਤੁਹਾਨੂੰ ਛਕਣ ਨੂੰ ਕੀਹਨੇ ਕਿਹਾ ਸੀਗਾ। ਤੂੰ ਤਾਂ ਸੌਦਾ ਕਰਦਾ ਹੈਂ ਰੱਬ ਦੇ ਨਾਲ, ਤੇਰੇ ਕਰਮਾਂ ਨੂੰ ਕੌਣ ਕੱਟੇਗਾ, ਤੂੰ ਤਾਂ ਕਰਮ ਮਾੜੇ ਕਰਕੇ ਆਇਆ ਹੈਂ ਤੇ ਅੰਮ੍ਰਿਤ ਛਕ ਕੇ ਤੂੰ ਗੁਰੂ ਦੇ ਉਤੇ ਕੋਈ ਅਹਿਸਾਨ ਕਰ ਦਿਤਾ? ਕਹਿੰਦਾ ਜੀ ਮੈਂ ਐਨੀ ਬਾਣੀ ਪੜ੍ਹਦਾ ਹਾਂ ਮੇਰਾ ਵੀ ਨੁਕਸਾਨ ਹੋ ਗਿਆ? ਮੈਂ ਐਨੀ ਸੇਵਾ ਕਰਦਾ ਹਾਂ ਜੀ ਦੂਜੇ ਵਧਦੇ ਫੁਲਦੇ ਨੇ, ਤੇ ਮੈਂ ਘਟ ਰਿਹਾ ਹਾਂ? ਭਾਈ! ਫੇਰ ਨਾ ਕਰਿਆ ਕਰ, ਜੇ ਤੈਨੂੰ ਇਹ ਗੱਲ ਹੈ ਤਾਂ, ਤੈਨੂੰ ਕੀਹਨੇ ਕਿਹਾ ਹੈ ਕਿ ਸੇਵਾ ਕਰਿਆ ਕਰ। ਓ ਪਿਆਰਿਆ! ਗੁਰੂ ਦਾ ਤੇ ਸਿੱਖ ਦਾ ਰਸਤਾ ਸੌਦੇਬਾਜ਼ੀ ਨਹੀਂ ਹੈ, ਇਹਦੇ ਵਿਚ ਮਰਜ਼ੀ ਹੈ ਉਹਦੀ –

*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ ॥ ੨ ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੂਖ ਮਨਾਈ ॥ ਅੰਗ – ੭੫੭*

ਦੁੱਖ ਮਿਲ ਗਿਆ ਤਾਂ ਕੀ ਨੱਠ ਜਾਵਾਂਗੇ ਅਸੀਂ, ਪਿੱਠ ਦੇ ਦੇਵਾਂਗੇ। ਕਹਿੰਦੇ ਨੇ ਕਿ ਅਸੀਂ ਮਹਾਂਪੁਰਸ਼ਾਂ ਕੋਲ ਜਾਂਦੇ ਸੀ, ਉਨ੍ਹਾਂ ਨੇ ਸਾਡਾ ਨੁਕਸਾਨ ਹੋਣੋ ਨਾ ਬਚਾਇਆ? ਨੁਕਸਾਨ ਹੋਣਾ ਤੇਰੇ ਕਰਮਾਂ ਦੀ ਖੇਡ ਹੈ। ਮਹਾਂਪੁਰਸ਼ ਨੇ ਤੈਨੂੰ ਤਾਰਨਾ ਹੈ, ਸੰਸਾਰ 'ਚ ਫਸਾਉਣਾ ਨਹੀਂ ਹੈ। ਸੋ ਉਲਟੀ ਸੋਚ ਹੋਣ ਕਰਕੇ ਅਸੀਂ ਸੇਵਾਦਾਰ ਨਹੀਂ ਬਣ ਸਕਦੇ। ਕਹਿੰਦੇ, ਉਹ ਤਾਂ ਗੁਲਾਮ ਬਣਨਾ ਪੈਂਦਾ ਹੈ –

*ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।*

ਕਰਕੇ ਦੇਖ ਲਓ, ਕਹਿੰਦਾ ਮੈਂ ਜਾਗਦਾ ਹਾਂ ਬਾਕੀ ਸਾਰੇ ਸੌਂ ਗਏ। ਬਹੁਤ ਹੈ, ਮਹਾਰਾਜ ਕਹਿੰਦੇ ਕਰੋੜ ਦੇ ਵਿਚ ਇਕ ਸੇਵਾਦਾਰ ਹੈ, ਬਾਕੀ ਤਾਂ ਵਿਹਾਰੀ ਨੇ ਸਾਰੇ। ਗੁਰੂ ਦੇ ਬਣੇ ਨਹੀਂ ਹਨ, ਗੁਰੂ ਤੋਂ ਕੁਰਬਾਨੀ ਨਹੀਂ ਦੇ ਸਕਦੇ। ਗੁਰੂ ਨਾਲ ਸੌਦੇਬਾਜ਼ੀ ਹੈ।

ਮਾੜਾ ਜਿਹਾ ਗੁਰੂ ਦਾ ਬਣ ਜਾ ਸਹੀ, ਭੰਡਾਰੇ ਖੋਲ੍ਹ ਦਿੰਦਾ ਹੈ ਦਾਤਾਂ ਦੇ, ਲੇਕਿਨ ਫੇਰ ਬਣਦਾ ਨਹੀਂ ਉਹਦੇ ਵਿਚ ਮਸਤ ਹੋ ਜਾਂਦਾ ਹੈ। ਸਿੱਖੀ ਪ੍ਰਾਪਤ ਹੁੰਦੀ ਹੈ –

*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥*
*ਅੰਗ – ੨੮੬*

ਸੇਵਾ ਕਰਦਾ ਜਿਹੜਾ ਨਿਹਕਾਮੀ ਹੋ ਜਾਂਦਾ ਹੈ, ਕਾਮਨਾ ਨਹੀਂ ਕੋਈ ਰੱਖਦਾ –

*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੂਖ ਮਨਾਈ ॥ ਅੰਗ – ੭੫੭*


ਦੁਖ ਦੇ ਵਿਚ ਸੁੱਖ ਮਨਾਉਣ ਦੀ ਜਿਹਨੂੰ ਜਾਂਚ ਆ ਗਈ, ਅਪਮਾਨ ਦੇ ਵਿਚ ਜਿਹੜਾ ਮਾਨ ਦੀ ਜਾਚ ਆ ਗਈ, ਧੱਕਿਆਂ ਦੇ ਵਿਚ ਜਿਹਨੂੰ ਪਿਆਰ ਦੀ ਰਮਜ਼ ਪੈ ਗਈ ਸਮਝ, ਉਹ ਤਾਂ ਕਹਿੰਦੇ ਲੰਘ ਜਾਂਦਾ ਹੈ। ਸੌਦੇਬਾਜ਼ੀ ਨਾਲ ਨਹੀਂ ਕਹਿੰਦੇ ਲੰਘਦਾ। ਕਿਉਂਕਿ ਡਾਹਢਾ ਹੈ ਗੁਰੂ। ਸਾਡਾ ਵਸ ਨਹੀਂ ਚਲਦਾ।

*ਨਾਨਕ ਜਿਸੁ ਬਿਨੁ ਘੜੀ ਨ ਜੀਵਣਾ*
*ਵਿਸਰੇ ਸਰੈ ਨ ਬਿੰਦ ॥*
*ਤਿਸੁ ਸਿਉ ਕਿਉ ਮਨ ਰੂਸੀਐ*
*ਜਿਸਹਿ ਹਮਾਰੀ ਚਿੰਦ ॥ ਅੰਗ – ੧੦੯੭*

ਉਹਦੇ ਵਿਚ ਉਹਦੇ ਨਾਲ ਕਾਹਦਾ ਰੋਸਾ। ਉਥੇ ਤਾਂ ਸੀਸ ਹੀ ਨਿਵਾਉਣਾ ਹੈ ਆਗਿਆ ਹੀ ਮੰਨਣੀ ਹੈ।

ਸੋ ਬਾਬਾ ਫਰੀਦ ਇਸ ਤਰ੍ਹਾਂ ਦੇ ਨਾਲ ਨਿਸ਼ਕਾਮ ਹੋ ਕੇ ਮੁਰਦਾ ਹੋ ਕੇ ਸੇਵਾ ਕਰ ਰਿਹਾ ਹੈ। ਚੌਦਾਂ ਸਾਲ ਲੰਘ ਗਏ, ਮੁਰਸ਼ਦ ਨੇ ਮੁੜ ਕੇ ਬੁਲਾਇਆ ਹੀ ਨਹੀਂ। ਗੱਲ ਹੀ ਨਹੀਂ ਕਰੀ। ਅੱਜਕਲ੍ਹ ਤਾਂ ਕਿਸੇ ਨੂੰ ਥੋੜ੍ਹਾ ਜਿਹਾ ਨਾ ਬੁਲਾਓ, ਕਹਿੰਦੇ ਨੇ ਜੀ ਮੈਨੂੰ ਤਾਂ ignore ਕਰ ਦਿਤਾ। ਮੇਰੇ ਖਿਲਾਫ ਚੁਗਲੀਆਂ ਕਰਦਾ ਹੈ ਕੋਈ ਬੰਦਾ। ਸੰਤਾਂ ਦੀ ਤਾਂ ਆਪਣੀ ਮੌਜ ਹੁੰਦੀ ਹੈ ਕਿਸੇ ਨੂੰ ਬੁਲਾਉਣ ਕਿਸੇ ਨੂੰ ਨਾ ਬੁਲਾਉਣ। ਉਹ ਤਾਂ ਸੇਵਾ ਕਰ ਰਹੇ ਨੇ, ਕਰਦੇ ਜਾਓ–ਕਰਦੇ ਜਾਓ। ਕੀ ਪਤਾ ਕਿਹੜੇ ਵੇਲੇ ਜਾ ਕੇ ਤੁਹਾਡਾ ਤਪ ਪੂਰਾ ਹੋਣਾ ਹੈ, ਫੇਰ ਮਿਲਣਾ, ਸੰਤਾਂ ਦੀ ਕੋਈ ਡਿਊਟੀ ਲੱਗੀ ਹੋਈ ਹੈ ਕਿ ਤੁਹਾਨੂੰ ਬੁਲਾਉਂਦੇ ਫਿਰਨ, ਤੁਹਾਡੇ ਪਿਛੇ-ਪਿਛੇ ਤੁਰੇ ਫਿਰਨ। ਸੰਤ ਆਪ ਬੇਪਰਵਾਹ ਹੋਇਆ ਕਰਦੇ ਨੇ। ਕੋਈ ਬੁਲਾਵੇ, ਕੋਈ ਪਿਆਰ ਕਰੇ ਉਹਨੂੰ ਫਲ

ਮਿਲ ਜਾਂਦਾ ਹੈ, ਨਾ ਕਰੇ ਉਹਦੀ ਭਾਵਨਾ ਹੈ। ਦਰਵਾਜ਼ਾ ਬੰਦ ਹੋ ਜਾਂਦਾ ਹੈ, ਹੋਰ ਕੁਛ ਨਹੀਂ। ਇਹ ਰਸਤਾ ਹੀ ਹੋਰ



ਧੰਨ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

ਤਰ੍ਹਾਂ ਦਾ ਹੈ। ਸੋ ਬਾਬੇ ਫਰੀਦ ਨੇ ਕਦੇ ਮਨ ਵਿਚ ਨਹੀਂ ਸੀ ਲਿਆਂਦਾ ਕਿ ਮੈਂ ਐਡੇ ਤਪ ਕਰੇ, ਮੇਰੇ ਕੋਲ ਸ਼ਕਤੀਆਂ,



ਧੰਨ ਸਾਹਿਬ ਸ੍ਰੀ ਗੁਰੂ ਅਮਰ ਦਾਸ ਜੀ ਮਹਾਰਾਜ

ਸ਼ਕਤੀ ਕਿੰਨੀ ਸੀ, ਜਦੋਂ ਪਹਿਲੀ ਵਾਰੀ ਗੁਰੂ ਕੋਲ ਆਇਆ ਤਾਂ ਜੋ ਵੱਡੇ ਮਹਾਂਪੁਰਸ਼ ਸੀ ਬੁਖਤਿਆਰਕਾਕੀ



ਧੰਨ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ

ਸੀ ਉਨ੍ਹਾਂ ਦਾ ਨਾਮ। ਉਹ ਬੱਚਿਆਂ ਦੇ ਨਾਲ ਖੇਲ੍ਹਦੇ ਸੀ, ਉਨ੍ਹਾਂ ਨੇ ਗੇਂਦ ਮਾਰਨੀ ਉਪਰ ਨੂੰ ਹੇਠਾਂ ਬੋਚਣੀ ਫੇਰ ਲਿਆ



ਧੰਨ ਸਾਹਿਬ ਸ੍ਰੀ ਗੁਰੂ ਰਾਮ ਦਾਸ ਸਾਹਿਬ ਜੀ ਮਹਾਰਾਜ

ਕੇ ਉਨ੍ਹਾਂ ਨੂੰ ਦੇ ਦੇਣੀ। ਮੌਜ ਹੈ ਮਹਾਂਪੁਰਸ਼ਾਂ ਦੀ। ਬਾਬਾ ਫਰੀਦ ਆਇਆ, ਉਨ੍ਹਾਂ ਨੇ ਗੇਂਦ ਜਦੋਂ ਉਤੇ ਨੂੰ ਮਾਰੀ



ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ

ਇਹਨੇ ਉਤੇ ਹੀ ਰੋਕ ਦਿਤੀ ਸ਼ਕਤੀ ਨਾਲ। ਦੱਸ ਦਿਤਾ ਕਿ ਕੋਈ ਆ ਗਿਆ। ਉਨ੍ਹਾਂ ਨੇ ਦੇਖਿਆ ਕਿ ਉਹ ਬੰਦਾ ਆਇਆ ਹੈ, ਗੇਂਦ ਵਲ ਦੇਖਿਆ ਗੇਂਦ ਥੱਲੇ ਆ ਗਈ।



ਧੰਨ ਸਾਹਿਬ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਮਹਾਰਾਜ

ਖੇਲ੍ਹ ਖਤਮ ਕਰ ਦਿਤੀ। ਪੁਛਿਆ, ਪ੍ਰੇਮੀਆ! ਕਿਵੇਂ ਆਇਆ ਹੈਂ? ਕਹਿਣ ਲੱਗਿਆ, ਮਹਾਰਾਜ! ਮੈਂ ਤੁਹਾਨੂੰ



ਧੰਨ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ

ਮੁਰਸ਼ਦ ਧਾਰਨ ਆਇਆ ਹਾਂ। ਕਹਿੰਦੇ, ਮੇਰਾ ਮੁਰਸ਼ਦ ਬਣਨ ਆਇਆ ਹੈਂ ਕਿ ਮੁਰਸ਼ਦ ਧਾਰਨ ਆਇਆ ਹੈਂ? ਕਹਿੰਦਾ, ਮਹਾਰਾਜ ਤੁਹਾਡੀ ਕ੍ਰਿਪਾ ਦੇ ਨਾਲ ਸ਼ਕਤੀਆਂ ਨੇ। ਕਹਿੰਦੇ,



ਧੰਨ ਸਾਹਿਬ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਮਹਾਰਾਜ

ਪਿਆਰਿਆ, ਤੇਰਾ ਸਾਡੇ ਨਾਲ ਕੋਈ ਮੇਲ ਨਹੀਂ। ਗੁਰੂ ਕੋਲ ਤਾਂ ਉਹ ਆਉਣਾ ਚਾਹੀਦਾ ਹੈ -



ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥***



**ਧੰਨ ਧੰਨ ਬਾਬਾ ਦੀਪ ਸਿੰਘ ਜੀ ਸੀਸ ਤਲੀ ਤੇ ਰੱਖ ਕੇ ਖੰਡ ਵਾਹੁੰਦੇ ਹੋਏ**

***ਅੰਗ - ੧੧੦੨***

ਇਹ ਰਸਤਾ ਪਿਆਰ ਦਾ ਹੈ, ਪਿਆਰ ਦੇ ਰਸਤੇ ਤੇ



ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇਵ ਜੀ ਮਹਾਰਾਜ

ਆਪਾ ਕੁਰਬਾਨ ਕਰਨਾ ਪੈਂਦਾ ਹੈ। ਜਿੰਨੀ ਦੇਰ ਤੱਕ ਆਪਾ ਕੁਰਬਾਨ ਕਰਨ ਦਾ ਜਜ਼ਬਾ ਅੰਦਰ ਪੈਦਾ ਨਹੀਂ ਹੁੰਦਾ। ਗੁਰੂ



**ਭਾਈ ਮਨੀ ਸਿੰਘ ਜੀ ਭਾਣੇ ਅੰਦਰ ਰਹਿ ਕੇ ਬੰਦ ਬੰਦ ਕਟਵਾ ਰਹੇ**

ਦੀ ਸੰਧੀ ਸਿੱਖ ਨਾਲ ਨਹੀਂ ਹੋਇਆ ਕਰਦੀ। ਮੁਰਸ਼ਦ ਦੀ ਜੋ ਸੋਝੀ ਹੈ ਉਹ ਮੁਰੀਦ ਦੇ ਨਾਲ ਇਕਮਿਕ ਨਹੀਂ ਹੋਇਆ ਕਰਦੀ। ਕਿਉਂਕਿ ਉਹਦੀ ਹੋਰ ਸੋਚ ਹੈ, ਉਹਦੀ ਹੋਰ ਹੈ। ਕਹਿਣ ਲੱਗੇ, ਇਹ ਰਸਤਾ ਹੋਰ ਹੈ ਇਹਦੇ ਵਿਚੋਂ ਮੁਰੀਦ ਨੂੰ ਆਪਣੀ ਮੈਂ ਛੱਡਣੀ ਪੈਂਦੀ ਹੈ।

***ਜਉ ਤਉ ਪ੍ਰੇਮ ਖੇਲਣ ਕਾ ਚਾਉ ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ ॥***
***ਇਤੁ ਮਾਰਗਿ ਪੈਰੁ ਧਰੀਜੈ ॥***
***ਸਿਰੁ ਦੀਜੈ ਕਾਣਿ ਨ ਕੀਜੈ ॥***
***ਅੰਗ - ੧੪੧੨***

ਆਖਣ ਲੱਗੇ, ਕੀ ਨਾਮ ਹੈ ਤੇਰਾ। ਕਹਿੰਦੇ, ਮੇਰਾ ਨਾਮ ਹੈ ਫਰੀਦ। ਕਹਿੰਦੇ, ਫਰੀਦਾ! ਤੂੰ ਮੁਰੀਦ ਬਣਨ ਆਇਆ ਹੈਂ ਕਿ ਮੇਰਾ ਮੁਰਸ਼ਦ ਬਣਨ ਆਇਆ ਹੈਂ? ਪਿਆਰਿਆ ਦੋ ਦਾ ਥਾਂ ਨਹੀਂ ਹੁੰਦਾ, ਇਕ ਦਾ ਹੋਇਆ ਕਰਦਾ ਹੈ। ਇਕ ਨੂੰ ਮਰਨਾ ਪੈਂਦਾ ਹੈ ਤਾਂ ਉਹਦੀ ਗੌਰ ਵਿਚ ਸਮਾਉਂਦਾ ਹੈ। ਜਾਹ ਅਜੇ ਤੂੰ ਅਧਿਕਾਰੀ ਨਹੀਂ ਹੈਂ।



ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਤੱਤੀ ਤਵੀ ਤੇ ਬੈਠਿਆਂ ਦਾ ਇੱਕ ਦ੍ਰਿਸ਼।

ਰੂਹਾਨੀਅਤ ਦਾ ਰਸਤਾ ਹੋਰ ਹੈ ਸਾਧਸੰਗਤ ਜੀ! ਇਹ ਜਿਹੜਾ ਸਾਡੇ ਲੋਕਾਂ ਦਾ ਕੰਮ ਹੈ ਇਹ ਹੋਰ ਹੈ। ਮੁਰਸ਼ਦ ਜਿਹੜੇ ਨੇ ਆਪਣਾ ਮੁਰੀਦ ਬਣਾਉਣ ਵਾਸਤੇ ਵੱਡੇ-ਵੱਡੇ ਟੈਸਟ ਲੈਂਦੇ ਨੇ, ਤਾਂ ਕਿਤੇ ਬਣਾਉਂਦੇ ਨੇ। ਕਹਿੰਦੇ, ਫਰੀਦਾ! ਤੇਰੇ ਵਿਚੋਂ ਅਜੇ ਮੈਂ ਨਹੀਂ ਮਰੀ। ਤੂੰ ਤਾਂ ਆਪਣੀਆਂ ਸ਼ਕਤੀਆਂ ਪਹਿਲਾਂ ਹੀ ਦਿਖਾਉਣ ਲਗ ਗਿਆ। ਆਪਣਾ ਮੇਲ ਕਿਵੇਂ ਹੋਏਗਾ? ਵਾਪਸ ਮੋੜ ਦਿਤਾ। ਬੜਾ ਪਛਤਾਇਆ ਕਿ ਮੈਂ ਮਾੜਾ ਕਰਿਆ। ਦੁਬਾਰਾ ਜਦੋਂ ਆਇਆ ਤਾਂ ਕੀ ਦੇਖਦਾ ਹੈ ਕਿ ਉਹਦਾ ਮੁਰਸ਼ਦ ਇਕ ਸੁੱਕੇ ਹੋਏ ਦਰਖਤ ਦੇ ਥੱਲੇ ਬੈਠਾ ਸੀ, ਜੇਠ ਦਾ ਮਹੀਨਾ ਸੀ, ਧੁੱਪ ਪੈ ਰਹੀ ਸੀ



ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਨ ਦਾ ਇੱਕ ਚਿਤਰਕਾਰ ਰਾਹੀਂ ਦਰਸਾਇਆ ਗਿਆ ਇੱਕ ਦ੍ਰਿਸ਼।

ਕੜਕਦੀ, ਸਹੀ ਨਹੀਂ ਜਾਂਦੀ। ਉਹਨੇ ਕਿਹਾ ਕਿ ਇਨ੍ਹਾਂ ਦੀ ਸਮਾਧੀ ਲੱਗ ਗਈ, ਸਵੇਰੇ-ਸਵੇਰੇ ਆ ਕੇ ਬੈਠੇ ਹੋਣੇ ਨੇ ਤੇ ਮੇਰਾ ਫਰਜ਼ ਬਣਦਾ ਹੈ ਕਿ ਮੈਂ ਇਨ੍ਹਾਂ ਉਤੇ ਛਾਉਂ ਕਰ ਦੇਵਾਂ। ਦਰਖਤ ਵਲ ਨਿਗ੍ਹਾ ਕੀਤੀ, ਓਸੇ ਵੇਲੇ ਟਾਹਣੀਆਂ ਨਿਕਲ ਆਈਆਂ, ਪੱਤੇ ਨਿਕਲ ਆਏ, ਦੇਖਦੇ-ਦੇਖਦੇ ਛਾਉਂਦਾਰ ਬ੍ਰਿਛ ਬਣ ਗਿਆ। ਜਦੋਂ ਬ੍ਰਿਛ ਬਣਿਆ ਬਖਤਿਆਰ ਕਾਕੀ ਜੀ ਨੇ ਉਤੇ ਨੂੰ ਦੇਖਿਆ ਕਿ ਇਹ ਤਾਂ ਦਰਖਤ ਸਾਰਾ ਹੀ ਹਰਾ ਕਰ ਦਿਤਾ ਕਿਸੇ ਨੇ। ਦੇਖਿਆ, ਤਾਂ ਫਰੀਦ ਖੜ੍ਹਾ ਹੈ। ਉਪਰ ਨੂੰ ਦੇਖਿਆ ਸਾਰਾ ਹੀ ਦਰਖਤ ਗੁੰਮ ਕਰ ਦਿਤਾ, ਮੁੜ ਕੇ ਡੁੰਡ ਦਾ ਡੁੰਡ ਫੇਰ ਰਹਿ ਗਿਆ। ਕਹਿੰਦੇ, ਕੀ ਗੱਲ ਹੈ? ਬੜੀ ਅਧੀਨਗੀ ਨਾਲ ਆਇਆ, ਮੱਥਾ ਟੇਕਿਆ ਕਹਿਣ ਲੱਗਿਆ ਕਿ ਮੈਂ ਆਪ ਨੂੰ ਮੁਰਸ਼ਦ ਬਣਾਉਣਾ ਹੈ ਕ੍ਰਿਪਾ ਕਰੋ। ਕਹਿੰਦੇ, ਫਰੀਦਾ! ਤੇਰੇ ਵਿਚ ਤਾਂ ਮੈਂ ਬਹੁਤ ਜ਼ਿਆਦਾ ਹੈ। ਮੈਂ ਤੇ ਤੂੰ ਦਾ ਤਾਂ ਕਦੇ ਇਕੱਠ ਹੋਇਆ ਹੀ ਨਹੀਂ ਕਰਦਾ। ਅਸੀਂ ਤੈਨੂੰ ਤੂੰ ਬਣਾਉਣਾ ਹੈ, ਤੇਰੀ ਮੈਂ ਨੇ ਤਾਂ ਮਰਨਾ ਨਹੀਂ ਹੈ। ਮੈਂ ਨੇ ਮਰਨਾ ਨਹੀਂ ਤਾਂ ਤੇਰੀ ਮਿਹਨਤ ਐਵੇਂ ਜਾਏਗੀ। ਐਵੇਂ ਸਮਾਂ ਬਰਬਾਦ ਕਰੇਂਗਾ, ਓਸ ਵੇਲੇ ਬਾਬੇ ਫਰੀਦ ਨੂੰ ਗੱਲ ਸਮਝ 'ਚ ਪੈ ਗਈ ਕਿ ਮੁਰਸ਼ਦ ਕੋਲ ਬਣ ਕੇ ਨਹੀਂ ਜਾਈਦਾ। ਜਿਹੜਾ ਬਣਿਆ ਉਹ ਦਾਤ ਤੋਂ ਖਾਲੀ ਰਹਿ ਗਿਆ।



**ਭਾਈ ਦਿਆਲੇ ਨੂੰ ਦੇਗ ਵਿੱਚ ਉਬਾਲਿਆ ਜਾ ਰਿਹਾ ਹੈ।**



**ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਸਾੜਨ ਦਾ ਇੱਕ ਦ੍ਰਿਸ਼।**

ਬੁੱਲ੍ਹਾ ਆਇਆ ਅਨਾਇਤਸ਼ਾਹ ਕੋਲ, ਬੁੱਲ੍ਹੇ ਦੀ ਜਾਤ ਉਚੀ ਸੀ ਸੱਯਦ ਸੀ, ਇਹ ਅਰਾਈਂ ਸੀ। ਸਾਰੀਆਂ ਗੱਲਾਂ ਛੱਡ ਕੇ ਆਇਆ। ਅੱਗੇ ਅਨਾਇਤਸ਼ਾਹ ਮਿਹਨਤ ਕਰ ਰਹੇ ਸੀ, ਪਿਆਜ ਲਾ ਰਹੇ ਸੀ, ਵੱਟ ਦੇ ਕੋਲ ਆ ਕੇ ਬਹਿ ਗਿਆ, ਇਹ ਨਹੀਂ ਕਿ ਪਿਆਜ ਫੜ ਲਏ ਕਿ ਮੈਨੂੰ ਵੀ ਦੇ ਦਿਓ ਮਹਾਰਾਜ, ਮੈਂ ਵੀ ਲਾਉਣੇ ਸ਼ੁਰੂ ਕਰ ਦੇਵਾਂ। ਨਾ, ਕਿਉਂਕਿ ਸੱਯਦ ਸੀ। ਉਸ ਜਾਤ

ਦਾ ਅਭਿਮਾਨ ਸੀ। ਬੈਠ ਗਿਆ, ਉਨ੍ਹਾਂ ਨੇ ਪੁਛਿਆ ਪ੍ਰੇਮੀਆ! ਕਿਵੇਂ ਆਇਆ ਹੈਂ? ਕਹਿੰਦਾ ਜੀ, ਮੈਂ ਖੁਦਾ ਪਾਉਣਾ ਹੈ। ਕਹਿੰਦੇ ਕੀ ਨਾਉਂ ਹੈ? ਕਹਿੰਦੇ, ਬੁੱਲਾ! ਕਹਿੰਦੇ, ਬੁੱਲਿਆ ਖੁਦਾ ਦਾ ਕੀ ਪਾਉਣਾ, ਐਧਰੋਂ ਪੁੱਟਣਾ ਤੇ ਐਧਰ ਲਾਉਣਾ। ਪਿਆਜ਼ ਲਾ ਦਿਤਾ। ਬੱਸ ਐਨਾ ਹੀ ਫਰਕ ਹੈ। ਪਰ ਤੂੰ ਅਜੇ ਕਾਬਿਲ ਨਹੀਂ ਹੈਂ ਮੁਰੀਦੀ ਦੇ। ਤੂੰ ਬਣ ਕੇ ਆਇਆ ਹੈਂ, ਤੂੰ ਹੈਂ ਸੱਯਦ। ਤੇਰੇ ਮਨ ਵਿਚ ਆ ਗਿਆ ਕਿ ਅਰਾਈਂ ਦਾ ਮੈਂ ਚੇਲਾ ਬਣਨ ਲੱਗਿਆ ਹਾਂ। ਮੁਰੀਦ ਬਣਨ ਲੱਗਿਆ ਹਾਂ ਅਜੇ ਤਾਂ ਤੇਰੇ ਮਨ ਵਿਚ ਅਭਿਮਾਨ ਦੇ ਪਹਾੜ ਪਏ ਨੇ। ਜਾਹ ਪਹਿਲਾਂ ਇਨ੍ਹਾਂ ਪਹਾੜਾਂ ਨੂੰ ਢਾਹ ਕੇ ਪਰ੍ਹੇ ਸੁੱਟ ਕੇ ਆ, ਖਾਲੀ ਹੋ ਕੇ ਆ ਜੇ ਆਉਣਾ ਹੈ ਸਾਡੇ ਕੋਲ।



ਕਸ਼ਮੀਰੀ ਪੰਡਿਤ ਗੁਰੂ ਤੇਗ ਬਹਾਦਰ ਸਾਹਿਬ ਜੀ ਕੋਲ ਆਪਣੇ ਧਰਮ ਦੀ ਰਾਖੀ ਲਈ ਫਰਿਆਦ ਕਰਦੇ ਹੋਏ।

ਬੁਲ੍ਹਾ ਬੜਾ ਪਛਤਾਇਆ ਕਿ ਠੀਕ ਹੈ, ਮੈਂ ਮਾਣ ਨਾਲ ਗਿਆ ਸੀ, ਮਾਣ ਨਾਲ ਜਿਹੜਾ ਆਉਂਦਾ ਹੈ ਉਹ ਖਾਲੀ ਰਹਿ ਜਾਂਦਾ ਹੈ। ਦੁਬਾਰਾ ਫੇਰ ਆਇਆ ਬੜੀ ਅਧੀਨਗੀ ਦੇ ਨਾਲ, ਉਨ੍ਹਾਂ ਨੇ ਪ੍ਰਵਾਨ ਕਰ ਲਿਆ ਕਿ ਆ ਜਾ ਕੋਈ ਗੱਲ ਨਹੀਂ। ਓਸ ਵੇਲੇ ਉਨ੍ਹਾਂ ਨੂੰ ਰੁਹਾਨੀ ਮੰਤਰ ਦਿਤਾ ਕਿ ਇਹਦਾ ਜਾਪ ਕਰਿਆ ਕਰ, ਸੇਵਾ ਕਰਿਆ ਕਰ।

ਸੇਵਾ ਕਰਦਾ ਹੈ ਬਹੁਤ, ਹੁਕਮ ਦੇ ਵਿਚ ਖੜ੍ਹਾ ਰਹਿੰਦਾ ਹੈ ਹਰ ਵਕਤ। ਉਹ ਬਾਲ-ਬੱਚੇਦਾਰ ਪੀਰ ਸੀਗਾ। ਬੱਚੇ ਵੀ ਕਹਿੰਦੇ ਨੇ ਉਹਨੂੰ ਕੰਮ। ਘਰਵਾਲੀ ਵੀ ਕਹਿੰਦੀ ਹੈ, ਨੌਕਰਾਂ ਵਾਂਗ ਹੋ ਗਿਆ। ਗੁਲਾਮ ਹੁੰਦਾ ਹੈ ਜਿਵੇਂ ਮੁੱਲ ਲਿਆ ਹੋਇਆ ਤੇ ਪੀਰ ਨੂੰ ਪ੍ਰਸੰਨ ਕਰ ਲਿਆ ਉਹਨੇ। ਪ੍ਰਸੰਨ ਹੋਇਆ ਤਾਂ ਸੁਨੇਹਾ ਆ ਗਿਆ ਕਿ ਕਿਸੇ ਰਿਸ਼ਤੇਦਾਰ ਦੇ ਸ਼ਾਦੀ ਸੀ, ਬੱਚੇ ਕਹਿੰਦੇ ਅਸੀਂ ਸ਼ਾਦੀ ਤੇ ਜਾਣਾ ਹੈ। ਉਹ ਕਹਿੰਦੇ ਕਿ ਮੈਂ ਲੁੱਟਿਆ ਜਾਵਾਂਗਾ ਜੇ ਤੁਸੀਂ ਸ਼ਾਦੀ ਤੇ ਜਾਣਾ ਹੈ, ਰਹੋ ਇਥੇ ਕੋਈ, ਫੇਰ ਨਾ ਕਿਹੋ ਕਿ ਲੁਟਿਆ ਗਿਆ। ਓਸ ਵੇਲੇ ਗੱਲ ਸਮਝ ਵਿਚ ਨਾ ਆਈ, ਚਲੇ ਗਏ। ਦੋਵੇਂ ਜਦੋਂ ਇਕੱਲੇ ਰਹਿ ਗਏ ਤਾਂ ਬੁਲ੍ਹੇਸ਼ਾਹ ਨੇ ਬੜੀ ਸੇਵਾ ਕਰੀ ਪਿਛੋਂ, ਪ੍ਰਸੰਨ ਹੋ ਗਏ। ਕਹਿਣ ਲੱਗੇ, ਆ ਬਈ ਬੁਲਿਆ! ਅੱਧਾ ਪਾਣੀ ਪੀ ਕੇ ਬਾਕੀ ਬਚਦਾ ਦੇ ਦਿਤਾ ਕਹਿੰਦੇ ਲੈ ਤੂੰ ਪੀ ਲੈ। ਸਰੀਰ ਦੇ ਵਿਚ ਐਨੀ ਤਾਕਤ ਆ ਗਈ ਕਿ ਸਾਂਭਿਆ ਹੀ ਨਾ ਜਾਵੇ।




ਤੇਗ ਬਹਾਦਰ ਕੇ ਚਲਤ ਭਇਓ ਜਗਤ ਮੈਂ ਸੋਕ । ਹੈ ਹੈ ਹੈ ਸਭ ਜਗ ਭਇਓ ਜੈ ਜੈ ਸੁਰ ਲੋਕ।

ਉਛਲੇ ਉਹ, ਜਰ ਨਾ ਸਕੇ, ਹੌਲੀ-ਹੌਲੀ ਜਰਿਆ ਓਸ ਨੇ ਸ਼ਕਤੀ ਨੂੰ। ਤਾਂ ਦੇਖਿਆ ਕਿ ਇਹਨੇ ਜ਼ਰ ਲਈ ਕਿ ਨਹੀਂ। ਬਾਲ-ਬੱਚੇ ਆ ਗਏ, ਸਮਾਂ ਲੰਘ ਗਿਆ। ਇਕ ਦਿਨ ਕੋਈ ਗੁਰਭਾਈ ਸੀ ਇਨ੍ਹਾਂ ਦਾ ਉਥੇ ਕੋਈ ਸਮਾਗਮ ਸੀ, ਕਹਿਣ ਲੱਗੇ ਬੁੱਲ੍ਹਿਆ ਸਾਡੇ ਤੋਂ ਤਾਂ ਜਾ ਨਹੀਂ ਹੁੰਦਾ ਪਿਆਰਿਆ, ਤੂੰ ਜਾਹ, ਪਰ ਆਥਣੇ ਆ ਜਾਈਂ ਮੁੜ ਕੇ। ਉਸ ਵੇਲੇ ਚਲਿਆ ਦੂਰ ਦਾ ਪੈਂਡਾ ਸੀ, ਸ਼ਾਮ ਹੋ ਗਈ। ਉਥੇ ਭੀੜ-ਭੜੱਕਾ ਬਹੁਤ ਸੀ, ਇਹਦੀ ਵਾਰੀ ਨੂੰ ਜਦੋਂ ਵਾਰੀ ਆਉਣ ਲੱਗੀ ਤਾਂ ਸੂਰਜ ਛਿਪਣ ਵਾਲਾ ਹੋ ਗਿਆ। ਉਸ ਵੇਲੇ ਦੱਸਿਆ ਕਿ ਮੈਨੂੰ ਪੀਰ ਜੀ ਨੇ ਭੇਜਿਆ ਹੈ, ਬੜੇ ਪਿਆਰ ਦੇ ਅਧੀਨਗੀ ਦੇ ਬਚਨ ਇਹਨੇ ਕੀਤੇ, ਖੁਸ਼ੀਆਂ ਪ੍ਰਾਪਤ ਕੀਤੀਆਂ। ਕਹਿਣ ਲੱਗੇ, ਹੁਣ ਪਿਆਰਿਆ! ਕਹਿਣ ਲੱਗੇ ਮੈਨੂੰ ਹੁਕਮ ਹੈ ਕਿ ਮੈਂ ਹੁਣ ਵਾਪਸ ਜਾਣਾ ਹੈ। ਕਹਿੰਦੇ ਰਾਤ ਪੈਣ ਵਾਲੀ ਹੋ ਗਈ ਮੂਹਰੇ, ਉਜਾੜ ਦਾ ਰਸਤਾ ਹੈ, ਤੂੰ ਇਥੇ ਹੀ ਰਹਿ ਪੈ। ਕਹਿੰਦਾ ਹੁਕਮ ਨਹੀਂ ਹੈ ਜੀ। ਜਦੋਂ ਬੁਲ੍ਹਾ ਬਾਹਰ ਆਇਆ



**ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ)**



**ਬਾਬਾ ਫਰੀਦ ਜੀ ਆਪਣੇ ਮੁਰੀਦਾਂ ਨਾਲ**

ਤਾਂ ਕਹਿਣ ਲੱਗਿਆ ਕਿ ਹੁਣ ਹਨ੍ਹੇਰਾ ਹੋ ਜਾਣਾ ਹੈ, ਕਿਉਂ ਨਾ ਸ਼ਕਤੀ ਤੋਂ ਕੰਮ ਲਈਏ ਇਕ ਕੰਧ ਖੜ੍ਹੀ ਸੀ ਉਹਦੇ ਉਤੇ ਬਹਿ ਗਿਆ ਕਹਿੰਦਾ ਚਲ ਹਮਾਰੀ ਘੋੜੀ। ਪੂਰੀ ਚਾਲ ਨਾਲ ਚਲ। ਨਠਾ ਕੇ ਲੈ ਆਇਆ। ਪੀਰ ਨੂੰ ਜਾ ਕੇ ਇਹਨੇ ਸਿਜਦਾ ਕੀਤਾ, ਪੀਰ ਕਹਿਣ ਲੱਗਿਆ ਬੁੱਲਿਆ! ਉਹ ਰਸਤਾ ਤਾਂ ਦੂਰ ਬੜੀ ਸੀ, ਕਿਵੇਂ ਆ ਗਿਆ ਤੂੰ ਐਨੀ ਛੇਤੀ। ਕਹਿੰਦਾ, ਮਹਾਰਾਜ ਜਾਂਦੇ ਨੂੰ ਤਾਂ ਮੈਨੂੰ ਹਨ੍ਹੇਰਾ ਹੋਣ ਵਾਲਾ ਹੋ ਗਿਆ ਸੀ। ਪੀਰ ਨੂੰ ਮੈਂ ਮਿਲਿਆ ਹਨ੍ਹੇਰਾ ਹੋ ਗਿਆ ਸੀ, ਤੁਹਾਡਾ ਹੁਕਮ ਸੀ ਕਿ ਤੂੰ ਵਾਪਸ ਆ ਜਾਈਂ ਫੇਰ ਮੈਂ ਕੰਧ ਨੂੰ ਘੋੜੀ ਬਣਾ ਲਿਆ, ਉਹ ਲੈ ਆਈ ਮੈਨੂੰ। ਉਹਨੇ ਸਾਰੀ ਸ਼ਕਤੀ ਖਿੱਚ ਲਈ। ਕਹਿੰਦੇ, ਐਹੋ ਜਿਹੇ ਬੰਦੇ ਨੂੰ, ਇਹ ਕੰਧਾਂ ਨਠਾਈ ਫਿਰਦਾ ਹੈ, ਕੱਲ੍ਹ ਨੂੰ ਕੋਠੇ ਨਠਾ ਲਊਗਾ।


ਐਨੀਆਂ ਸ਼ਕਤੀਆਂ ਹੁੰਦੇ ਹੋਏ -

***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ॥***

ਸਾਬਰ ਰਹਿਣਾ, ਸ਼ਕਤੀ ਨਾ ਦਿਖਾਉਣੀ। ਗੁਰੂ ਮਹਾਰਾਜ ਨੇ ਨਾ ਦਿਖਾਈਆਂ, ਜਦੋਂ ਤੱਤੀ ਤਵੀ ਤੇ ਬੈਠੇ ਸੀ। ਉਨ੍ਹਾਂ 'ਚ ਕੀ ਸ਼ਕਤੀ ਘੱਟ ਸੀ। ਜੇ ਬੁੱਲ੍ਹੇ 'ਚ ਐਨੀ ਸ਼ਕਤੀ ਸੀ ਤਾਂ ਗੁਰੂ ਮਹਾਰਾਜ ਜੀ ਵਿਚ ਕੀ ਘੱਟ ਸੀ। ਸ਼ਕਤੀਆਂ ਨਹੀਂ ਦਿਖਾਈਆਂ ਨਿੱਜ ਵਾਸਤੇ। ਪਰਉਪਕਾਰ ਵਾਸਤੇ ਬੇਅੰਤ ਨੇ ਗੁਰੂ ਘਰ ਦੇ ਅੰਦਰ।

ਬੜੀ ਸੇਵਾ ਕਰੀ, ਬੜੀ ਸੇਵਾ ਕਰਨ ਤੋਂ ਬਾਅਦ ਗੁਰੂ ਪ੍ਰਸੰਨ ਹੋ ਗਿਆ। ਵਾਪਸ ਕਰ ਦਿਤੀਆਂ ਸ਼ਕਤੀਆਂ, ਕਹਿੰਦੇ ਬੁਲ੍ਹਿਆ! ਹੁਣ ਸ਼ੇਰ ਇਕ ਜੰਗਲ 'ਚ ਨਹੀਂ ਰਹਿੰਦੇ, ਦੋ ਤਲਵਾਰਾ ਇਕ ਮਿਆਨ 'ਚ ਨਹੀਂ ਪੈਂਦੀਆਂ ਜਾਹ ਤੂੰ ਆਪਣੇ ਸ਼ਹਿਰ ਵਾਪਸ ਚਲਿਆ ਜਾਹ। ਉਥੇ ਸਤਿਸੰਗ ਲਾਉਣ ਲੱਗ ਗਿਆ, ਬੇਅੰਤ ਸੰਗਤਾਂ ਆਉਂਦੀਆਂ ਨੇ, ਬਹੁਤ ਜ਼ਿਆਦਾ ਮਹਿਮਾ ਵਧ ਗਈ ਤੇ ਅਨਾਇਤਸ਼ਾਹ ਤੱਕ ਵਧ ਗਈ। ਉਨ੍ਹਾਂ ਨੇ ਆਪਣਾ ਲੜਕਾ ਭੇਜ ਦਿਤਾ ਕਹਿੰਦੇ ਲੈ ਕਾਕਾ! ਤੂੰ ਮਿਲ ਆ ਉਹਨੂੰ, ਪਰ ਸਾਰੀਆਂ ਗੱਲਾਂ ਨੋਟ ਕਰ ਆਈ। ਜਿਹੜੀ ਵੀ ਗੱਲ ਤੇਰੇ ਨਾਲ ਹੋਈ।

ਉਥੇ ਗਿਆ ਤਾਂ ਬੁੱਲ੍ਹੇਸ਼ਾਹ ਨੇ ਬੜਾ ਆਦਰ ਕਰਿਆ, ਆਪਣੇ ਬਰਾਬਰ ਗੱਦੀ ਲਾ ਕੇ ਬਿਠਾਇਆ, ਗੁਰੂ ਪੁੱਤਰ ਸੀ। ਕਿਉਂਕਿ ਫਰਜ਼ ਬਣ ਜਾਂਦਾ ਹੈ ਕਿ ਗੁਰੂ ਪੁੱਤਰ ਦੀ ਇਜ਼ਤ ਕਰਨੀ। ਜਿਸ ਵਕਤ ਵਾਪਸ ਆਏ, ਓਸ ਵੇਲੇ ਬਹੁਤ ਸੰਗਤ ਬੈਠੀ ਸੀ, ਕਹਿੰਦਾ ਜੀ ਮੈਂ ਹੁਣ ਵਾਪਸ ਜਾਂਦਾ ਹਾਂ, ਬਹੁਤ ਗੱਲਾਂ ਕਹੀਆਂ ਕਿ ਪੀਰ ਜੀ ਨੂੰ ਆਹ ਕਹਿਣਾ, ਸਾਡੀ ਆਹ ਬੇਨਤੀ ਕਰ ਦੇਣਾ, ਲੇਕਿਨ ਉਠ ਕੇ ਛੱਡਣ ਨਾ ਆਏ। ਜਦੋਂ ਘਰ ਆ ਕੇ ਪੀਰ ਨੇ ਪੁਛਿਆ ਆਪਣੇ ਲੜਕੇ ਤੋਂ, ਸਾਰੀਆਂ ਗੱਲਾਂ ਠੀਕ-ਠੀਕ ਕਰੀ ਗਿਆ। ਕਹਿੰਦੇ ਐਉਂ ਦੱਸ ਤੈਨੂੰ ਉਠ ਕੇ ਛੱਡਣ ਆਇਆ ਸੀ? ਕਹਿੰਦੇ ਨਹੀਂ ਮਹਾਰਾਜ! ਉਹਦੇ ਬਹੁਤ ਸਾਰੇ ਮੁਰੀਦ ਬੈਠੇ ਸੀ। ਕਹਿੰਦੇ ਫੇਰ ਤਾਂ ਉਹ ਅਭਿਮਾਨੀ ਹੋ ਗਿਆ ਨਾ। ਸਾਰੀਓ ਸ਼ਕਤੀ ਫੇਰ ਖਿੱਚ ਲਈ। ਨਾਲ ਕਹਿ ਦਿਤਾ ਕਿ ਸਾਡੇ ਮੱਥੇ ਨਾ ਲੱਗੇ। 12 ਸਾਲ ਨੱਚਦਾ ਰਿਹਾ ਬੁੱਲ੍ਹਾ, ਕਵਾਲੀਆਂ ਗਾਉਂਦਾ ਰਿਹਾ। ਤਿੰਨ-ਚਾਰ ਸੌ ਗਜ਼ ਦੇ ਉਤੇ ਜਿੱਥੇ ਗੁਰੂ ਨੇ ਠਹਿਰਣਾ, ਓਸ ਤੋਂ ਪਰ੍ਹੇ ਗਾਉਂਦੇ ਰਹਿਣਾ, ਆਵਾਜ਼ ਆਈ ਜਾਣੀ। ਅਖੀਰ ਪ੍ਰਸੰਨ ਹੋਇਆ ਜਦੋਂ ਜ਼ਬਤ ਕਰ ਲਿਆ, ਸ਼ਕਤੀਆਂ ਸਹਿ ਗਿਆ। ਓਸ ਵੇਲੇ ਉਹਨੂੰ ਬ੍ਰਹਮਗਿਆਨੀ ਦੀ ਦਾਤ ਦਿਤੀ।



**ਟਰਸਟ ਰਤਵਾੜਾ ਸਾਹਿਬ ਦੇ ਬਾਨੀ ਆਤਮ ਮਾਰਗ ਸੰਚਾਲਕ ਸੱਚਖੰਡ ਵਾਸੀ ਸ੍ਰੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ (17 ਜੂਨ 1917 ਤੋਂ 31 ਅਕਤੂਬਰ 2001)**

ਐਉਂ ਬਾਬਾ ਫਰੀਦ ਸ਼ਕਤੀਆਂ ਸੰਪੰਨ ਹੋ ਕੇ ਆਇਆ ਸੀ। ਲੈਣ ਦੇਣ ਨੂੰ ਕੀ ਹੈ ਜਿਹੜਾ ਭਰਿਆ ਹੋਇਆ ਆਵੇ,

ਲੈਣ ਦੇਣ ਨੂੰ ਤਾਂ ਉਹ ਹੀ ਜਿਹੜਾ ਖਾਲੀ ਹੋ ਕੇ ਆਵੇ। ਜਿਹਦੇ ਵਿਚ ਮੈਂ ਪਈ ਹੈ, ਮੈਂ ਐਉਂ ਕਰਦਾ ਹਾਂ, ਮੈਂ ਐਉਂ ਕਰਦਾ ਹਾਂ, ਮੇਰੀ ਕਦਰ ਨਹੀਂ ਹੈ। ਮੈਨੂੰ ਪੁੱਛਦੇ ਨਹੀਂ ਹੈ। ਮੇਰਾ ਧਿਆਨ ਨਹੀਂ ਦਿੰਦੇ, ਮੈਨੂੰ ignore ਕਰ ਦਿਤਾ, ਉਹਨੇ ਲੈਣਾ ਦੇਣਾ ਕੀ ਹੈ ਸਾਧਸੰਗਤ ਜੀ! ਉਹਦੇ ਤਾਂ ਮੈਂ ਬਹੁਤ ਜ਼ਬਰਦਸਤ ਅੰਦਰ ਪਈ ਹੈ। ਉਹ ਰੂਹਾਨੀਅਤ ਦੇ ਵਿਚ ਨਹੀਂ ਲੰਘਿਆ ਕਰਦਾ, ਮਾਣ ਉਹਦਾ ਬੇਅੰਤ ਹੋਏਗਾ। ਸੰਸਾਰ ਮਾਣ ਕਰੇਗਾ, ਸਭ ਕੁਛ ਕਰੇਗਾ ਲੇਕਿਨ ਰਸਤਾ ਨਹੀਂ ਉਹਨੂੰ ਮਿਲਿਆ ਕਰਦਾ।

ਸੋ ਸਾਧਸੰਗਤ ਜੀ! ਬਹੁਤ ਔਖਾ ਰਸਤਾ ਹੈ। ਚੌਦਾਂ ਸਾਲ ਬਾਬਾ ਫਰੀਦ ਨਿਸ਼ਕਾਮ ਸੇਵਾ ਕਰਦਾ ਰਿਹਾ। ਮੁਰਸ਼ਦ ਨੇ ਨਹੀਂ ਬੁਲਾਇਆ, ਲੇਕਿਨ ਅੰਦਰੋਂ ਅੰਦਰ ਬੜੇ ਪ੍ਰਸੰਨ ਸੀ ਕਿ ਹੁਣ ਇਹਦੇ ਵਿਚੋਂ ਮੈਂ ਪੂਰੀ ਤਰ੍ਹਾਂ ਖਤਮ ਹੋ ਗਈ। ਕਿਉਂਕਿ ਜਿੰਨਾ ਚਿਰ ਮੈਂ ਹੈ ਮੁਰਸ਼ਦ ਕੁਛ ਨਹੀਂ ਦਿਆ ਕਰਦਾ। ਮੈਂ ਨਿਕਲ ਜਾਵੇ ਸਾਰੀਆਂ ਦਾਤਾਂ ਆਪਣੇ ਆਪ ਆ ਜਾਂਦੀਆਂ ਨੇ। ਖਾਲੀ ਹੋ ਜਾਵੇ -

***ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥***

***ਅੰਗ - ੪੭੪***

ਜੇ ਅਭਿਮਾਨ ਨਾਲ ਭਾਂਡਾ ਭਰਿਆ ਪਿਆ ਹੈ, ਗੁਰੂ ਦੀ ਬਰਕਤ ਉਥੇ ਕਿੱਥੋਂ ਆ ਜਾਏਗੀ। ਨਹੀਂ ਆਉਂਦੀ, ਖਾਲੀ ਰਹਿ ਜਾਏਗਾ। ਉਹ ਜੇ ਖਾਲੀ ਹੋ ਕੇ ਗੁਰੂ ਕੋਲ ਜਾਏਗਾ ਤਾਂ ਭਰਿਆ ਜਾਏਗਾ। ਬੇਅੰਤ ਮਿਸਾਲਾਂ ਨੇ, ਕਬੀਰ ਸਾਹਿਬ ਦੇ ਕੋਲ ਅਫਗਾਨਿਸਤਾਨ ਦਾ ਬਾਦਸ਼ਾਹ ਆ ਕੇ ਸੇਵਾ ਕਰਦਾ ਹੈ, 6 ਸਾਲ ਲੰਘੇ ਤਾਂ ਮਾਤਾ ਲੋਈ ਕਹਿਣ ਲੱਗੀ ਕਿ ਸਵਾਮੀ ਜੀ! ਦੇਖੋ ਰਾਜਾ ਹੋ ਕੇ ਝਾੜੂ ਦਿੰਦਾ ਹੈ, ਵਸਤਰ ਧੋਂਦਾ ਹੈ, ਮਹਾਂਪੁਰਸ਼ਾਂ ਦੇ ਜੂਠੇ ਬਰਤਨ ਮਾਂਜਦਾ ਹੈ, ਤੁਸੀਂ ਅਜੇ ਤੱਕ ਇਨ੍ਹਾਂ ਤੇ ਕ੍ਰਿਪਾ ਹੀ ਨਹੀਂ ਕਰੀ ਕੋਈ, ਕਹਿੰਦੇ ਲੋਈ ਅਜੇ ਤਾਂ ਇਹ ਜੀਉਂਦਾ ਜਾਗਦਾ ਹੈ, ਭਰਿਆ ਪਿਆ ਹੈ ਕਿ ਮੈਂ ਬਾਦਸ਼ਾਹ ਹਾਂ। ਕਹਿੰਦੇ, ਪਤਾ ਕਿਵੇਂ ਲੱਗੇ। ਕਹਿੰਦੇ, ਜਦੋਂ ਗੰਗਾ ਤੋਂ ਨਾਹ ਕੇ ਆਏਗਾ ਇਹਦੇ ਸਿਰ ਵਿਚ ਸਾਰੇ ਘਰ ਦਾ ਕੂੜਾ ਪਾ ਦੇਈਂ। ਕੋਠੇ ਤੇ ਖੜ੍ਹ ਕੇ। ਫੇਰ ਜਿਹੜੀਆਂ ਗੱਲਾਂ ਕਹੇਗਾ ਉਹ ਮੈਨੂੰ ਦੱਸੀਂ। ਜਿਸ ਵਕਤ ਨਹਾ ਕੇ ਆਇਆ ਕੂੜਾ ਪਾ ਦਿਤਾ ਉਤੇ ਨੂੰ ਦੇਖਿਆ ਤਾਂ ਕਹਿੰਦਾ ਕਿ ਜੇ ਅੱਜ ਮੈਂ ਆਪਣੇ ਰਾਜ 'ਚ ਹੁੰਦਾ, ਕੋਈ ਮੇਰੇ ਸਿਰ 'ਚ ਪਾ ਕੇ ਦਿਖਾਉਂਦਾ। ਐਨੀ ਗੱਲ ਜਦੋਂ ਕਬੀਰ ਸਾਹਿਬ ਨੂੰ ਦੱਸੀ ਤਾਂ ਕਹਿੰਦੇ ਫੇਰ ਇਹ ਜੀਉਂਦਾ ਹੈ ਨਾ, ਮਰਿਆ ਤਾਂ ਹੈ ਨਹੀਂ ਅਜੇ -

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***

ਗੱਲਾਂ ਨਾਲ ਨਹੀਂ ਬਣਦਾ। ਛੇ ਸਾਲ ਹੋਰ ਲੰਘ ਗਏ। ਕਬੀਰ ਸਾਹਿਬ ਕਹਿਣ ਲੱਗੇ, ਲੋਈ! ਇਕ ਵਾਰੀ ਹੁਣ ਇਮਤਿਹਾਨ ਲੈ ਇਹਦਾ। ਕਹਿੰਦੀ ਮਹਾਰਾਜ! ਓਹੋ ਜਿਹਾ ਹੀ ਹੈ? ਕਹਿੰਦੇ ਨਹੀਂ ਓਹਾ ਜਿਹਾ ਨਹੀਂ, ਹੁਣ ਬਦਲ ਗਿਆ। ਜਦੋਂ ਇਸ਼ਨਾਨ ਕਰਕੇ ਆਇਆ ਦੱਸ ਵਜੇ ਗੰਗਾ ਤੋਂ ਉਹਦੇ ਸਿਰ 'ਚ ਜਦੋਂ ਕੂੜਾ ਪਾਇਆ, ਉਥੇ ਹੀ ਨਚਣ ਲੱਗ ਗਿਆ, ਬਜਦ 'ਚ ਆ ਗਿਆ, ਮਾਂ! ਪੁੱਤਰਾਂ ਦੇ ਨਾਲ ਮਾਂ ਕਿੰਨੀ ਰਿਆਇਤ ਕਰਦੀ ਹੈ, ਸੰਤਾਂ ਦੀ ਧੂੜੀ ਮੇਰੇ ਸਿਰ ਵਿਚ ਪਾ ਦਿਤੀ, ਮੇਰੇ ਜਨਮਾਂ-ਜਨਮਾਂ ਦੇ ਪਾਪ ਕੱਟੇ ਗਏ। ਮੇਰੀ ਮਾਂ ਨੇ ਮੇਰੇ ਸਿਰ ਵਿਚ ਕੇਸਰ ਪਾ ਦਿਤਾ, ਸੁਗੰਧੀਆਂ ਪਾ ਦਿਤੀਆਂ, ਮੇਰੇ ਵਰਗਾ ਧੰਨਭਾਗੀ ਕੌਣ ਹੈ, ਨੱਚੀ ਜਾਂਦਾ ਹੈ ਉਥੇ, ਮਸਤਾਨਾ ਹੋਇਆ ਹੋਇਆ ਹੈ। ਕਬੀਰ ਸਾਹਿਬ ਕੋਲ ਕਹਿਣ ਲੱਗੀ ਕਿ ਉਹ ਤਾਂ ਐਉਂ ਕਰ ਰਿਹਾ ਹੈ। ਕਹਿੰਦੇ, ਹੁਣ ਅਧਿਕਾਰੀ ਹੈ। ਜਦੋਂ ਕਬੀਰ ਸਾਹਿਬ ਦੇ ਕੋਲ ਆ ਕੇ ਮਸਤਕ ਨਿਵਾਇਆ, ਕਬੀਰ ਸਾਹਿਬ ਆਪਣੀ ਗੱਦੀ ਤੋਂ ਉਠੇ ਬੁੱਕਲ 'ਚ ਲੈ ਲਿਆ, ਬਗੈਰ ਬੋਲੇ ਬ੍ਰਹਮਗਿਆਨ ਦੇ ਭੰਡਾਰੇ ਸਾਰੀਆਂ ਸ਼ਕਤੀਆਂ ਦੇ ਭੰਡਾਰੇ ਉਹਦੇ ਹਵਾਲੇ ਕਰ ਦਿਤੇ। ਕਹਿੰਦੇ ਲੈ ਇਬਰਾਹੀਮ ਹੁਣ ਤੂੰ ਆਪਣੇ ਦੇਸ਼ ਜਾ ਕੇ ਰੂਹਾਨੀਅਤ ਦਾ ਪ੍ਰਚਾਰ ਕਰ। ਖਾਲੀ ਨਹੀਂ ਜਦੋਂ ਤਕ ਹੁੰਦਾ, ਜਿੰਨਾ ਚਿਰ ਮੈਂ ਕੰਮ ਕਰਦੀ ਹੈ, ਲੈਣ ਦੇਣ ਨੂੰ ਕੀ ਹੈ? ਜੇ ਤਾਂ ਸੰਤ ਵੀ ਓਹੋ ਜਿਹਾ ਹੀ ਹੋਵੇ ਕਿ ਆਹ ਚੇਲਾ ਜੇ ਨੱਠ ਗਿਆ ਤਾਂ ਕੰਮ ਨਹੀਂ ਚੱਲਣਾ, ਤਾਂ ਤਾਂ ਸੰਤ ਵੀ ਨਿਕੰਮਾ ਹੈ, ਉਹ ਕਿਸੇ ਕੰਮ ਦਾ ਨਹੀਂ ਹੈ। ਜੇ ਸੰਤ ਬੇਪਰਵਾਹ ਪ੍ਰਮੇਸ਼ਰ ਨਾਲ ਜੁੜਿਆ ਹੋਇਆ ਹੈ, ਉਹ ਇਕ ਖੇਲ੍ਹ ਕਰ ਰਿਹਾ ਹੈ, ਖੇਲ੍ਹ ਦੇ ਵਿਚ ਠੀਕ ਹੈ ਜਿਹੜਾ ਕੁਛ ਹੁੰਦਾ ਹੈ ਹੋਈ ਜਾਵੇ।

ਸੋ ਬਾਬਾ ਫਰੀਦ ਬਿਲਕੁਲ ਮੁਰਦਾ ਹੋ ਕੇ ਸੇਵਾ ਕਰਦੇ ਨੇ। 14 ਸਾਲ ਲੰਘ ਗਏ। ਅੱਜ ਮੁਰਸ਼ਦ ਨੇ ਦੇਖਿਆ ਕਿ ਇਹਦਾ ਹੁਣ ਇਮਤਿਹਾਨ ਲਿਆ ਜਾਵੇ, ਕਸਵੱਟੀ ਲਾਈ ਗਈ। ਉਹਦਾ ਮੁੱਖ ਕੰਮ ਸੀ ਕਿ ਅੰਮ੍ਰਿਤ ਵੇਲੇ ਇਸ਼ਨਾਨ ਕਰਾਉਣਾ, ਸਰਦੀ ਦਾ ਮਹੀਨਾ ਹੈ ਤਾਂ ਗਰਮ ਪਾਣੀ ਕਰਨਾ, ਦੂਸਰਾ ਜਿਹੋ ਜਿਹਾ ਕੰਮ ਮੁਰਸ਼ਦ ਕਹਿੰਦਾ ਹੈ ਉਹੋ

ਜਿਹਾ ਕੰਮ ਕਰਨਾ। ਬਾਕੀ ਸਾਰਾ ਦਿਨ ਸੇਵਾ ਕਰਨੀ, ਪ੍ਰਸ਼ਾਦੇ ਲਾਹੁੰਣੇ, ਬਰਤਨ ਮਾਂਜਣੇ, ਪਾਣੀ ਢੋਣਾ, ਝਾੜੂ ਦੇਣੇ, ਹੋਰ ਵਸਤਰ ਵਗੈਰਾ ਧੋਣੇ। ਹਰੇਕ ਆਏ ਗਿਆਂ ਦੀ ਸੇਵਾ ਸੰਭਾਲ ਕਰਨੀ। ਓਸ ਦਿਨ ਮੁਰਸ਼ਦ ਨੇ ਐਨੀ ਬਾਰਿਸ਼ ਕਰਾ ਦਿਤੀ ਰਾਤ ਨੂੰ, ਛਾਛੜੇ ਦਾ ਮੀਂਹ ਪੈਂਦਾ ਹੈ, ਹਵਾ ਚਲਦੀ ਹੈ, ਆਵਾਜ਼ ਦੇ ਰਹੀ ਹੈ ਗੂੰਜਦੀ ਹੈ ਹਵਾ, ਛਰਾਟੇ ਐਨੇ ਤੇਜ਼ ਆ ਰਹੇ ਨੇ, ਜਿਥੇ ਅੱਗ ਦੱਬੀ ਹੋਈ ਸੀ ਉਥੇ ਤੱਕ ਪਾਣੀ ਪਹੁੰਚ ਗਿਆ, ਉਹ ਟੋਆ ਭਰ ਗਿਆ ਜਿੱਥੇ ਅੱਗ ਦੱਬੀ ਸੀ। ਬਾਬਾ ਫਰੀਦ ਨੇ ਦੇਖਿਆ ਕਿ ਹੁਣ ਸਮਾਂ ਹੋ ਗਿਆ, ਉਸ ਵੇਲੇ ਜਾ ਕੇ ਜਦੋਂ ਹੱਥ ਲਾਉਂਦਾ ਹੈ, ਪੈਰਾਂ ਥੱਲਿਓਂ ਮਿੱਟੀ ਨਿਕਲ ਗਈ ਕਿ ਹੁਣ ਕੀ ਹੋਏਗਾ। ਮੁਰਸ਼ਦ ਦੇ ਇਸ਼ਨਾਨ ਦਾ ਸਮਾਂ ਆ ਗਿਆ ਤੇ ਇਥੇ ਤਾਂ ਅੱਗ ਬੁਝੀ ਪਈ ਹੈ, ਮੈਂ ਪਾਣੀ ਕਿਵੇਂ ਗਰਮ ਕਰਾਂ। ਓਸ ਵੇਲੇ ਬਾਹਰ ਦੇਖਦਾ ਹੈ ਤਾਂ ਬੜਾ ਝਾਂਜਾ ਚੱਲ ਰਿਹਾ ਹੈ, ਹਨ੍ਹੇਰੀ ਚੱਲ ਰਹੀ ਹੈ, ਗਲੀਆਂ 'ਚ ਚਿੱਕੜ ਹੋਇਆ ਪਿਆ ਹੈ, ਓਸ ਵੇਲੇ ਮਨ ਵਿਚ ਖਿਆਲ ਆਉਂਦਾ ਹੈ, ਬਹੁਤ ਹਵਾ ਚਲਦੀ ਹੈ ਕਿੱਥੇ ਜਾਵਾਂ, ਲੇਕਿਨ ਪਰਵਾਹ ਨਹੀਂ ਕਰੀ ਓਸ ਨੇ ਕਿ ਪਏ ਮੇਰੇ ਕੱਪੜੇ ਭਿੱਜ ਜਾਣ। ਲੇਕਿਨ ਮੇਰੀ ਜੋ ਡਿਊਟੀ ਹੈ ਉਹ ਮੈਂ ਪੂਰੀ ਕਰਨੀ ਹੀ ਕਰਨੀ ਹੈ।

***ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥ ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥***

***ਅੰਗ - ੧੩੭੯***

ਅਜਮੇਰ ਸ਼ਰੀਫ ਸ਼ਹਿਰ ਵਲ ਨੂੰ ਚੱਲ ਪੈਂਦਾ ਹੈ, ਹਨ੍ਹੇਰ ਹੀ ਹਨ੍ਹੇਰ ਪਿਆ ਹੈ, ਹੱਥ ਮਾਰਿਆਂ ਨਜ਼ਰ ਨਹੀਂ ਆਉਂਦਾ, ਚਿੱਕੜ ਹੱਦ ਤੋਂ ਜ਼ਿਆਦਾ ਹੈ, ਪੈਰ-ਪੈਰ ਤੇ ਤਿਲਕਦਾ ਹੈ, ਓਸ ਵੇਲੇ ਇਕ ਘਰ ਦੇ ਅੰਦਰ ਰੋਸ਼ਨੀ ਨਜ਼ਰ ਆਈ, ਉਥੇ ਜਾ ਕੇ ਦਸਤਕ ਦਿਤੀ।

ਆਵਾਜ਼ ਆਈ ਅੰਦਰੋਂ ਕੌਣ?

ਕਹਿਣ ਲੱਗਿਆ, ਮੈਂ ਫਰੀਦ।

ਕੌਣ ਫਰੀਦ?

ਮੈਂ ਮੁਰਸ਼ਦ ਦਾ ਮੁਰੀਦ ਹਾਂ।

ਬੜੀ ਕੜਕਵੀਂ ਆਵਾਜ਼ ਆਈ, ਫਰੀਦਾ! ਗਲਤ ਥਾਂ ਤੇ ਤੂੰ ਤੁਰਿਆ ਫਿਰਦਾ ਹੈਂ। ਇਹ ਜਿਹੜਾ ਘਰ ਹੈ ਇਥੋਂ ਤਾਂ ਨਰਕਾਂ ਦੇ ਟਿਕਟ ਮਿਲਦੇ ਨੇ, ਵੇਸਵਾ ਦਾ ਘਰ ਹੈ, ਪੀਰਾਂ ਦਾ ਇਥੇ ਕੀ ਕੰਮ, ਐਸ ਵੇਲੇ। ਕਹਿਣ ਲੱਗਿਆ, ਬੇਟੀ! ਮੈਨੂੰ ਤੇਰੇ ਤੱਕ ਬਹੁਤ ਜ਼ਰੂਰੀ ਕੰਮ ਹੈ, ਕ੍ਰਿਪਾ ਕਰ ਮੇਰੀ ਮਦਦ ਕਰ। ਕਹਿਣ ਲੱਗੀ, ਕੀ ਕੰਮ ਹੈ? ਕਹਿਣ ਲੱਗਿਆ, ਮੇਰੇ ਮੁਰਸ਼ਦ ਨੂੰ ਇਸ਼ਨਾਨ ਕਰਾਉਣ ਦਾ ਵੇਲਾ ਹੋ ਚੁੱਕਿਆ ਹੈ, ਗਰਮ ਪਾਣੀ ਕਰਕੇ ਮੈਂ ਇਸ਼ਨਾਨ ਕਰਾਉਂਦਾ ਹਾਂ, ਅੱਗ ਬੁੱਝ ਚੁੱਕੀ ਹੈ, ਮੈਨੂੰ ਅੱਗ ਦੇ। ਕ੍ਰਿਪਾ ਕਰ ਮੇਰੇ ਉਤੇ

ਉਨ੍ਹਾਂ ਦਿਨਾਂ ਵਿਚ ਡੱਬੀਆਂ ਨਹੀਂ ਸੀ ਹੁੰਦੀਆਂ, ਅੱਗਾਂ ਦੱਬ ਕੇ ਰੱਖਦੇ ਸੀ।

ਸੋ ਕਹਿਣ ਲੱਗੀ, ਫਰੀਦਾ! ਐਨਾ ਪਿਆਰ ਤੇਰਾ ਮੁਰਸ਼ਦ ਦੇ ਨਾਲ। ਪਿਆਰਿਆ! ਅੱਗ ਮੁਫਤ ਨਹੀਂ ਮਿਲਣੀ, ਸਰੀਰ ਦਾ ਅੰਗ ਦੇਣਾ ਪੈਣਾ ਹੈ। ਕਹਿਣ ਲੱਗੇ, ਬੇਟਾ! ਜੋ ਅੰਗ ਚਾਹੀਦਾ ਹੈ, ਉਹ ਮੇਰੇ ਤੋਂ ਲੈ ਲੈ। ਜੇ ਮੇਰਾ ਸਿਰ ਚਾਹੀਦਾ ਹੈ ਤਾਂ ਵੀ ਕੋਈ ਮਹਿੰਗਾ ਨਹੀਂ ਹੈ।

***ਤਨ ਗੰਦਗੀ ਕੀ ਕੋਠੜੀ ਹਰਿ ਹੀਰਿਆਂ ਕੀ ਖਾਣ।***
***ਸਿਰ ਦਿਤਿਆਂ ਜੇ ਹਰਿ ਮਿਲੇ ਤਾਂ ਵੀ ਸਸਤਾ ਜਾਣ।***

ਫੇਰ ਤਾਂ ਬੜਾ ਸਸਤਾ ਸੌਦਾ ਹੈ, ਸਰੀਰ ਦੇ ਬਦਲੇ ਜੇ ਮੇਰਾ ਮੁਰਸ਼ਦ ਪ੍ਰਸੰਨ ਹੋ ਜਾਵੇ। ਐਨੇ ਨੂੰ ਦਰਵਾਜ਼ਾ ਖੋਲ੍ਹਿਆ। ਕਹਿਣ ਲੱਗੀ, ਲਿਆ ਸਰੀਰ ਦਾ ਕਿਹੜਾ ਅੰਗ ਦਿੰਦਾ ਹੈਂ। ਕਹਿਣ ਲੱਗਿਆ, ਬੀਬਾ! ਜਿਹੜਾ ਕਹੇਂ। ਕਹਿੰਦੀ, ਅੱਖ ਦਾ ਡੇਲਾ ਕੱਢ ਕੇ ਦੇ ਦੇ। ਅੱਖ ਅੱਗੇ ਕਰ ਦਿਤੀ ਫਰੀਦ ਨੇ। ਕਹਿਣ ਲੱਗੀ, ਮੈਂ ਨਹੀਂ ਕੱਢਣਾ, ਆਪੇ ਹੀ ਕੱਢ ਕੇ ਦੇ। ਪਲੇਟ ਦੇ ਦਿਤੀ।

ਕਿਵੇਂ ਡੇਲਾ ਕੱਢਿਆ, ਕਿਵੇਂ ਖਿੱਚਿਆ ਵਾਹਿਗੁਰੂ ਜਾਣਦਾ ਹੈ। ਕੱਢ ਕੇ ਪਲੇਟ ਦੇ ਉਤੇ ਰੱਖ ਦਿਤਾ, ਸੀ ਨਾ ਹਾਏ, ਕੁਛ ਨਹੀਂ। ਦਸਤਾਰ ਦਾ ਲੜ ਪਾੜਿਆ, ਪਾੜ ਕੇ ਉਤੇ ਦੀ ਲੰਘਾ ਲਿਆ, ਘੁੱਟ ਕੇ ਬੰਨ੍ਹ ਲਿਆ। ਉਹਦੇ ਬਦਲੇ ਇਕ ਅੱਗ ਦਾ ਕੋਲਾ ਮਿਲ ਗਿਆ।

ਸੋ ਮਹਾਰਾਜ ਕਹਿੰਦੇ ਇਹ ਕੋਈ ਸੁਖਾਲੇ ਰਾਹ ਨਹੀਂ। ਇਹ ਤਾਂ ਬਹੁਤ ਔਖੇ ਰਸਤੇ ਨੇ। ਇਸ਼ਨਾਨ ਕਰਾ ਦਿਤਾ ਲੇਕਿਨ ਕੋਈ ਗੱਲ ਨਹੀਂ ਕਿ ਮਹਾਰਾਜ! ਅੱਜ ਪਾਣੀ ਮੈਂ ਬਹੁਤ ਔਖਾ ਲਿਆਂਦਾ ਹੈ। ਅੱਜ ਮੈਂ ਬਹੁਤ ਔਖਾ ਪਾਣੀ ਗਰਮ ਕਰਿਆ ਹੈ। ਅੱਖ ਦੇ ਕੇ ਮੈਂ ਇਕ ਅੱਗ ਦਾ ਕੋਲਾ ਲਿਆਂਦਾ। ਖਾਮੋਸ਼ੀ ਦੇ ਨਾਲ ਇਸ਼ਨਾਨ ਕਰਾ ਕੇ, ਆਪ ਇਸ਼ਨਾਨ ਕਰਿਆ, ਚੁੱਪ ਕਰਕੇ ਜਾ ਕੇ ਕੋਨੇ 'ਚ ਜਾ ਕੇ ਬੈਠ ਕੇ ਭਗਤੀ ਕਰਨ ਲੱਗ ਗਏ। ਦਿਨ ਚੜ੍ਹ ਗਿਆ,

ਮੁਰਸ਼ਦ ਨੇ ਕਿਉਂਕਿ ਪੇਪਰ ਆਪ ਪਾਇਆ ਸੀ, ਜਾਣਦਾ ਸੀ ਪਰਚਾ ਪਾਇਆ ਹੋਇਆ। ਦੇਖਣਾ ਚਾਹੁੰਦਾ ਸੀ ਕਿ ਵਿਦਿਆਰਥੀ ਨੇ ਕਿੰਨੇ ਨੰਬਰ ਲਏ ਨੇ। ਪ੍ਰਸੰਨ ਹੋ ਗਿਆ। ਫਰੀਦ ਨੂੰ ਬੁਲਾਇਆ। ਹਾਜ਼ਰ ਕਰਿਆ।

ਪੁਛਿਆ ਫਰੀਦਾ! ਪਿਆਰਿਆ! ਅੱਖ ਬੰਨ੍ਹੀ ਹੈ?

ਕਹਿਣ ਲੱਗੇ, ਮੁਰਸ਼ਦ! ਆਈ ਹੋਈ ਹੈ।

ਪੰਜਾਬੀ 'ਚ ਦੁਖਦੀ ਅੱਖ ਨੂੰ ਅਸੀਂ ਕਹਿੰਦੇ ਹਾਂ ਕਿ ਮੇਰੀਆਂ ਅੱਖਾਂ ਆਈਆਂ ਹੋਈਆਂ ਨੇ। ਕਹਿੰਦੇ, ਫਰੀਦਾ! ਆਈਆਂ ਹੋਈਆਂ ਅੱਖਾਂ ਨਹੀਂ ਬੰਨ੍ਹੀਦੀਆਂ, ਗਈਆਂ ਹੋਈਆਂ ਬੰਨ੍ਹੀਦੀਆਂ ਨੇ। ਖੋਲ੍ਹ ਪੱਟੀ। ਪੱਟੀ ਖੋਲ੍ਹੀ, ਓਵੇਂ ਜਿਵੇਂ ਅੱਖ ਪ੍ਰਮੇਸ਼ਰ ਦੀ ਦਿਤੀ ਹੋਈ ਜਿਹੋ ਜਿਹੀ ਹੈ, ਮੁਰਸ਼ਦ ਵਲੋਂ ਓਹੀ ਜਿਹੀ ਅੱਖ ਮਿਲੀ। ਉਠ ਕੇ ਬੁੱਕਲ 'ਚ ਲੈ ਲਿਆ। ਕਹਿੰਦੇ ਫਰੀਦਾ! ਤੂੰ ਪਾਸ ਹੋ ਗਿਆ ਪਿਆਰਿਆ, 100% ਤੋਂ ਉਪਰ ਨੰਬਰ ਲਏ ਨੇ। ਮੈਂ ਪ੍ਰਸੰਨ ਹਾਂ। ਉਸੇ ਵੇਲੇ ਬ੍ਰਹਮਗਿਆਨ ਦੇ ਚਾਰ ਬਚਨ ਹੁੰਦੇ ਨੇ, ਚਾਰੋਂ ਕਰ ਦਿਤੇ। ਕਿਉਂਕਿ ਪੂਰਾ ਅਧਿਕਾਰੀ ਸੀ, ਪੂਰੇ ਅਧਿਕਾਰੀ ਵਾਸਤੇ ਬਿਨਾਂ ਇਹ ਬਚਨ ਨਹੀਂ ਹੋਇਆ ਕਰਦੇ। ਇਹ ਬਚਨ ਉਥੇ ਹੁੰਦੇ ਨੇ ਜਿੱਥੇ ਮੁਰੀਦ ਬਿਲਕੁਲ ਮੁਰਦਾ ਹੋ ਜਾਵੇ। ਨਹੀਂ ਤਾਂ ਮਹਾਤਮਾ ਚੁੱਪ ਕਰਕੇ ਆਪਣੇ ਨਾਲ ਗਿਆਨ ਲੈ ਜਾਂਦੇ ਨੇ। ਕਿਉਂਕਿ ਅਧਿਕਾਰੀ ਨਹੀਂ ਮਿਲਦਾ, ਮੱਲੋ-ਮੱਲੀ ਕਿਸੇ ਦੇ ਪੱਲੇ ਪਾਉਣੈ? ਹੁੰਦਾ ਨਹੀਂ ਹੈ ਅਧਿਕਾਰੀ, ਬੜਾ ਮੁਸ਼ਕਲ ਹੈ ਕਲਜੁਗ ਵਿਚ? ਸੋ ਇਸ ਤਰ੍ਹਾਂ ਦੇ ਨਾਲ ਪਰਖ ਦੇ ਵਿਚ ਪੂਰਾ ਉਤਰ ਗਿਆ।

ਗੁਰੂ ਦਸ਼ਮੇਸ਼ ਪਿਤਾ ਨੇ ਅੱਜ ਪੁੱਗੀ ਹੋਈ ਗੁਰਸਿੱਖੀ ਦੀ ਪਰਖ ਸ਼ੁਰੂ ਕਰ ਦਿਤੀ। ਦੀਵਾਨ ਲੱਗਿਆ ਹੋਇਆ ਹੈ ਤੇ ਉਥੇ ਆਪ ਤਖਤ ਦੇ ਉਤੇ ਖੜ੍ਹੇ ਹੋ ਗਏ, ਸ੍ਰੀ ਸਾਹਿਬ ਕੱਢ ਲਈ, ਬਹੁਤ ਹੀ ਕਰੜੇ ਸ਼ਬਦਾਂ ਦੇ ਨਾਲ ਆਵਾਜ਼ ਦਿਤੀ ਕਿ ਅਸੀਂ ਇਸ ਦੇਵੀ ਨੂੰ ਪ੍ਰਸੰਨ ਕਰਨਾ ਹੈ ਇਹਦੇ ਵਾਸਤੇ ਇਕ ਸਿੱਖ ਦੇ ਸਿਰ ਦੀ ਲੋੜ ਹੈ।

ਕਮਜ਼ੋਰ ਬੰਦਿਆਂ ਦੇ ਲਿਖੇ ਹੋਏ ਇਤਿਹਾਸ ਕਹਿੰਦੇ ਨੇ ਕਿ ਗੁਰੂ ਮਹਾਰਾਜ ਨੇ ਆਵਾਜ਼ ਦਿਤੀ ਤਾਂ ਸਾਰੀ ਸੰਗਤ ਸੋਚਾਂ 'ਚ ਪੈ ਗਈ। ਤਾਂ ਫੇਰ ਪਤਲਾ ਹੀ ਪਿਆਰ ਸੀ ਗੁਰੂ ਸਾਹਿਬ ਨਾਲ, ਬਾਬੇ ਫਰੀਦ ਵਰਗਾ ਤਾਂ ਹੈ ਨਹੀਂ ਸੀ। ਗੁਰੂ ਕਹਿੰਦਾ ਹੈ ਕਿ 'ਤਨ ਮਨ ਸਭ ਸਉਪਿ ਗੁਰੂ ਕੋ, ਹੁਕਮਿ ਮੰਨਿਐ ਪਾਈਐ' ਜਾਂ ਤਾਂ ਕਿਸੇ ਗੁਰਸਿੱਖ ਨੇ ਤਨ, ਮਨ, ਧਨ ਸੌਂਪਿਆ ਹੀ ਨਹੀਂ ਸੀ। ਸਭ ਕੁਝ ਆਪਣਾ ਰੱਖੀਂ ਬੈਠੇ ਸੀ। ਜੇ ਇਸ ਗੱਲ ਦਾ ਗਿਆਨ ਸੀ, ਪਹੁੰਚੇ ਹੋਏ ਸੀ, ਉਨ੍ਹਾਂ ਦੀ ਦੇਹ ਹੰਗਤਾ ਟੁੱਟੀ ਹੁੰਦੀ ਹੈ। ਦੇਹ ਹੰਗਤਾ ਟੁੱਟ ਕੇ ਆਤਮ ਦੇਸ਼ ਦੇ ਵਾਸੀ ਹੋਇਆ ਕਰਦੇ ਨੇ। ਆਤਮਾ ਨੂੰ ਨਾ ਤਲਵਾਰ ਕੱਟ ਸਕਦੀ ਹੈ, ਨਾ ਪਾਣੀ ਡੋਬ ਸਕਦਾ ਹੈ, ਨਾ ਅੱਗ ਜਲਾ ਸਕਦੀ ਹੈ, ਨਾ ਹਵਾ ਸੁਕਾ ਸਕਦੀ ਹੈ, ਉਹ ਤਾਂ ਸਦਾ ਅਮਰ ਵਸਤੂ ਹੈ, ਜਿਹਦੇ ਮਨ ਵਿਚ ਇਹ ਗਿਆਨ ਹੈ ਉਹ ਤਾਂ ਦੇਹ ਨੂੰ ਗੁਰੂ ਦੀ ਅਮਾਨਤ ਸਮਝ ਕੇ ਚੁਕੀਂ ਫਿਰਦਾ ਹੈ, ਉਹ ਇਹ ਨਹੀਂ ਹੈ ਕਿ ਆਵਾਜ਼ ਮਾਰੀ, ਦੂਜੀ ਆਵਾਜ਼ ਮਾਰੀ ਕੰਬਣ ਲੱਗ ਗਏ, ਨੀਵੀਆਂ ਪਾ ਲਈਆਂ, ਉਹ ਆਪੇ ਹੀ ਪਾਉਂਦੇ ਨੇ, ਜਿਹੜੇ ਲਿਖਦੇ ਨੇ। ਕਿਉਂਕਿ ਉਨ੍ਹਾਂ ਨੂੰ ਗੁਰਸਿੱਖੀ ਦੀ ਉਚਾਈ ਦਾ ਪਤਾ ਨਹੀਂ ਲੱਗ ਸਕਿਆ। ਲਿਖ ਦਿਤਾ। ਕਹਿੰਦੇ ਜੀ ਫਲਾਣੇ ਨੇ ਲਿਖਿਆ ਸੀ ਤਾਂ ਲਿਖ ਦਿਤਾ। ਅਖੀਰ ਦੇ ਉਤੇ ਕੱਢੋ ਕਿ ਕੀਹਨੇ ਲਿਖਿਆ ਹੈ ਸਭ ਤੋਂ ਪਹਿਲਾਂ। ਜਿਹੜਾ ਜਾਣਦਾ ਹੀ ਸਿੱਖੀ ਨੂੰ ਓਸ ਬੰਦੇ ਦਾ ਨਾਉਂ ਲੈ ਦਿੰਦੇ ਨੇ ਕਿ ਉਹਨੇ ਲਿਖਿਆ ਹੈ।

ਸਾਧਸੰਗਤ ਜੀ! ਗੁਰੂ ਦੀ ਲਹਿਰ ਐਨੀ ਜ਼ਬਰਦਸਤ ਸੀ, ਪਿਆਰ ਦੀ ਖਿੱਚ ਦੇ ਵਿਚ ਆਦਮੀ ਹਰ ਵਕਤ ਰਹਿੰਦਾ ਸੀ ਕਿ ਆਪਣੇ ਪਿਆਰੇ ਨੂੰ ਮੈਂ ਕੀ ਦੇਵਾਂ। ਕੀ ਇਹਦੀ ਭੇਟਾਂ ਚੜ੍ਹਾਵਾਂ। ਬਾਰ-ਬਾਰ ਬਾਣੀ ਕਹਿੰਦੀ ਹੈ ਕਿ ਜੇ ਭੇਟਾਂ ਚੜ੍ਹਾਉਣੀ ਹੈ -

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ***
***ਹੁਕਮਿ ਮੰਨਿਐ ਪਾਈਐ ॥ ਅੰਗ - ੯੧੮***

ਤੇ ਕੀ ਅਜੇ ਕੋਈ ਵੀ ਗੁਰਸਿੱਖ ਐਹੋ ਜਿਹਾ ਨਹੀਂ ਸੀ ਜਿਹੜਾ ਤਨ ਮਨ ਧਨ ਸਉਂਪ ਦਿੰਦਾ। ਇਹ ਗੱਲਾਂ ਲਿਖੀਆਂ ਹੋਈਆਂ ਨੇ ਪਰ ਮੈਂ ਇਨ੍ਹਾਂ ਤੇ ਵਿਸ਼ਵਾਸ਼ ਨਹੀਂ ਕਰਦਾ। ਮੇਰੇ ਮਨ ਵਿਚ ਇਹ ਵਿਸ਼ਵਾਸ਼ ਹੈ ਕਿ ਪੂਰਨ ਗੁਰਸਿੱਖ ਗੁਰੂ ਦਸ਼ਮੇਸ਼ ਪਿਤਾ ਵੇਲੇ ਨਾ ਹੋਏ ਤਾਂ ਫੇਰ ਹੁਣ ਕਿੱਥੋਂ ਹੋ ਜਾਣ। ਉਹ ਤਾਂ ਗੁਰੂ ਦੀ ਖਿੱਚ ਐਨੀ ਸੀ, ਉਹਦੇ ਨੇਤਰਾਂ ਦੇ ਵਿਚ ਐਨਾ ਪਿਆਰ ਸੀ ਕਿ ਆਦਮੀ ਕੁਰਬਾਨ ਹੋ ਹੋ ਗਿਰਦਾ ਸੀ ਕਿ ਮੇਰੇ ਕੋਲ ਤਾਂ ਕੁਛ ਨਹੀਂ। ਤਾਂ ਉਸ ਵੇਲੇ ਪਹਿਲੀਓ ਆਵਾਜ਼ ਦੇ ਉਤੇ ਭਾਈ ਦਇਆ ਸਿੰਘ ਜੀ ਦੋਵੇਂ ਹੱਥ ਬੰਨ੍ਹੇ ਹੋਏ ਨੇ ਤੇ ਗੁਰੂ ਮਹਾਰਾਜ ਦੇ ਪਾਸ ਜਾ ਕੇ ਬੇਨਤੀ ਕਰਦੇ ਨੇ -

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*

***ਅੰਗ - ੮੨੭***

ਹੇ ਪ੍ਰਭੂ! ਮੈਂ ਤਾਂ ਆਪਣੇ ਕੋਲ ਕੁਛ ਰੱਖਿਆ ਹੀ ਨਹੀਂ, ਮੇਰੀ ਤਾਂ ਮੈਂ ਵੀ ਮੇਰੀ ਨਹੀਂ ਹੈ, ਇਹ ਸਭ ਕੁਛ ਤੇਰਾ ਹੀ ਹੈ। ਤੇਰਾ ਤੈਨੂੰ ਹੀ ਸਉਂਪਣਾ ਹੈ, ਮੈਂ ਤਾਂ ਕੁਛ ਨਹੀਂ ਦੇ ਰਿਹਾ। ਸੀਸ ਵੀ ਤੇਰਾ ਹੈ, ਮਨ ਵੀ ਤੇਰਾ, ਤਨ ਵੀ ਤੇਰਾ ਹੈ, ਬੁੱਧੀ ਵੀ ਤੇਰੀ ਹੈ, ਚਿੱਤ ਵੀ ਤੇਰਾ, ਆਹ ਝੂਠੀ ਮੈਂ ਵੀ ਤੇਰੀ ਹੈ। ਮੈਂ ਤਾਂ ਹੈ ਹੀ ਨਹੀਂ ਕੁਛ। ਜਿਹੜਾ ਮੈਂ ਨਹੀਂ ਹੈ ਉਹ ਉਹ ਪ੍ਰਮੇਸ਼ਰ ਹੁੰਦਾ ਹੈ।

***ਜਬ ਹਮ ਹੋਤੇ ਤਬ ਤੂ ਨਾਹੀ***
***ਅਬ ਤੂਹੀ ਮੈ ਨਾਹੀ॥***
***ਅਨਲ ਅਗਮ ਜੈਸੇ ਲਹਰਿ ਮਇ ਓਦਧਿ***
***ਜਲ ਕੇਵਲ ਜਲ ਮਾਂਹੀ ॥***

***ਅੰਗ - ੬੫੭***

ਇਹ ਗੱਲ ਸਮਝਣ ਦੀ ਹੈ, ਇਥੇ ਹੀ ਅਸੀਂ ਪਹੁੰਚਣਾ ਹੈ। ਮੈਂ ਦਾ ਅਭਾਵ ਕਰਨਾ ਹੈ। ਪਹਿਲਾਂ ਤਨ ਹੰਗਤਾ ਦਾ ਹੁੰਦਾ ਹੈ, ਮਨ ਦਾ ਹੁੰਦਾ ਹੈ, ਫੇਰ ਬੁੱਧੀ ਦਾ ਹੁੰਦਾ ਹੈ, ਫੇਰ ਚਿੱਤ ਦਾ ਹੁੰਦਾ ਹੈ, ਫੇਰ ਜਿਹੜੀ ਮੇਰੀ ਮੈਂ ਹੈ, ਜਿਹਨੂੰ ਜੀਵ ਆਤਮਾ ਕਹਿੰਦੇ ਨੇ, ਉਹਦਾ ਵੀ ਤਿਆਗ ਕਰਨਾ ਪੈਂਦਾ ਹੈ। ਜੀਵ ਆਤਮਾ ਤਿਆਗ ਕੇ ਪਿਛੇ ਆਤਮਾ ਹੀ ਰਹਿ ਜਾਂਦਾ ਹੈ। ਆਤਮਾ ਤੇ ਪ੍ਰਮਾਤਮਾ ਇਕੋ ਹੀ ਹੈ।

ਸੋ ਗੁਰੂ ਮਹਾਰਾਜ ਨੇ ਸੀਸ ਪ੍ਰਵਾਨ ਕਰ ਲਿਆ। ਬਹੁਤ ਸਾਰੇ ਪ੍ਰੇਮੀ ਨੇ ਉਹ ਕਈ ਤਰ੍ਹਾਂ ਦੇ ਨਾਲ ਕਹਿੰਦੇ ਨੇ। ਕਈ ਜਿਹੜੇ ਸਿਆਣੇ ਨੇ ਉਹ ਕਹਿੰਦੇ ਨੇ ਕਿ ਅਸੀਂ ਤੰਬੂ ਵਿਚ ਕਿਉਂ ਝਾਕੀਏ ਕਿ ਮਹਾਰਾਜ ਨੇ ਕੀ ਕਰਿਆ? ਲੇਕਿਨ ਬਹੁਤ ਸਾਰੇ ਐਸੇ ਵੀ ਨੇ, ਉਹ ਕਹਿੰਦੇ ਨੇ ਗੁਰੂ ਸਾਹਿਬ ਨੇ ਸਿੱਖ ਦਾ ਸਿਰ ਉਸੇ ਵੇਲੇ ਝਟਕਾ ਦਿਤਾ। ਜਿਹੜੇ ਕਮਜ਼ੋਰ ਸੀ, ਪਹਿਲੀ ਤਿੰਨ ਕਿਸਮ ਦੀ ਸਿੱਖੀ ਦੇ, ਭੇਖ ਵਾਲੇ, ਦੇਖਾ ਦੇਖੀ ਵਾਲੇ, ਹਿਰਸ ਵਾਲੇ, ਉਨ੍ਹਾਂ ਦੇ ਮਨ ਕੰਬੇ, ਪਰ ਜਿਹੜੇ ਸਿਦਕੀ ਸਿੱਖ ਸੀ, ਭਾਵਨੀ ਵਾਲੇ ਉਨ੍ਹਾਂ ਨੂੰ ਖੁਸ਼ੀ ਚੜ੍ਹੀ ਕਿ ਜੇ ਗੁਰੂ ਹੁਣ ਸੀਸ ਮੰਗੇ ਤਾਂ ਮੈਂ ਦੇਵਾਂ। ਐਹੋ ਜਿਹਾ ਸਮਾਂ ਕਦੇ ਮਿਲਣਾ ਹੈ ਕਿ ਸਿੱਖ ਦਾ ਸਿਰ ਗੁਰੂ ਆਪ ਲਵੇ। ਗੁਰੂ ਦੇ ਹੱਥੋਂ ਜੇ ਇਹ ਗੱਲ ਹੋਵੇ ਤਾਂ ਫੇਰ ਤਾਂ ਸਭ ਤੋਂ ਉਚੀ ਪਦਵੀ ਸਾਨੂੰ ਪ੍ਰਾਪਤ ਹੋਣੀ ਹੈ, ਸਰੀਰ ਨੇ ਤਾਂ ਰਹਿਣਾ ਹੀ ਨਹੀਂ।

ਦੂਸਰੀ ਆਵਾਜ਼ ਮਾਰੀ, ਉਸੇ ਵੇਲੇ ਭਾਈ ਧਰਮ ਸਿੰਘ ਜੀ, ਹਸਤਨਾਪੁਰ ਦੇ ਰਹਿਣ ਵਾਲੇ, ਜੱਟ ਜਾਤੀ ਨਾਲ ਸਬੰਧ ਰੱਖਣ ਵਾਲੇ, ਉਹ ਗੁਰੂ ਮਹਾਰਾਜ ਦੇ ਹਜ਼ੂਰ ਪਹੁੰਚ ਜਾਂਦੇ ਨੇ, ਉਸੇ ਤਰ੍ਹਾਂ ਨਾਲ ਉਨ੍ਹਾਂ ਨਾਲ ਹੋਇਆ। ਤੀਸਰੀ ਆਵਾਜ਼ ਮਾਰੀ ਤਾਂ ਓਸ ਵੇਲੇ ਭਾਈ ਹਿੰਮਤ ਸਿੰਘ ਜੀ, ਜਗਨਨਾਥ ਪੁਰੀ ਦੇ ਉਹ ਹਾਜ਼ਰ ਹੁੰਦੇ ਨੇ ਤੇ ਨਾਲ ਬੇਨਤੀ ਕਰਦੇ ਨੇ ਕਿ ਪਾਤਸ਼ਾਹ! ਜਦੋਂ ਤੁਸੀਂ ਦੋ ਸਿਰ ਲੈ ਲਏ ਤਾਂ ਮੇਰੇ ਮਨ ਵਿਚ ਵੀ ਚਾਓ ਜਾਗ ਪਿਆ, ਤੂੰ ਕ੍ਰਿਪਾ ਕਰ ਮੇਰਾ ਜੋ ਚਾਓ ਹੈ ਉਹ ਪੂਰਾ ਕਰ ਦੇ।

***ਕਬੀਰ ਮੁਹਿ ਮਰਨੇ ਕਾ ਚਾਉ ਹੈ***
***ਮਰਉ ਤ ਹਰਿ ਕੈ ਦੁਆਰ ॥***
***ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥***

***ਅੰਗ - ੧੩੬੭***

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥***

***ਅੰਗ - ੧੩੬੫***

ਏਸ ਤਰ੍ਹਾਂ ਦੇ ਨਾਲ ਵਾਰੀ-ਵਾਰੀ ਆਵਾਜ਼ ਆਉਂਦੀ ਹੈ ਕਿ ਹੁਣ ਕਿਹੜਾ ਉਠੇਗਾ, ਹਰੇਕ ਦੇ ਮਨ ਵਿਚ ਚਾਓ, ਜਿਹੜਾ ਪਹਿਲਾਂ ਉਠ ਕੇ ਚਲਿਆ ਗਿਆ, ਉਹਦਾ ਸੀਸ ਪ੍ਰਵਾਨ ਹੋ ਗਿਆ। ਇਹ ਨਹੀਂ ਕਿ ਦੀਵਾਨ ਖਾਲੀ ਹੋ ਗਿਆ, ਨੱਠ ਗਏ ਸਾਰੇ। ਸਿਦਕੀ ਸਿੱਖ ਨਹੀਂ ਕਦੇ ਵੀ ਨੱਠਿਆ ਕਰਦਾ। ਭਾਵਨੀ ਵਾਲਾ ਜਿਹੜਾ ਸਮਝ ਗਿਆ ਕਿ ਮੇਰਾ ਤਾਂ ਪ੍ਰਮੇਸ਼ਰ ਇਹੀ ਹੈ, ਉਹ ਨਹੀਂ ਦੌੜਿਆ ਕਰਦਾ। ਸੋ ਇਸ ਤਰ੍ਹਾਂ ਟੈਸਟ ਹੋਇਆ। ਸੋ ਮਹਾਰਾਜ ਕਹਿਣ ਲੱਗੇ ਪਿਆਰਿਓ! ਗੁਰੂ ਨਾਨਕ ਨੂੰ ਇਕ ਮਿਲਿਆ ਸੀ, ਪਰ ਅੱਜ ਸਿੱਖੀ ਐਨੀ ਮਜ਼ਬੂਤ ਹੋ ਚੁੱਕੀ ਹੈ ਕਿ ਪੰਜ ਤਾਂ ਮਿਲ ਚੁੱਕੇ, ਉਤਸ਼ਾਹ ਪਿਆ ਹੈ ਸੰਗਤਾਂ ਦੇ ਚਿਹਰੇ ਉਤੇ ਕਿ ਮੇਰੀ ਵਾਰੀ ਆ ਜਾਏ, ਮੇਰੀ ਆ ਜਾਏ। ਪਰ ਮੈਨੂੰ ਪੰਜਾਂ ਦੀ ਹੀ ਲੋੜ ਸੀ। ਸੋ ਇਸ ਤਰ੍ਹਾਂ ਦੇ ਨਾਲ ਸੀਸ ਭੇਟ ਦਾ ਮਹਾਰਾਜ ਨੇ ਪਰਚਾ ਪਾਇਆ, ਇਸ ਪਰਚੇ ਦੇ ਵਿਚ ਇਕ ਤੋਂ ਇਕ ਵੱਧ ਨੰਬਰ ਲੈ ਕੇ ਪਾਸ ਹੋਏ। ਜਾਣਾ ਤਾਂ ਇਕ ਨੇ ਹੀ ਸੀ। ਇਕ ਉਠਿਆ ਦੂਜਾ ਇੰਤਜ਼ਾਰ ਕਰਦਾ ਸੀ ਕਿ ਹੁਣ ਫੇਰ ਆਵਾਜ਼ ਆਵੇ ਕਿ ਮੈਂ ਜਾਵਾਂ।

**'ਚਲਦਾ'**

(ਪੰਨਾ 2 ਦਾ ਬਾਕੀ)

ਹੇ ਪਿਆਰੇ ਪ੍ਰੀਤਮ! ਤੇਰੇ ਬਿਨਾਂ ਮੇਰਾ ਜੀਵਨ ਬਹੁਤ ਦੁਖੀ ਹੈ, ਇਸ ਦੁਖ ਵਿਚੋਂ ਕੱਢਣ ਵਾਲਾ ਕੋਈ ਮਦਦਗਾਰ ਵੀ ਨਹੀਂ। ਕ੍ਰਿਪਾ ਕਰਕੇ ਗੁਰਮੁਖ ਦਾ ਮੇਲ ਬਖਸ਼, ਗੁਰੂ ਦੀ ਸ਼ਰਨ ਬਖਸ਼ ਤਾਕਿ ਗੁਰੂ ਕ੍ਰਿਪਾ ਸਦਕਾ ਅਟੱਲ ਜੀਵਨ ਬਖਸ਼ਣ ਵਾਲਾ ਅੰਮ੍ਰਿਤ-ਨਾਮ-ਜਲ ਪੀਂਦਾ ਰਹਾਂ ਅਤੇ ਮੈਨੂੰ ਆਤਮਿਕ ਜੀਵਨ ਪ੍ਰਾਪਤ ਹੋਵੇ।

*4. ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨ ਕਰਮ ਸੁਕਰਮਾ॥*
*ਨਾਨਕ ਪੰਥੁ ਨਿਹਾਲੇ ਸਾ ਧਨ ਤੂ ਸੁਣਿ ਆਤਮ ਰਾਮਾ॥*

ਹੇ ਪ੍ਰਮਾਤਮਾ! ਅਸੀਂ ਤੇਰੀ ਰਚਨਾ ਵਿਚ, ਮਾਇਆ ਦੇ ਮੋਹ ਵਿਚ ਹੀ ਫਸੇ ਪਏ ਹਾਂ, ਸੰਸਾਰਕ ਜੀਵਨ ਵਿਚ ਹੀ ਉਲਝੇ ਪਏ ਹਾਂ, ਜਦ ਕਿ ਪ੍ਰਭੂ ਨੂੰ ਮਨ ਵਿਚ ਵਸਾਉਣਾ ਹੀ ਸਾਰੇ ਕੰਮਾਂ ਵਿਚੋਂ ਸ੍ਰੇਸ਼ਟ ਤੇ ਉਤਮ ਕੰਮ ਹੈ, ਇਹੋ ਮਨੁੱਖ ਦਾ ਜੀਵਨ ਮਨੋਰਥ ਹੈ।

ਹੇ ਸਰਬ ਵਿਆਪਕ ਪ੍ਰਮਾਤਮਾ! ਤੂੰ ਸਾਡੀ ਜੀਵ-ਰੂਪੀ-ਇਸਤ੍ਰੀਆਂ ਦੀ ਅਰਜ਼ੋਈ ਸੁਣ ਅਤੇ ਸਾਨੂੰ ਆਪਣੇ ਦਰਸ਼ਨ ਦੀਦਾਰ ਬਖਸ਼। ਅਸੀਂ ਜੀਵ-ਰੂਪੀ ਇਸਤ੍ਰੀਆਂ ਤੇਰਾ, ਆਪਣੇ ਮਾਲਕ ਦਾ, ਰਾਹ ਤਕ ਰਹੀਆਂ ਹਾਂ।

*1. ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ॥*
*ਸਾ ਧਨ ਸਭਿ ਰਸ ਚੋਲੈ ਅੰਕਿ ਸਮਾਣੀਆ॥*

ਜਿਵੇਂ ਪਪੀਹਾ 'ਪ੍ਰਿਉ ਪ੍ਰਿਉ' ਬੋਲਦਾ ਹੈ, ਜਿਵੇਂ ਕੋਇਲ 'ਕੂ ਕੂ' ਦੀ ਮਿੱਠੀ ਬੋਲੀ ਬੋਲਦੀ ਹੈ, ਤਿਵੇਂ ਹੀ ਜਿਹੜੀ ਜੀਵ-ਰੂਪੀ-ਇਸਤ੍ਰੀ ਪ੍ਰਭੂ-ਪਤੀ ਦੇ ਪਿਆਰ-ਵੈਰਾਗ ਵਿਚ ਆ ਕੇ ਮਿੱਠੀ ਸੁਰ ਵਿਚ ਪ੍ਰਭੂ ਨੂੰ ਯਾਦ ਕਰਦੀ ਹੈ, ਸਿਮਰਨ ਕਰਦੀ ਹੈ, ਉਹ ਜੀਵ-ਇਸਤ੍ਰੀ ਪ੍ਰਭੂ-ਮਿਲਾਪ ਦੇ ਸਾਰੇ ਅਨੰਦ ਮਾਣਦੀ ਹੈ ਅਤੇ ਉਸ ਦੇ ਚਰਨਾਂ ਵਿਚ ਟਿਕੀ ਰਹਿੰਦੀ ਹੈ।

*2. ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ ਸਾ ਸੋਹਾਗਣਿ ਨਾਰੇ।।*
*ਨਵ ਘਰ ਥਾਪਿ ਮਹਲ ਘਰੁ ਊਚਉ ਨਿਜ ਘਰਿ ਵਾਸੁ ਮੁਰਾਰੇ॥*

ਪਰ ਪ੍ਰਭੂ-ਪਤੀ ਦੇ ਚਰਨ-ਕਮਲਾਂ ਦਾ ਪਿਆਰ, ਟਿਕਾਅ ਅਤੇ ਮਿਲਾਪ ਓਦੋਂ ਨਸੀਬ ਹੁੰਦਾ ਹੈ ਜਦੋਂ ਇਸਤ੍ਰੀ ਪਤੀ ਨੂੰ ਭਾਅ ਜਾਵੇ, ਚੰਗੀ ਲਗ ਜਾਵੇ, ਪਤੀ ਉਸ ਨੂੰ ਪਰਵਾਨ ਕਰ ਲਵੇ। ਐਸੀ ਇਸਤ੍ਰੀ ਹੀ ਸੁਹਾਗਵਤੀ ਹੁੰਦੀ ਹੈ ਐਸੀ ਜੀਵ-ਰੂਪੀ ਇਸਤ੍ਰੀ ਆਪਣੇ ਨੌਂ ਗੋਲਕਾਂ, ਨੌਂ ਇੰਦ੍ਰਿਆਂ ਵਾਲੇ ਸਰੀਰ ਨੂੰ ਜੁਗਤਿ ਵਿਚ ਰੱਖ ਕੇ ਪ੍ਰਭੂ ਦੇ ਨਿਜ ਸਰੂਪ ਵਿਚ ਟਿਕ ਜਾਂਦੀ ਹੈ ਅਤੇ ਉਸ ਦਾ ਵਾਸਾ ਸਦਾ ਲਈ ਪ੍ਰਭੂ ਦੇ ਨਿਜ ਘਰ ਵਿਚ ਹੋ ਜਾਂਦਾ ਹੈ।

*3. ਸਭ ਤੇਰੀ ਤੂ ਮੇਰਾ ਪ੍ਰੀਤਮੁ ਨਿਸਿ ਬਾਸੁਰ ਰੰਗਿ ਰਾਵੈ॥*
*ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ ਕੋਕਿਲ ਸਬਦਿ ਸੁਹਾਵੈ॥*

ਹੇ ਪ੍ਰਭੂ! ਇਹ ਦ੍ਰਿਸ਼ਟਮਾਨ ਰਚਨਾ ਤੇਰੀ ਰਚੀ ਹੋਈ ਹੈ, ਤੂੰ ਹੀ ਮੇਰਾ ਖਸਮ-ਸਾਂਈ ਪ੍ਰੀਤਮ ਹੈਂ, ਮੈਂ ਤੇਰੇ ਪਿਆਰ ਵਿਚ ਰੰਗੀਜ ਕੇ ਦਿਨ ਰਾਤ ਤੈਨੂੰ ਸਿਮਰਦੀ ਹਾਂ। ਜਿਵੇਂ ਪਪੀਹਾ ਪ੍ਰਿਉ ਪ੍ਰਿਉ ਬੋਲਦਾ ਹੈ, ਜਿਵੇਂ ਕੋਇਲ ਕੂ ਕੂ ਦੇ ਮਿੱਠੇ ਬੋਲ ਬੋਲਦੀ ਹੈ, ਤਿਵੇਂ ਜੀਵ-ਰੂਪੀ ਇਸਤ੍ਰੀ ਵੀ ਪ੍ਰਭੂ-ਪਿਆਰ ਵਿਚ ਗੁਰ-ਸ਼ਬਦ ਰਾਹੀਂ ਪ੍ਰਭੂ ਦੀ ਸਿਫਤਿ ਸਾਲਾਹ ਕਰਕੇ ਅਨੰਦ ਮਾਣਦੀ ਹੈ।

*ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ॥*
*ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ॥*
*ਕਿਉ ਘੜੀ ਬਿਸਾਰੀ ਹਉ ਬਲਿਹਾਰੀ ਹਉ ਜੀਵਾ ਗੁਣ ਗਾਏ॥*
*ਨਾ ਕੋਈ ਮੇਰਾ ਹਉ ਕਿਸੁ ਕੇਰਾ ਹਰਿ ਬਿਨੁ ਰਹਣੁ ਨ ਜਾਏ॥*
*ਓਟ ਗਹੀ ਹਰਿ ਚਰਣ ਨਿਵਾਸੇ ਭਏ ਪਵਿਤ੍ਰ ਸਰੀਰਾ॥*
*ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ ਗੁਰ ਸਬਦੀ ਮਨੁ ਧੀਰਾ॥ ੩॥*
*ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ॥*
*ਸਾਜਨ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ॥*
*ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ ਧਨ ਊਭੀ ਗੁਣ ਸਾਰੀ॥*
*ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕੰਤਿ ਵਿਸਾਰੀ॥*
*ਉਨਵਿ ਘਨ ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ॥*
*ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ॥ ੪॥*

## ਜੇਠੁ

*1. ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ॥*
*ਥਲ ਤਾਪਹਿ ਸਰ ਭਾਰ ਸਾਧਨ ਬਿਨਉ ਕਰੈ॥*

ਜੇਠ ਦਾ ਮਹੀਨਾ ਉਨ੍ਹਾਂ ਜੀਵਾਂ ਨੂੰ ਹੀ ਚੰਗਾ ਲਗਦਾ ਹੈ ਜਿਨ੍ਹਾਂ ਨੂੰ ਪ੍ਰੀਤਮ ਪ੍ਰਭੂ ਕਦੇ ਨਹੀਂ ਵਿਸਰਦਾ। ਜੇਠ ਦੀ ਗਰਮੀ ਕਾਰਨ ਧਰਤੀ ਭੱਠ ਵਾਂਗ ਤਪਣ ਲਗ ਪੈਂਦੀ ਹੈ, ਵਿਛੋੜੇ ਕਾਰਨ ਜੀਵ-ਰੂਪੀ ਇਸਤ੍ਰੀ ਦਾ ਹਿਰਦਾ ਦੁਖੀ ਹੁੰਦਾ ਹੈ ਅਤੇ ਉਹ ਪ੍ਰਭੂ-ਪਤੀ ਦੇ ਚਰਨਾਂ ਵਿਚ ਬੇਨਤੀ ਕਰਦੀ ਹੈ।

*2. ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ॥*
*ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ॥*

ਪਿਆਰ-ਭਿੱਜੀ ਜੀਵ-ਇਸਤ੍ਰੀ ਅਰਦਾਸ ਬੇਨਤੀ ਵੀ ਕਰਦੀ ਹੈ ਅਤੇ ਪ੍ਰਭੂ ਦੇ ਗੁਣਾਂ ਦੀ ਹਿਰਦੇ ਵਿਚ ਸੰਭਾਲ ਵੀ ਕਰਦੀ ਹੈ, ਕਿਉਂਕਿ ਉਹ ਜਾਣਦੀ ਹੈ ਕਿ ਪ੍ਰਭੂ-ਗੁਣਾਂ ਦੀ ਸੰਭਾਲ ਹੀ ਪ੍ਰਭੂ ਨੂੰ ਚੰਗੇ ਲਗਣ ਦਾ ਵਸੀਲਾ ਹੈ। ਪ੍ਰਭੂ ਵਿਕਾਰਾਂ ਦੀ ਤਪਸ਼ ਤੋਂ ਨਿਰਾਲਾ ਆਪਣੇ ਥਿਰ-ਮਹਲ ਵਿਚ ਟਿਕਿਆ ਰਹਿੰਦਾ ਹੈ ਅਤੇ ਉਸ ਦੀ ਆਗਿਆ, ਉਸ ਦੀ ਮਿਹਰ ਨਾਲ ਹੀ ਉਸ ਦੇ ਮਹੱਲ ਵਿਚ ਪੁਜਿਆ ਜਾ ਸਕੀਦਾ ਹੈ।

*3. ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ॥*
*ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ॥*

ਪ੍ਰਭੂ ਤੋਂ ਵਿਛੜੀ ਜੀਵ-ਇਸਤ੍ਰੀ, ਵਿਕਾਰਾਂ ਦੀ ਤਪਸ਼ ਵਿਚ ਨਿਢਾਲ, ਪ੍ਰਭੂ ਪ੍ਰਮਾਤਮਾ ਦੇ ਮਹੱਲਾਂ ਦਾ ਅਨੰਦ ਕਿਵੇਂ ਮਾਣ ਸਕਦੀ ਹੈ? ਜਿਹੜੀ ਇਸਤ੍ਰੀ ਪ੍ਰਭੂ ਦੇ ਗੁਣਾਂ ਨੂੰ ਹਿਰਦੇ ਵਿਚ ਵਸਾ ਕੇ ਉਸ ਨਾਲ ਸਾਂਝ ਪਾ ਲਵੇ, ਤਾਂ ਉਹ ਉਸ ਸ਼ਾਂਤ-ਚਿੱਤ ਪ੍ਰਭੂ ਜੈਸੀ ਹੋ ਜਾਂਦੀ ਹੈ ਅਤੇ ਉਸ ਦੀ ਮਿਹਰ ਸਦਕਾ ਉਸ ਵਿਚ ਇਕ-ਰੂਪ ਹੋ ਕੇ ਵਿਕਾਰਾਂ ਦੀ ਤਪਸ਼ ਤੋਂ ਬਚ ਜਾਂਦੀ ਹੈ।

(————)

# ਸੰਤ ਬਿਮਲਾ ਸਿੰਘ

***ਡਾ. ਭਾਈ ਵੀਰ ਸਿੰਘ ਜੀ***

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ – 46)*

ਸਾਖੀ ਇਸ ਪ੍ਰਕਾਰ ਹੈ –

ਇਕ ਵੇਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਵਾਨ ਵਿਚ ਬੈਠੇ ਸਨ, ਸੰਗਤਾਂ ਦਰਸ਼ਨ ਕਰ ਕਰਕੇ ਨਿਹਾਲ ਹੋ ਰਹੀਆਂ ਸਨ, ਤਦੋਂ ਇਕ ਸਿੱਖ ਤੇ ਉਸਦੀ ਵਹੁਟੀ ਨੇ ਆ ਮੱਥਾ ਟੇਕਿਆ ਤੇ ਅਰਜ਼ ਕੀਤੀ, ਪਾਤਸ਼ਾਹ! ਪੁੱਤਰ ਵੈਰਾਗੀ ਹੋਇ ਗਿਆ ਹੈ। ਗੱਭਰੂ ਹੋਇਆ ਹੈ, ਪੜ੍ਹਾਇਆ ਹੈ, ਵਿਆਹ ਕੀਤਾ ਹੈ, ਪਰ ਹੁਣ ਘਰ ਤੋਂ ਨੱਸਦਾ ਹੈ। ਉਸਦੀ ਪਰਨਾਇ ਆਂਦੀ ਇਸਤ੍ਰੀ ਅਸੀਂ ਕਿਵੇਂ ਸੰਭਾਲੀਏ? ਕੀਹ ਜਾਣੀਏ ਕੋਈ ਅਹੁਰ ਹੈ ਕਿ ਛਾਯਾ ਹੈ ਕਿ ਬੈਰਾਗ ਹੈ। ਕਿਰਪਾ ਕਰੋ ਜੋ ਘਰ ਵਿਚ ਜੀ ਲਾਵੇ ਤੇ ਆਪਣੀ ਇਸਤ੍ਰੀ ਨੂੰ ਸੰਭਾਲੇ। ਸਾਨੂੰ ਬੜੀ ਚਿੰਤਾ ਇਹ ਹੈ ਕਿ ਪੁਤਰ ਆਖਰਾ ਹੈ ਕਿ ਮੈਂ ਫਕੀਰ ਹੋ ਕੇ ਘਰੋਂ ਨਿਕਲ ਜਾਵਾਂਗਾ। ਤਦ ਸਤਿਗੁਰੂ ਜੀ ਨੇ ਕਾਰੇ ਨੂੰ ਬੁਲਾਇਆ। ਇਸ ਦਾ ਨਾਉਂ ਨੰਦ ਸਿੰਘ ਸੀ। ਨੰਦ ਸਿੰਘ ਨੇ ਹਜ਼ੂਰ ਮੱਥਾ ਟੇਕਿਆ। ਸਤਿਗੁਰੂ ਪਿਆਰ ਨਾਲ ਪਾਸ ਬਹਾਲ ਕੇ ਪੁਛਿਆ, ਨੀਂਗਰਾ ਤੇਰੇ ਮਾਂ ਬਾਪ ਆਖਦੇ ਹਨ ਜੋ ਤੂੰ ਘਰ ਤੋਂ ਉਦਾਸ ਹੈਂ। ਸੱਚ ਦੱਸ ਜੋ ਤੂੰ ਕਿਸਦਾ ਸਿੱਖ ਹੈਂ, ਤੇ ਕਿਸ ਪਰਚੇ ਲੱਗਾ ਹੈਂ? ਤਦ ਨੰਦ ਸਿੰਘ ਨੇ ਸਤਿਕਾਰ ਨਾਲ ਉਤਰ ਦਿੱਤਾ, ਹੇ ਸੱਚੇ ਗੁਰੂ! ਜਗਤ ਦੇ ਤਾਰਕ ਗੁਰੂ! ਮੈਂ ਸਿੱਖ ਹਾਂ ਤੇਰਾ ਪਰਚੇ ਗੁਰਬਾਣੀ ਦੇ ਲੱਗਾ ਹਾਂ, ਭਉਜਲ ਦਾ ਜੀਵ ਹਾਂ, ਤੁਸਾਡੇ ਦਰਸ਼ਨ ਤੇ ਮਿਹਰ ਨੇ ਪਾਰ ਲਾਉਣਾ ਹੈ। ਮਾਤਾ ਪਿਤਾ ਮੇਰੇ ਭਲੇ ਹਨ, ਜਿਨ੍ਹਾਂ ਗੁਰਬਾਣੀ ਦੇ ਲੜ ਮੈਨੂੰ ਲਾਇਆ ਹੈ, ਪਾਤਸ਼ਾਹ! ਆਨੰਦ ਸਾਹਿਬ ਦਾ ਪਾਠ ਕਰਦਿਆਂ ਇਕ ਦਿਨ ਮੇਰਾ ਮਨ ਇਸ ਤੁਕ ਤੇ ਅਟਕ ਖਲਾ ਹੋਇਆ ਸੀ –

***ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥***
***ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥***
***ਸਾਥਿ ਤੇਰੈ ਚਲੈ ਨਾਹੀ***
***ਤਿਸੁ ਨਾਲਿ ਕਿਉ ਚਿਤੁ ਲਾਈਐ ॥***
***ਐਸਾ ਕੰਮੁ ਮੂਲੇ ਨ ਕੀਚੈ***
***ਜਿਤੁ ਅੰਤਿ ਪਛੋਤਾਈਐ ॥***
***ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥***
***ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥***
***ਅੰਗ – ੯੧੮***

ਇਸਦੇ ਅਰਥ ਵੀਚਾਰ ਨਾਲ ਜਗਤ ਤੁੱਛ ਦਿਸਣ ਲਗ ਪਿਆ। ਹੁਣ ਚਿੱਤ ਕਰਦਾ ਹੈ ਜੋ ਕਿਤੇ ਏਕਾਂਤ ਹੋ ਜਾਵਾਂ ਤੇ ਆਪ ਦਾ ਬਖਸ਼ਿਆ ਭਜਨ ਕਰਾਂ। ਮੈਨੂੰ ਖਾਣ ਪੀਣ ਹੱਸਣ ਬੋਲਣ ਵਿਚ ਮੋਹ ਨਹੀਂ ਰਿਹਾ। ਸੰਸਾਰ ਤੋਂ ਉਚਾਟ ਹੀ ਰਹਿੰਦਾ ਹੈ ਚਿੱਤ। ਇਸ ਪ੍ਰਕਾਰ ਬਚਨ ਸੁਣ ਕੇ ਤੇ ਕਾਕੇ ਨੂੰ ਚੰਗੀ ਤਰ੍ਹਾਂ ਵੇਖ ਕੇ ਸਤਿਗੁਰੂ ਜੀ ਨੇ ਬਚਨ ਕੀਤਾ, ਸਿੱਖਾ, ਤੇਰੇ ਪੁੱਤਰ ਨੂੰ ਅਹੁਰ ਕਸਰ ਕੋਈ ਨਹੀਂ। ਇਸਨੂੰ ਵੈਰਾਗ ਹੋਇਆ ਹੈ ਤੇ ਵੈਰਾਗ ਸੁੱਧ ਹੈ, ਮਾੜੀ ਭਾਂਤ ਦਾ ਨਹੀਂ। ਤੁਸੀਂ ਇਸਨੂੰ ਇਥੇ ਛੋੜ ਜਾਓ। ਤੁਸੀਂ ਜੀਕੂੰ ਇਸਦਾ ਖਹਿੜਾ ਕਰਦੇ ਹੋ ਇਹ ਦੁਖੀ ਹੁੰਦਾ ਹੈ ਤੇ ਦੁਖਾ ਹੁੰਦਾ ਘਬਰਾ ਕੇ ਕਿਸੇ ਉਲਟੇ ਮਾਰਗ ਪੈ ਜਾਏਗਾ। ਇਥੇ ਛੋੜ ਦਿਓ, ਗੁਰੂ ਬਾਬਾ ਭਲੀ ਕਰੇਗਾ, ਤੁਸਾਨੂੰ ਹੋਰ ਪੁਤਰ ਬਖਸ਼ਿਆ, ਜਾਓ ਆਨੰਦ ਲਓ। ਸੋ ਸਜਨ ਜਨੋਂ! ਨੰਦ ਸਿੰਘ ਗੁਰੂ ਕੇ ਦੁਆਰੇ ਰਹਿ ਪਿਆ, ਨਿੱਤ ਦੀਵਾਨ ਵਿਚ ਹਾਜ਼ਰ ਹੋਵੇ, ਦਰਸ਼ਨ ਕਰਦਾ ਚਾਤ੍ਰਿਕ ਵਾਂਗੂੰ ਸ੍ਵਾਂਤੀ ਬੂੰਦ ਤੇ ਪਲਦਾ ਰਹੇ। ਇਕ ਵੇਰ ਸ੍ਰੀ ਸਤਿਗੁਰੂ ਜੀ ਨੇ ਉਸਨੂੰ ਆਖਿਆ, ਨੀਂਗਰਾ! ਸੁਣ ਭਾਈ ਅਤੀਤ ਤੇ ਗ੍ਰਿਹਸਤ ਜੋ ਦੋ ਮਾਰਗ ਹਨ, ਦੋਹਾਂ ਦੇ ਆਦਰਸ਼ ਹਨ। ਉਨ੍ਹਾਂ ਆਦਰਸ਼ਾਂ ਨੂੰ ਜਾਣੇ ਬਿਨਾਂ ਮਾਰਗ ਗ੍ਰਹਿਣ ਕਰਨਾ ਅੰਤ ਵਿਚ ਸੁਖਦਾਈ ਨਹੀਂ ਨਿਕਲਦਾ। ਓਪਰੇ ਓਪਰੇ ਵੈਰਾਗ ਨਾਲ ਯਾ ਬੇਸਮਝੀ ਤੇ ਹਠ ਨਾਲ ਜੋ ਮਾਰਗ ਧਾਰ ਲਈਦਾ ਹੈ ਉਸਦਾ ਫਲ ਮਗਰੋਂ ਦ੍ਰਿੜਤਾ ਵਾਲਾ ਨਹੀਂ ਹੁੰਦਾ। ਕਿਉਂਕਿ ਮਨ ਅੰਦਰੋਂ ਉਸੇ ਪਾਸੇ ਲੈ ਜਾਂਦਾ ਹੈ ਜਿਧਰਲੇ ਇਸਦੇ ਅੰਦਰਲੇ ਸੰਸਕਾਰ ਹੁੰਦੇ ਹਨ। ਯਾ ਜੋ ਸੁਭਾਵ ਕਿਸੇ ਦਾ ਪ੍ਰਪੱਕ ਹੋਇਆ ਹੁੰਦਾ ਹੈ ਉਧਰ ਹੀ ਮਨ ਜਾਂਦਾ ਹੈ। ਸੋ ਇਕ ਦੋ ਦ੍ਰਿਸ਼ਟਾਂਤ ਮਾਤਰ ਕਹਾਣੀਆਂ ਸੁਣਾਉਂਦੇ ਹਾਂ, ਜਿਨ੍ਹਾਂ ਤੋਂ ਤੈਨੂੰ ਠੀਕ ਸਮਝ ਗ੍ਰਿਹਸਤ ਤਿਆਗ ਦੇ ਆਦਰਸ਼ ਦੀ ਪੈ ਜਾਏਗੀ। ਇਕ ਬਨ ਵਿਚ ਇਕ ਤਪਸੀ ਰਹਿੰਦਾ ਸੀ, ਹਠ ਜੋਗ ਦੇ ਸਾਧਨ ਕਰਦਾ ਸੀ। ਉਸ ਦੀ ਰੁਚੀ ਵੈਰਾਗ ਵਾਲੇ ਪਾਸੇ ਸੀ। ਉਹ ਨਾਟਕਾਂ ਚੇਟਕਾਂ ਵਲ ਨਾ ਪਈ ਤਾਂ ਉਹ ਮਨ ਦੇ ਟਿਕਾਉ ਵਾਲੇ ਪਾਸੇ ਪੈਂਦਾ ਮਨ ਦੇ ਟਿਕਾਉ ਵਾਲਾ ਹੋ ਗਿਆ। ਫੇਰ ਉਸ ਨੇ ਵਾਸ਼ਨਾ ਜਿੱਤਣ ਦਾ ਜਤਨ ਕੀਤਾ ਤਾਂ ਹੋਰ ਸੁਖੀ ਹੋ ਗਿਆ, ਖਾਣ ਪੀਣ ਦਾ ਫਿਕਰ ਵੀ ਛੋੜ ਬੈਠਾ। ਜੋ

ਸਾਗ ਪੱਤ੍ਰ ਅੰਨ ਕਿਸੇ ਦੇ ਭਾਉ ਦਾ ਦਿੱਤਾ ਕਦੇ ਮਿਲ ਜਾਵੇ ਖਾ ਛੋੜੇ। ਇਕ ਸਮਾਂ ਐਸਾ ਆਇਆ ਕਿ ਤਪਸੀ ਨੂੰ ਸੱਤ ਦਿਨ ਅਹਾਰ ਨਾ ਮਿਲਿਆ। ਤਦ ਉਸ ਵਿਚਾਰਿਆ ਕਿ ਸਭ ਜਗਤ ਉਦਮ ਕਰਕੇ ਅਹਾਰ ਕਰਦਾ ਹੈ ਮੈਂ ਭੀ ਉਦਮ ਕਰਾਂ। ਸੋ ਆਪਣੀ ਤੂੰਬੀ ਆਸਣ ਚਾ ਕੇ ਤਪਸੀ ਦੇ ਰੰਗ ਵਿਚ ਸ਼ਹਿਰ ਆਇਆ। ਇਕ ਸ਼ਾਹੂਕਾਰ ਦੇ ਘਰ ਉਸ ਦਿਨ ਭੋਜਨ ਸੀ। ਉਹਦੇ ਸੇਵਕ ਸਾਧਾਂ, ਅਤਿਥੀਆਂ ਨੂੰ ਅੰਨ ਖੁਆ ਰਹੇ ਸਨ। ਇਹ ਤਪਸੀ ਭੀ ਓਥੇ ਜਾ ਖਲਾ ਹੋਇਆ, ਪਰ ਇਸਨੂੰ ਕਿਸੇ ਨਾ ਪੁਛਿਆ। ਤਪਸੀ ਭੁੱਖੇ ਦਾ ਭੁੱਖਾ ਕੁਟੀਆ ਵਿਚ ਆ ਬੈਠਾ। ਅੱਧੀ ਰਾਤ ਨੂੰ ਤਪਸੀ ਨੇ ਕੀਹ ਡਿੱਠਾ ਕਿ ਦੋ ਦੂਤ ਆ ਰਹੇ ਹਨ, ਹੱਥ ਮਸਾਲਾਂ ਫੜੀਆਂ ਹਨ, ਓਹ ਦੂਤ ਤਪਸੀ ਨੂੰ ਆ ਕੇ ਕਹਿਣ ਲੱਗੇ, ਹੇ ਜੋਗੀ! ਉਠ ਸਾਡੇ ਨਾਲ ਚੱਲ ਜੋ ਉਸ ਸ਼ਾਹੂਕਾਰ ਦਾ ਘਰ ਸਾੜ ਆਵੀਏ, ਜਿਸ ਤੈਨੂੰ ਅੱਜ ਅਹਾਰ ਨਹੀਂ ਦਿੱਤਾ। ਅਸੀਂ ਦੇਵਤਿਆਂ ਦੇ ਦੂਤ ਹਾਂ ਤੇ ਇਸ ਕਾਰਜ ਵਿਚ ਤੇਰੀ ਸਹਾਇਤਾ ਨੂੰ ਆਏ ਹਾਂ। ਤਾਂ ਤਪਸੀ ਨੇ ਇਕ ਮਸਾਲ ਉਨ੍ਹਾਂ ਤੋਂ ਲੈ ਕੇ ਉਨ੍ਹਾਂ ਵਲ ਉਲਾਰੀ ਜੋ ਦੋਹਾਂ ਨੂੰ ਸਾੜੇ ਤਾਂ ਓਹ ਪਰੇ ਹਟ ਖਲੋਤੇ ਤੇ ਆਖਣ ਲੱਗੇ, ਇਹ ਕੀਹ ਕਰਦੇ ਹੋ? ਤਪਸੀ ਨੇ ਕਿਹਾ, ਮੈਂ ਅਤੀਤ ਸਾਧੂ ਹਾਂ, ਰਾਗ ਦ੍ਵੈਖ ਜਿੱਤੀ ਹੈ। ਮੇਰਾ ਕਿਸੇ ਨਾਲ ਵੈਰ ਨਹੀਂ। ਉਸ ਸ਼ਾਹ ਨਾਲ ਵੀ ਮੇਰਾ ਵੈਰ ਕੋਈ ਕਾਸ ਨਹੀਂ, ਮੈਂ ਉਸਨੂੰ ਕਿਉਂ ਸਾੜਾਂ। ਉਸ ਦਾ ਵੀ ਮੇਰ ਨਾਲ ਕੋਈ ਵੈਰ ਨਹੀਂ ਸੀ ਜੋ ਉਸ ਮੇ ਮੈਨੂੰ ਵੈਰ ਕਰਕੇ ਅੰਨ ਨਹੀਂ ਦਿੱਤਾ। ਮੇਰਾ ਸਿਦਕ ਇਹ ਹੈ ਕਿ ਸਾਰੇ ਭਗਵੰਤ ਦੀ ਲੀਲਾ ਹੈ ਜੋ ਸਭ ਦਾ ਪ੍ਰੇਰਕ ਹੈ। ਜੇ ਉਹ ਉਸ ਸ਼ਾਹ ਦੇ ਅੰਦਰ ਜਾਂ ਉਸ ਦੇ ਸੇਵਕਾਂ ਦੇ ਅੰਦਰ ਪ੍ਰੇਰਨਾ ਕਰ ਦਿੰਦਾ ਹਾਂ ਉਹ ਮੈਨੂੰ ਅੰਨ ਦੇ ਦਿੰਦੇ। ਜਿਨ੍ਹਾਂ ਨੂੰ ਪ੍ਰੇਰਨਾ ਨਹੀਂ ਹੋਈ ਉਹ ਬੇਕਸੂਰ ਹਨ। ਉਨ੍ਹਾਂ ਨੂੰ ਕਿਉਂ ਦੰਡ ਦਿਤਾ ਜਾਵੇ। ਮੈਨੂੰ ਭਰੇ ਸਰੋਂ ਖਾਲੀ ਮੁੜਨਾ ਪਿਆ ਹੈ ਇਹ ਬੀ ਭਗਵੰਤ ਦੀ ਲੀਲਾ ਹੈ, ਉਸ ਦਾ ਚੋਜ ਹੈ, ਇਸ ਰਜ਼ਾ ਵਿਚ ਰਾਜ਼ੀ ਰਹਿਣਾ ਮੇਰਾ ਧਰਮ ਹੈ। ਜਾਓ ਮੁੜ ਜਾਓ, ਦੇਵਤਿਆਂ ਨੂੰ ਕਹਿ ਦਿਓ ਕਿ ਮੇਰੀ ਖਾਤਰ ਕਿਸੇ ਦੇ ਬਾਰੇ ਬੁਰਾ ਨਾ ਕਰੋ। ਸੋ ਨੀਂਗਰਾ, ਨੰਦ ਸਿੰਘਾ! ਇਹ ਹਈ ਆਦਰਸ਼ ਤਿਆਗ ਦਾ। ਤਿਆਗੀ ਹੋਵੇ ਤਾਂ ਇਸ ਤਰ੍ਹਾਂ ਦਾ ਨਿਰਵੈਰ, ਰਾਗ ਦ੍ਵੈਸ਼ਾਂ ਤੋਂ ਅਤੀਤ ਹੋਵੇ, ਐਤਨਾ ਬਲ ਪਾ ਕੇ ਕਿ ਦੇਵਤੇ ਉਸ ਤੋਂ ਚਿੜਨ, ਉਹ ਪਿਆਰ ਤੇ ਖਿਮਾ ਦੇ ਘਰ ਵੱਸੇ।

ਹੁਣ ਇਕ ਹੋਰ ਕਹਾਣੀ ਸੁਣ ਜੋ ਗ੍ਰਿਹਸਤ ਦੇ ਆਦਰਸ਼ ਦਾ ਪਤਾ ਦੇਵੇਗੀ। ਇਕ ਬਨ ਵਿਚ ਸੰਘਣੀਂ ਛਾਉਂ ਵਾਲਾ ਬ੍ਰਿਛ ਸੀ। ਉਸ ਉਤੇ ਇਕ ਪੰਛੀਆਂ ਦਾ ਜੋੜ ਰਹਿੰਦਾ ਸੀ। ਇਕ ਸੰਝਾਂ ਨੂੰ ਇਕ ਜਾਲੀ ਬਨ ਵਿਚੋਂ ਸਰਦੀ ਮੀਂਹ ਦਾ ਮਾਰਿਆ ਓਥੇ ਆ ਨਿਕਲਿਆ। ਸਾਰਾ ਦਿਨ ਬਨ ਵਿਚ ਭਉਂਦੇ ਨੂੰ ਕੋਈ ਸ਼ਿਕਾਰ ਹੱਥ ਨਹੀਂ ਸੀ ਆਇਆ। ਜਾ ਰੁੱਖ ਹੇਠ ਆ ਕੇ ਬੈਠਾ ਤਾਂ ਸੀਤ ਨਾਲ ਕੰਬੇ ਤੇ ਭੁੱਖ ਨਾਲ ਘਬਰਾਵੇ, ਤਾਂ ਪੰਛੀ ਨੇ ਅਤਿੱਥੀ ਆਇਆ ਜਾਣ ਕੇ ਉਸ ਦੀ ਸੇਵਾ ਕਰਨੀ ਚਾਹੀ। ਸੋ ਪੰਛੀ ਉਡਿਆ ਅਰ ਇਕ ਅਯਾਲੀ ਦੀ ਧੂਣੀ ਪਾਸੋਂ ਇਕ ਧੁਖਦੀ ਮੋਂਗਣ ਚਾ ਲਿਆਇਆ ਤੇ ਜਾਲੀ ਦੇ ਅੱਗੇ ਰੱਖ ਦਿਤੀ। ਫਿਰ ਉਪਰੋਂ ਆਲ੍ਹਣੇ ਦੇ ਕੁਛ ਕੱਖ ਚਾ ਹੇਠਾਂ ਸਿੱਟੇ। ਜਾਲੀ ਨੇ ਇਸ ਤਰ੍ਹਾਂ ਅੱਗ ਧੁਖਾ ਲਈ ਤੇ ਲੱਕੜਾਂ ਚੁਣ ਕੇ ਭਾਂਬੜ ਬਾਲ ਲਿਆ ਤੇ ਨਿੱਘਾ ਹੋ ਗਿਆ। ਹੁਣ ਪੰਛੀ ਦੀ ਅਰਧੰਗੀ ਨੇ ਵਿਚਾਰਿਆ ਕਿ ਅਤਿੱਥੀ ਭੁੱਖਾ ਹੈ ਤੇ ਘਰ ਆਏ ਦੀ ਸੇਵਾ ਕਰਨੀ ਗ੍ਰਿਹਸਤੀ ਦਾ ਧਰਮ ਹੈ। ਅਸੀਂ ਇਸ ਨੂੰ ਕੀਹ ਅਹਾਰ ਦੇਵੀਏ। ਸਾਡੇ ਪਾਸ ਅੰਨ ਨਹੀਂ ਹੈ ਤੇ ਹੋਰ ਵੀ ਕੁਛ ਨਹੀਂ ਹੈ ਤਾਂਤੇ ਆਪਾ ਵਾਰੀਏ। ਇਹ ਵੀਚਾਰ ਕੇ ਉਹ ਉਡੇ ਕੇ ਆਪ ਭਾਂਬੜ ਵਿਚ ਡਿੱਗੀ। ਜਾਲੀ ਨੇ ਉਸਨੂੰ ਕੁਦਰਤ ਵਲੋਂ ਸਹਾਇਤਾ ਸਮਝ ਕੇ ਭਾਂਬੜ ਵਿਚੋਂ ਕੱਢਿਆ ਤੇ ਕੱਚੀ ਭੁੰਨੀ ਜਿਹੀ ਉਹ ਹੋ ਗਈ ਸੀ ਖਾ ਲਈ, ਪਰ ਉਸ ਦਾ ਢਿੱਡ ਇੰਨੇ ਕੁ ਮਾਸ ਨਾਲ ਕੀਹ ਭਰਨਾ ਸੀ। ਇਹ ਵੇਖ ਕੇ ਪੰਛੀ ਬੀ ਅੱਗ ਵਿਚ ਆ ਡਿੱਗਾ ਜੋ ਅਤਿੱਥੀ ਦਾ ਪੂਰਾ ਪੇਟ ਭਰ ਜਾਏ। ਇਹ ਦੇਖ ਕੇ ਜਾਲੀ ਨੂੰ ਹੋਸ਼ ਆ ਗਈ ਤੇ ਉਸ ਪਰਖ ਲਿਆ ਕਿ ਇਹ ਕੋਈ ਭਗਤ ਪੰਛੀ ਹਨ, ਜਿਨ੍ਹਾਂ ਨੇ ਮੇਰੇ ਸੁਖ ਲਈ ਜਾਨਾਂ ਵਾਰੀਆਂ ਹਨ। ਮੈਂ ਬੜਾ ਪਾਪੀ ਹਾਂ ਜੋ ਮੇਰੇ ਪਿੱਛੇ ਇਹ ਹੱਤਿਆ ਹੋਈ ਹੈ। ਇਸ ਤਰ੍ਹਾਂ ਨੂੰ ਉਸ ਨੂੰ ਵੈਰਾਗ ਹੋ ਗਿਆ, ਲੱਗਾ ਪਸ਼ਚਾਤਾਪ ਕਰਨ ਤੇ ਬੇਨਤੀਆਂ ਅਰਦਾਸੇ ਕਰਨ ਕਿ ਮੇਰੇ ਅਪਰਾਧ ਖਿਮਾ ਹੋਣ। ਸੋ ਇਨ੍ਹਾਂ ਦੇ ਧਰਮ ਕਰਕੇ ਉਸਦਾ ਵੀ ਨਿਸਤਾਰਾ ਹੋ ਗਿਆ।

ਨਰੋਤਮ ਸਿੰਘ - ਸ੍ਰੀ ਜੀਓ! ਇਹ ਜੋ ਆਪ ਨੇ ਸ੍ਰੀ ਗੁਰੂ ਜੀ ਦੀਆਂ ਕਹੀਆਂ ਕਹਾਣੀਆਂ ਸੁਣਾਈਆਂ ਹਨ, ਠੀਕ ਇਸੇ ਤਰ੍ਹਾਂ ਹੋਈਆਂ ਹਨ?

ਸੰਤ - ਸਿੰਘ ਜੀ! ਉਪਦੇਸ਼ ਜੋ ਕਰੀਦਾ ਹੈ ਉਸ ਵਿਚ ਕਈ ਗੱਲਾਂ ਵਰਤੀਦੀਆਂ ਹਨ। ਜਿਨ੍ਹਾਂ ਵਿਚੋਂ ਇਕ ਨੂੰ ਨਿਦਰਸ਼ਨ ਕਹੀਦਾ ਹੈ, ਦ੍ਰਿਸ਼ਟਾਂਤ ਵੀ ਆਖ ਲੈਂਦੇ ਹਨ। ਨਿਦਰਸ਼ਨ ਵਿਚ ਕਿਸੇ ਅਸੂਲ ਨੂੰ ਇਕ ਕਹਾਣੀ ਦੇ ਢੰਗ ਵਿਚ ਕਹੀਦਾ ਹੈ। ਕਹਾਣੀ ਕਿਉਂਕਿ ਇਨਸਾਨ ਦੀ

ਵਿਦਿਆ ਪ੍ਰਾਪਤੀ ਦਾ ਸਭ ਤੋਂ ਪਹਿਲਾ ਢੰਗ ਸੀ ਅਰ ਆਮ ਦਿਲਾਂ ਤੇ ਇਸ ਨਾਲ ਅਸੂਲ ਦੀ ਸਮਝ ਸੁਖੈਨ ਪੈ ਜਾਂਦੀ ਹੈ, ਇਸ ਨੂੰ ਹੁਣ ਤਕ ਸਾਰੇ ਵਰਤਿਆ ਜਾਂਦਾ ਹੈ। ਨਿਦਰਸ਼ਨ ਵਿਚੋਂ ਸਦਾ ਅਸੂਲ ਤੇ ਉਪਦੇਸ਼ ਦੇ ਸਾਰ ਨੂੰ ਸਮਝੀਦਾ ਹੈ, ਉਸ ਦੀ ਇਤਿਹਾਸਕ ਖੋਜ ਨਾਲ ਪ੍ਰਯੋਜਨ ਨਹੀਂ ਹੁੰਦਾ। ਹੁਣ ਇਨ੍ਹਾਂ ਦੋਹਾਂ ਕਥਾ ਵਿਚ ਇਹ ਅਸੂਲ ਦਰਸਾਇਆ ਗਿਆ ਹੈ ਕਿ ਜੋ ਅਤੀਤ ਰਹਿ ਕੇ ਵਾਹਿਗੁਰੂ ਪ੍ਰਾਪਤੀ ਦਾ ਯਤਨ ਕਰੇ, ਸੋ ਐਸਾ ਹੋਵੇ ਜੈਸਾ ਕਿ ਤਪਸੀ ਨੇ ਰਾਗ ਦ੍ਵੈਖ ਤੋਂ ਅਤੀਤ ਤੇ ਸਾਂਈਂ ਦੇ ਵਿਆਪਕ ਤੇ ਪ੍ਰੇਰਕ ਹੋਣ ਦਾ ਭਾਵ ਦਰਸਾਇਆ ਹੈ ਅਤੇ ਤਿਆਗ ਦਾ ਪੂਰਾ ਰੂਪ ਵਿਖਾਇਆ ਹੈ। ਐਸੇ ਹੀ ਗ੍ਰਿਹਸਤੀ ਹੋਵੇ ਤਾਂ ਹਰ ਜੀਵ ਉਸਦੀ ਜੋਤਿ ਸਮਝ ਕੇ ਸੇਵਾ ਕਰੇ ਤੇ ਆਪਣੇ ਗ੍ਰਿਹਸਤ ਧਰਮ ਨੂੰ ਮੁੱਖ ਰੱਖੇ, ਜੋ ਇਹ ਹੈ ਕਿ ਸਾਂਈਂ ਦੀ ਲਿਵ ਵਿਚ ਰਹਿਣਾ, ਕਿਰਤ ਕਰਨੀ ਤੇ ਸਰਬੱਤ ਦਾ ਭਲਾ ਚਾਹੁਣਾ।

ਪੁਰਸ਼ੋਤਮ ਸਿੰਘ – ਪੰਛੀ ਦੇ ਜੀਵਨ ਤੋਂ ਸਰਬੱਤ ਦੇ ਭਲੇ ਦੀ ਸਮਝ ਤਾਂ ਆਈ ਪਰ ਸਾਂਈਂ ਪ੍ਰੇਮ ਤੇ ਕਿਰਤ ਦੀ ਸਮਝ ਕੀਕੂੰ ਪੈਂਦੀ ਹੈ?

ਸੰਤ – ਸਿੰਘ ਜੀ! ਜਿਸ ਢੰਗ ਨਾਲ ਇਹ ਸਮਝ ਪੈਂਦੀ ਹੈ ਉਸਨੂੰ ਧੁਨੀ ਕਹੀਦਾ ਹੈ। ਦੇਖੋ ਜਿਸ ਜੀਵ ਨੂੰ ਇਹ ਫੁਰਦਾ ਹੈ ਕਿ ਮੇਰੇ ਘਰ ਸ਼ਿਕਾਰੀ ਨਹੀਂ ਅਤਿੱਥੀ ਆਇਆ ਹੈ। ਉਹ ਉਚੇ ਭਾਵਾਂ ਵਾਲਾ ਹੈ ਜੋ ਕਿਸੇ ਦੇ ਅਵਗੁਣ ਨਹੀਂ ਚਿਤਾਰਦਾ ਤੇ ਸ੍ਵੈ ਧਰਮ ਨੂੰ ਚਿਦਾਰਦਾ ਹੈ ਫਿਰ ਜੋ ਦੂਸਰੇ ਦੇ ਭਲੇ ਲਈ ਸਰੀਰ ਦੇ ਦਿੰਦਾ ਹੈ, ਉਸਦਾ ਮੋਹ ਤਨ ਤੋਂ ਉਠ ਚੁੱਕਾ ਹੈ, ਉਸ ਨੇ ਹਉਮੈ ਜਿੱਤੀ ਹੈ। ਉਸਨੂੰ ਮੈਂ 'ਅਮਰ ਹਾਂ' ਸਰੀਰ ਮਰਨ ਹਾਰ ਹੈ, ਮੈਂ ਸਰੀਰ ਨਹੀਂ ਹਾਂ, ਇਹ ਗਿਆਨ ਹੋ ਚੁੱਕਾ ਹੈ। ਇਹ ਅਵਸਥਾ ਲਿਵ ਵਾਲੇ ਬੰਦੇ ਨੂੰ ਪੈਦਾ ਹੁੰਦੀ ਹੈ ਤਾਂ ਤੇ ਓਹ ਪੰਛੀਆਂ ਦਾ ਜੋੜਾ ਲਿਵ ਲਾਏ ਬੰਦੇ ਦਾ ਨਮੂਨਾ ਹਨ। ਫਿਰ ਓਹ ਪੰਛੀ ਦੱਸੇ ਹਨ, ਉਪਜੀਵਕਾਂ ਉਦਮ ਨਾਲ ਟੋਰਦੇ ਹਨ, ਸਾਰਾ ਦਿਨ ਥਾਂ-ਥਾਂ ਫਿਰਦੇ ਚੋਗਾ ਭਾਲ ਕੇ ਪੇਟ ਭਰਦੇ ਹਨ। ਉਸ ਅਤਿੱਥੀ ਦੀ ਸੇਵਾ ਲਈ ਉਸ ਵੇਲੇ ਉਦਮ ਕਰਕੇ ਦੂਰ ਜਾ ਕੇ ਅਗਨੀ ਲਿਆਉਂਦੇ ਹਨ। ਏਹ ਸਾਰੇ ਇਸ਼ਾਰੇ ਕਿਰਤ ਕਮਾਈ ਕਰਨ ਦੇ ਹਨ।

ਸੋ ਭਾਈ ਭਾਵ ਅਰਥ ਯਾ ਧੁਨਯਾਤਮਕ ਅਰਥ ਇਹ ਹੈ ਕਿ ਗ੍ਰਿਹਸਤੀ ਹੋਵੇ ਤਾਂ ਲਿਵ ਵਾਲਾ ਹੋਵੇ ਭਾਵ ਨਾਮੀ ਪੁਰਖ ਹੋਵੇ। ਨਾਮ ਅਭਿਆਸ ਨਾਲ ਹਉਮੈਂ ਨੂੰ ਉਠਾ ਦੇਵੇ ਤੇ ਆਤਮ ਭਾਵ ਵਿਚ ਅੱਪੜੇ ਤੇ ਬਾਹਰਲੀ ਜਗਤ ਵਰਤੋਂ ਵਿਚ ਸਰਬੱਤ ਦਾ ਭਲਾ ਵੀਚਾਰੇ।

ਨਰੋਤਮ ਸਿੰਘ – ਭਲਾ ਜੀ, ........ਹਾਂ ਠੀਕ ਹੈ...ਹਾਂ ਜੀ, ਕਈ ਇਕ ਪੁਰਾਤਨ ਕਥਾ ਤੇ ਪ੍ਰਸੰਗ ਜੋ ਵਰਤੇ ਜਾਂਦੇ ਹਨ ਓਹ ਇਵੇਂ ਹੀ ਹਨ ਕਿ ਜਿਵੇਂ ਕਿਸੇ ਅਸੂਲ ਲਈ ਦ੍ਰਿਸ਼ਟਾਂਤ ਦੇਣਾ ਹੁੰਦਾ ਹੈ। ਜੈਸਾ ਕਿ ਆਪ ਨੇ ਹੁਣੇ ਦੱਸਿਆ ਹੈ।

ਸੰਤ ਜੀ – ਜੋ ਕਥਾ ਕਹਾਣੀਆਂ, ਪ੍ਰਸੰਗ ਸਰਬ ਸਾਧਾਰਣ ਵਿਚ ਪ੍ਰਚਲਤ ਹੋਣ ਉਨ੍ਹਾਂ ਦੇ ਦ੍ਰਿਸ਼ਟਾਂਤ ਵਜੋਂ ਵਰਤਿਆ ਉਨ੍ਹਾਂ ਦੇ ਅਸੂਲ ਛੇਤੀ ਸਮਝੇ ਪੈ ਜਾਂਦੇ ਹਨ, ਇਸ ਕਰਕੇ ਪ੍ਰਚਲਤ ਕਥਾਵਾਂ ਨੂੰ ਯਾ ਨਵੀਆਂ ਨਿਦਰਸ਼ਨਾਂ ਨੂੰ ਮਹਾਂ ਪੁਰਖ ਦ੍ਰਿਸ਼ਟਾਂਤ ਪ੍ਰਮਾਣ ਲਈ ਵਰਤ ਲਿਆ ਕਰਦੇ ਹਨ। ਇਨ੍ਹਾਂ ਗੱਲਾਂ ਤੋਂ ਘਬਰਾਈਦਾ ਨਹੀਂ, ਵਿਦਿਆ ਦੇ ਅਸੂਲਾਂ ਨੂੰ ਸਮਝੀਦਾ ਹੈ। ਇਹ ਵੀ ਯਾਦ ਰਹੇ ਕਿ ਪ੍ਰਚਲਤ ਕਥਾਵਾਂ ਦੀ ਪਿੱਠ ਪਿੱਛੇ ਕੋਈ ਇਤਿਹਾਸਕ ਵਾਕਿਆ ਵੀ ਕਈ ਵੇਰ ਹੁੰਦਾ ਹੈ ਜੋ ਸੰਖੇਪ ਹੋ ਕੇ ਦ੍ਰਿਸ਼ਟਾਂਤ ਮਾਤ੍ਰ ਟੁਰਿਆ ਰਹਿੰਦਾ ਹੈ। ਜਿਵੇਂ ਮਤਰੇਈ ਮਾਂ ਦੀ ਬੋਲੀ ਨਾਲ ਧਰੂੰ ਦਾ ਭਗਤ ਹੋ ਜਾਣਾ। ਐਉਂ ਸਮਝੋ ਕਿ ਕਿਸੇ ਇਤਿਹਾਸਕ ਗੱਲ ਨੂੰ ਦਿਖਾਉਣ ਲਈ ਜਿਵੇਂ ਤਸਵੀਰ ਸਹਾਇਤਾ ਕਰਦੀ ਹੈ, ਤਿਵੇਂ ਦ੍ਰਿਸ਼ਟਾਂਤ ਪ੍ਰਮਾਣ, ਨਿਦਰਸ਼ਨ ਅਸੂਲਾਂ ਦੇ ਧਿਆਨ ਕਰਨ, ਸਮਝਣ ਤੇ ਸਮਝਾਉਣ ਵਿਚ ਮਾਨੋਂ ਤਸਵੀਰ ਹੁੰਦੇ ਹਨ।

ਨਿਹਚਲ ਦਾਸ – ਠੀਕ। ਭਲਾ ਮਹਾਰਾਜ ਜੀ! ਫੇਰ ਪਿਛਲੀ ਕਥਾ ਦੀ ਲੜੀ ਨੂੰ ਲਈ ਤੇ ਦੱਸੀਏ ਕਿ ਨੰਦ ਸਿੰਘ ਨੇ ਅਤੀਤ ਮਾਰਗ ਚੁਣਿਆ ਕਿ ਗ੍ਰਿਹਸਤ?

ਸੰਤ ਬਿਮਲਾ ਸਿੰਘ – ਨੰਦ ਸਿੰਘ ਨੇ ਗ੍ਰਿਹਸਤ ਮਾਰਗ ਚੁਣਿਆ।

ਨਿਹਚਲ ਦਾਸ ਜੀ – ਕਿਉਂ।

ਸੰਤ ਦੀ – ਉਥੇ ਕਾਰਣ ਤਾਂ ਉਸਦੀ ਚੋਣ ਦਾ ਸਫੁੱਟ ਨਹੀਂ ਦੱਸਿਆ। ਇਹ ਗੱਲ ਉਸ ਨੇ ਕਹੀ ਹੈ ਕਿ ਮੈਂ ਆਲਸੀ ਹਾਂ, ਸੇਵਾ ਕਰਾਂਗਾ। ਤਾਂ ਆਲਸ ਹਟੇਗਾ। ਫੇਰ ਥੋੜ੍ਹੀ ਸਾਖੀ ਉਸਦੇ ਦਰਿੱਦਰੀ ਹੋਣ ਦੀ ਪਿਛਲੇ ਜਨਮ ਦੀ ਆਉਂਦੀ ਹੈ। ਪਰ ਕਿਉਂ ਉਸ ਨੇ ਗ੍ਰਿਹਸਤ ਚੁਣਿਆ ਇਸ ਭਾਵ ਦੀ ਵੀਚਾਰ ਕਰਨ ਤੋਂ ਸਮਝ ਆ ਜਾਂਦੀ ਹੈ। ਅਤੀਤ ਦੇ ਆਦਰਸ਼ ਵਿਚ ਵੱਸ ਕੇ ਬਨ ਵਿਚ ਵੱਸ ਕੇ ਕਠਨ ਸਾਧਨ ਸਾਧ ਕੇ ਜਦ ਭੁੱਖ ਦੁੱਖ ਕੜਾਕੇ ਆਉਣ ਤਾਂ ਨਾਂ

ਕੇਵਲ ਰੁੱਖਾਂ ਵਰਗੀ ਜੀਰਾਂਦ ਦਿਖਾਵੇ ਕਿ ਜੋ ਸਿਰ ਆਵੇ ਸਹੇ ਜੈਸਾ ਕਿ ਫਰੀਦ ਜੀ ਨੇ ਕਿਹਾ ਹੈ, ਸਗੋਂ ਪਰਾਏ ਭਲੇ ਵਿਚ ਇੰਨਾ ਹੋਵੇ ਕਿ ਕਿਸੇ ਨੂੰ ਦੁਖ ਨਾ ਪੁੱਜਣ ਦੇਵੇ। 'ਫਰੀਦਾ ਬੁਰੇ ਦਾ ਭਲਾ ਕਰਿ ਗੁੱਸਾ ਮਨਿ ਨ ਹੰਢਾਇ॥' ਆਪ ਤਾਂ ਸੱਤ ਅੱਠ ਦਿਨ ਦਾ ਭੁੱਖਾ ਹੋਵੇ, ਭੁੱਖ ਕ੍ਰੋਧ ਦੀ ਮਾਂ ਹੈ, ਦੇਖੋ ਉਸਨੂੰ ਫੇਰ ਕ੍ਰੋਧ ਨਾ ਆਵੇ, ਸਗੋਂ ਦੇਵਤਿਆਂ ਦੇ ਕ੍ਰੋਧ ਨੂੰ ਠੰਢਾ ਕਰੇ। ਉਸਦਾ ਤਿਆਗ ਸਫਲ ਹੈ ਕਿ ਜਿਸ ਨੇ ਅੰਦਰੋਂ ਰਾਗ ਦ੍ਵੈਖ ਦਾ ਤਿਆਗ ਕੀਤਾ ਹੈ। ਨਿਰਾ ਘਰ ਬਾਰ ਦਾ ਤਿਆਗ ਕਰਕੇ ਬਨ ਜਾ ਬਸੇ ਪਰ ਰਾਗ ਦ੍ਵੈਖ ਕ੍ਰੋਧ ਆਦਿ ਨ ਤਿਆਗੇ, ਸਾਰੇ ਵਿਆਪਕ ਦਾ ਅਨੁਭਵ ਨਾ ਪਾਵੇ ਤੇ ਵਰਤੋਂ ਵਿਚ ਪ੍ਰੇਮ ਨਾ ਹੋਵੇ ਤਾਂ ਉਹ ਤਿਆਗ ਕਾਹਦਾ ਹੈ। ਸੋ ਨੰਦ ਸਿੰਘ ਨੇ ਵੀਚਾਰਿਆ ਕਿ ਮੈਂ ਜੇ ਸੇਵਾ ਕਰਾਂ ਤਾਂ ਮਨ ਸੁਖੈਨ ਹੀ ਸਾਫ ਹੋ ਜਾਵੇਗਾ, ਤਿਆਗ ਦੇ ਦੁੱਖ ਭੁੱਖ ਤੋਂ ਬਿਨਾਂ ਨਾਮ ਵਿਚ ਵੀ ਲੱਗਾ ਰਹਾਂਗਾ ਤੇ ਸਨੇ ਸਨੇ ਕਾਰਜ ਹੋ ਜਾਏਗਾ। ਉਹ ਦੇਖਦਾ ਸੀ ਕਿ ਮੇਰਾ ਮਨ ਤਪਸੀ ਵਰਗਾ ਨਹੀਂ ਹੈ ਪਰ ਜੇ ਸੇਵਾ ਵਿਚ ਲਗ ਪਿਆ ਤਾਂ ਵੈਸਾ ਹੋ ਜਾਣਾ ਅਸੰਭਵ ਨਹੀਂ, ਸੋ ਜਿਸ ਜੋਗ ਉਸ ਦੇ ਮਨ ਦੀ ਅਵਸਥਾ ਸੀ ਉਹ ਉਸ ਨੇ ਸਿਆਣ ਲਈ। ਬਾਣੀ ਦਾ ਰਸੀਆ ਹੋਣ ਕਰਕੇ ਉਸ ਨੂੰ ਸੱਚ ਦੀ ਸੋਝੀ ਸੀ ਹੀ। ਭਾਈ ਪਿਆਰਿਓ! ਗੁਰਬਾਣੀ ਗੁਰਮਤਿ ਦ੍ਰਿੜਾਉਂਦੀ ਹੈ ਤਾਂ ਪਹਿਲੀ ਗੁਰਮਤਿ ਹੈ 'ਸੱਚ' - ਆਪਣੇ ਆਪ ਨਾਲ ਅੰਦਰੋਂ ਬਾਹਰੋਂ ਸੱਚੇ ਹੋਣਾ। ਸੋ ਗੁਰਬਾਣੀ ਦੇ ਪ੍ਰੇਮੀ ਨੇ ਜਿਸ ਜੋਗ ਆਪਣੇ ਮਨ ਨੂੰ ਜਾਤਾ ਸੋ ਮਾਰਗ ਚੁਣ ਲਿਆ। ਤੇ ਜੋ ਵੈਰਾਗ ਸੀ ਸੋ ਉਸ ਨੇ ਇੰਜ ਪਾਲਿਆ ਕਿ ਗੁਰੂ ਕੇ ਹਜ਼ੂਰ ਰਹਿ ਪਿਆ ਤੇ ਸੇਵਾ ਵਿਚ ਲੱਗ ਪਿਆ ਤੇ ਇਸਤ੍ਰੀ ਬੀ ਨਾਲ ਸੇਵਾ ਵਿਚ ਲੱਗ ਪਈ।

ਪੁਰਸ਼ੋਤਮ ਸਿੰਘ - ਤਾਂ ਤਾਂ ਮਹਾਰਾਜ ਜੀ! ਮਾਰਗ ਗ੍ਰਿਹਸਤ ਹੀ ਗੁਰੂ ਮਤ ਸਿੱਧ ਹੋਇਆ ਨਾ?

ਸੰਤ ਜੀ - ਠੀਕ ਸਮਝਿਆ ਹੈ ਪਰ 'ਪਰਵਾਣ ਗ੍ਰਿਹਸਤ ਉਦਾਸ' ਇਹ ਗੁਰੂ ਕਾ ਮਾਰਗ ਹੈ। ਇਹ ਸਿੱਧ ਤਾਂ ਹੋਇਆ, ਪਰ ਨਾਲ ਇਹ ਵੀ ਸਿੱਧ ਹੋਇਆ ਕਿ ਜੇ ਨੰਦ ਸਿੰਘ ਨਿਜ ਨੂੰ ਅਤੀਤ ਜੀਵਨ ਦੇ ਜੋਗ ਸਮਝ ਲੈਂਦਾ ਤੇ ਗੁਰੂ ਜੀ ਵੀ ਪਰਖ ਲੈਂਦੇ ਕਿ ਇਸ ਦੀ ਬ੍ਰਿਤੀ ਐਸੀ ਹੈ ਤਾਂ ਗੁਰੂ ਕਿਆਂ ਵਲੋਂ ਉਸਨੂੰ ਇਹ ਹੁਕਮ ਨਹੀਂ ਸੀ ਹੋਣਾ ਕਿ ਤੂੰ ਇਹ ਨਾ ਧਾਰਨ ਕਰ। ਜਿਸ ਤੋਂ ਸਾਡਾ ਭਾਵ ਇਹ ਹੈ ਕਿ ਜੋ ਮਨ ਐਸੇ ਕੁਦਰਤੋਂ ਬਣੇ ਹਨ ਕਿ ਉਹ ਤਿਆਗ ਵਿਚ ਹੀ ਰਹਿ ਕੇ ਬੰਦਗੀ ਕਰ ਸਕਦੇ ਹਨ, ਉਨ੍ਹਾਂ ਨੂੰ ਸਤਿਗੁਰੂ ਜੀ ਨੇ ਆਪਣੇ ਮਾਰਗ ਤੋਂ ਵਾਂਜਿਆ ਨਹੀਂ ਹੈ। ਸਤਿਗੁਰ ਨੇ ਹਾਠਾਂ ਨਹੀਂ ਬੱਧੀਆਂ। ਜੇ ਹੁਕਮ ਕਰ ਦਿੰਦੇ ਕਿ ਤ੍ਰੈ ਕਾਲ ਤਿਆਗੀ ਦੀ ਕਲਿਆਨ ਨਹੀਂ ਤਾਂ ਇਹ ਗੁਰਮਤਿ ਦਾ ਧਰਮ ਸਰਬ ਕਾਲੀ ਸਰਬ ਜੋਗ ਪ੍ਰਾਪਤ ਨਾ ਰਹਿੰਦਾ। ਹਰ ਦੇਸ਼ ਵਾਲੇ ਲਈ, ਹਰ ਸੁਭਾਵ ਵਾਲੇ ਲਈ, ਹਰ ਕਿੱਤੇ ਵਾਲੇ ਲਈ ਗੱਲ ਕੀਹ ਮਨੁੱਖ ਮਾਤ੍ਰ ਲਈ ਗੁਰਮਤਿ ਦਾ ਮਾਰਗ ਸਤਿਗੁਰ ਨੇ ਬਖਸ਼ਿਆ ਹੈ -

*ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥*
*ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥*
*ਧਿਆਇ ਧਿਆਇ ਭਗਤਹ ਸੁਖੁ ਪਾਇਆ ॥*
*ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥*
*ਅੰਗ - ੨੮੪*

ਸੱਜਣੋਂ ਸਰੀਰ ਦੇ ਗ੍ਰਹਿਣ ਤਿਆਗ ਦੇ ਫੇਰਾਂ ਵਿਚ ਨਾ ਫਸੋ। ਤਿਆਗ ਮਨ ਦਾ ਸੱਚ ਜਾਣੋਂ। ਸਿਮਰਨ ਦੇ ਮਾਰਗ ਤੇ ਟੁਰੇ ਬਿਨਾਂ ਅੰਦਰ ਦਾ ਤਿਆਗ ਮੁਸ਼ਕਲ ਖੇਡ ਹੈ। ਉਂਞ ਹਰ ਕੋਈ ਆਪਣੀ ਧਾਰਨ ਕੀਤੀ ਨੂੰ ਚੰਗਾ ਕਹਿੰਦਾ ਹੈ। ਪਰ ਮੈਂ ਸਾਧੂ ਹੋ ਕੇ ਗੁਰਮਤਿ ਤੋਂ ਇਹ ਸਮਝਿਆ ਹੈ ਕਿ ਸਤਿਗੁਰ ਸ਼ਖਸੀ ਕਲਿਆਣ ਦਾਨ ਕਰਦੇ ਹੋਏ ਭਾਈਚਾਰੇ ਦਾ, (ਪ੍ਰਜਾ ਕਹੋ ਯਾ ਦੇਸ ਕਹੋ) ਸਮਾਜਿਕ ਤੇ ਨੈਤਿਕ ਭਲਾ ਵੀ ਚਾਹੁੰਦੇ ਹਨ। ਇਸ ਕਰਕੇ ਭਲੇ ਪੁਰਖਾਂ ਨੂੰ ਭਾਈਚਾਰੇ ਵਿਚ ਵੱਸ ਕੇ ਆਪਣੀ ਭਲਿਆਈ ਦਾਨ ਕਰਨੀ ਦਸਦੇ ਹਨ। ਪਰ ਜੇ ਗ੍ਰਿਹਸਤੀ ਲੰਪਟ ਗ੍ਰਿਹਸਤੀ ਹੋਵੇ ਤੇ ਆਖੇ ਮੈਂ ਚੰਗਾ ਹਾਂ ਤਾਂ ਠੀਕ ਨਹੀਂ। ਜੇ ਸਾਧੂ ਈਰਖਾ ਵਿਚ ਹੋਵੇ, ਰਾਗ ਦ੍ਵੈਖ ਵਿਚ ਵਰਤੇ, ਭੇਖ ਮਾਤ੍ਰ (ਭਗਵੇ ਕਿ ਕਖਾਯ ਰੰਗ) ਦੇ ਮਾਨ ਵਿਚ ਤੇ ਅਭਿਮਾਨ ਵਿਚ ਵਰਤੇ ਤਾਂ ਉਸਦਾ ਤਿਆਗ ਠੀਕ ਨਹੀਂ। ਸਗੋਂ ਅਤੀਤ ਦੇ ਸਿਰ ਬਹੁਤਾ ਭਾਰ ਹੈ ਕਿ ਪਹਿਲੇ ਆਪ ਨੂੰ ਮੁਕੰਮਲ ਕਰੇ ਫੇਰ ਜਗਤ ਦਾ ਨਿਸਤਾਰਾ ਕਰੇ ਤੇ ਸਮਦ੍ਰਿਸ਼ਟੀ ਵਾਲਾ ਹੋਵੇ ਤੇ ਵਰਤੋਂ ਵਿਚ ਮੋਹ ਦੀ ਕਾਣੀ ਵੰਡ ਨਾ ਵਰਤੇ ਪਰ ਪ੍ਰੇਮ ਦਾ ਵਰਤਾਰਾ ਇਕ ਸਮਾਨ ਕਰੇ।

ਇਸ ਤਰ੍ਹਾਂ ਕਿਤਨਾ ਚਿਰ ਵਾਰਤਾਲਾਪ ਕਰਕੇ ਤੇ ਉੱਚਾ ਜੀਵਨ ਬਸਰ ਕਰਨ ਦੀ ਸੁਮੱਤ ਲੈ ਕੇ ਸਾਰੇ ਸੱਜਣ ਚਲੇ ਗਏ। ਉਨ੍ਹਾਂ ਨੂੰ ਸਮਝ ਆਈ ਕਿ ਝਗੜੇ ਕਰਨੇ ਬ੍ਰਿਥਾ ਹੁੰਦੇ ਹਨ। ਸਾਰ ਨੂੰ ਖੋਜਣਾ ਤੇ ਧਾਰਨਾ ਇਸ ਨਾਲ ਅੰਦਰਲੀ ਉਨੱਤੀ ਹੁੰਦੀ ਹੈ ਤੇ ਕਲਿਆਨ ਲੱਭਦੀ ਹੈ।

ਗੁਰਪੁਰਬ ਦਾ ਦਿਨ ਆ ਗਿਆ। ਅੰਮ੍ਰਿਤ ਵੇਲੇ ਆਸਾ

ਦੀ ਵਾਰ ਦਾ ਭੋਗ ਪੈ ਗਿਆ, ਸੰਤਾਂ ਨੇ ਸੰਗਤ ਦੀ ਇੱਛਾ ਅਨੁਸਾਰ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਲਿਆ ਤੇ ਕਥਾ ਕੀਤੀ।

*ਇਛਾ ਪੂਰਕੁ ਸਰਬ ਸੁਖਦਾਤਾ*
*ਹਰਿ ਜਾ ਕੈ ਵਸਿ ਹੈ ਕਾਮਧੇਨਾ ॥*
*ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ*
*ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥ ੧ ॥*
*ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥*
*ਹਲਤਿ ਪਲਤਿ ਮੁਖ ਊਜਲ ਹੋਈ ਹੈ*
*ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ ਰਹਾਉ॥*
*ਜਹ ਹਰਿ ਸਿਮਰਨੁ ਭਇਆ*
*ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ ॥*
*ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ*
*ਜਪਿ ਹਰਿ ਭਵਜਲੁ ਤਰਨਾ ॥ ਅੰਗ - ੬੭੦*

ਇਸ ਸ਼ਬਦ ਦੀ ਕਥਾ ਸੰਤਾਂ ਨੇ ਅਤਿ ਮਨੋਹਰ ਢੰਗ ਨਾਲ ਕੀਤੀ। ਜਦੋਂ ਭੋਗ ਪਾਇਆ ਤਾਂ ਸੰਗਤ ਦੀ ਇੱਛਾ, ਜੋ ਪਹਿਲਾਂ ਤੋਂ ਹੀ ਇਹੋ ਸੀ, ਫਿਰ ਪ੍ਰਗਟ ਹੋਈ ਕਿ ਸਤਿਗੁਰੂ ਜੀ ਦੇ ਜੀਵਨ ਸਬੰਧੀ ਕਥਾ ਵੀ ਸੰਤ ਹੀ ਸੁਣਾਉਣ। ਸੋ ਸੰਤਾਂ ਨੇ ਸਤਿਬਚਨ ਕਹਿ ਕੇ ਉਚਾਰਨ ਕੀਤਾ -

ਸਾਧ ਸੰਗਤ ਜੀ! ਸ੍ਰੀ ਸਤਿਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅੱਜ ਸੁਭਾਗ ਅਵਤਾਰ ਦਿਨ ਹੈ, ਆਪ ਦੇ ਹਜ਼ੂਰ ਵਰਤੀ ਨੰਦ ਸਿੰਘ ਦੀ ਸਾਖੀ ਤੋਂ ਅਸਾਂ ਕੁਛ ਗੱਲਾਂ ਉਸ ਦਿਨ ਸਮਝੀਆਂ ਸਨ, ਹੁਣ ਆਪ ਦੀ ਅਵਤਾਰ ਕਥਾ ਵਿਚ ਕੁਛ ਗੱਲਾਂ ਵਲ ਧਿਆਨ ਪਾ ਲਈਏ। ਆਪਣੇ ਅਵਤਾਰ ਬਾਬਤ ਸ੍ਰੀ ਗੁਰੂ ਜੀ ਨੇ ਆਪ ਹਾਲ ਦੱਸਿਆ ਹੈ। ਉਸ ਤੋਂ ਵੱਧ ਤਸੱਲੀ ਵਾਲਾ ਹਾਲ ਹੋਰ ਕੌਣ ਦੱਸ ਸਕਦਾ ਹੈ। ਸ੍ਰੀ ਗੁਰੂ ਜੀ ਫੁਰਮਾਉਂਦੇ ਹਨ ਕਿ ਅਸੀਂ ਹੇਮਕੁੰਟ ਪਰਬਤ ਤੇ ਤਪ ਕਰਦੇ ਹੁੰਦੇ ਸਾਂ। ਓਥੇ ਸਾਡੀ ਤਪਸਿਆ ਇਤਨੀ ਕਮਾਲ ਨੂੰ ਪਹੁੰਚੀ ਕਿ ਅਕਾਲ ਪੁਰਖ ਦੇ ਧਿਆਨ ਵਿਚ ਲੱਗੇ ਅਸੀਂ ਆਪਣੇ ਧਿਆਨੀ ਦੇ ਰੂਪ ਵਿਚ ਇਕ ਜਯੋਤੀ ਹੋ ਗਏ। ਪਹਿਲਾਂ ਦੋ ਦਾ ਅਨੁਭਵ ਸੀ, ਅਰਥਾਤ ਧਿਆਨ ਕਰਨੇ ਦੋਂਹ ਦੀ ਥਾਂ ਇਕ ਰੂਪ ਹੋ ਗਏ। ਖਾਲਸਾ ਜੀ! ਇਹ ਆਤਮਕ ਖੇਡਾਂ ਹਨ, ਇਨ੍ਹਾਂ ਦਾ ਅਸੀਂ ਖਿਆਲ ਬਣਾ ਸਕਦੇ ਹਾਂ ਯਥਾਰਥ ਸਮਝ ਸਕਣਾਂ ਸਾਡੇ ਖਿਆਲ ਤੋਂ ਪਰ੍ਹੇ ਹੈ। ਕਿਉਂਕਿ ਯਥਾਰਥ ਦੇਸ਼ ਕਾਲ ਤੋਂ ਪਰ੍ਹੇ ਹੈ, ਅਸੀਂ ਜੋ ਕੁਛ ਚਿੰਤਨ ਵਿਚ ਲਿਆ ਸਕਦੇ ਹਾਂ, ਉਹ ਦੇਸ਼ ਕਾਲ ਵਾਲਾ ਹੁੰਦਾ ਹੈ ਤੇ ਦਸ਼ਮੇਸ਼ ਪਿਤਾ ਜੀ ਫੁਰਮਾਉਂਦੇ ਹਨ -

*ਔਰ ਸੁ ਕਾਲ ਸਭੈ ਬਸਿ ਕਾਲ ਕੇ*
*ਏਕ ਹੀ ਕਾਲ ਅਕਾਲ ਸਦਾ ਹੈ।*

ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਪਉੜੀ ਵਿਚ 'ਢਾਢੀ ਸਚੈ ਮਹਲਿ ਖਸਮਿ ਬੁਲਾਇਆ' ਆਪਣੇ ਸੱਚਖੰਡ ਜਾਣ ਤੇ ਅਕਾਲ ਪੁਰਖ ਨਾਲ ਮੇਲ ਦਾ ਜ਼ਿਕਰ ਕੀਤਾ ਹੈ, ਤਿਵੇਂ ਦਸਵੇਂ ਜਾਮੇ ਵੀ ਅਕਾਲ ਪੁਰਖ ਜੀ ਨਾਲ ਅਭੇਦ ਹੋਣ ਤੇ ਓਥੇ ਬੁਲਾਏ ਜਾਣ ਦੇ ਕੌਤਕ ਨੂੰ ਉਨ੍ਹਾਂ ਆਪ ਵਰਣਨ ਕੀਤਾ ਹੈ, ਪਰ ਮਨੁੱਖੀ ਸਮਝ ਗੋਚਰਾ ਕਰਨੇ ਲਈ ਜੋ ਹਰ ਭਾਵ ਨੂੰ ਦੇਸ਼ ਕਾਲ ਵਾਲੇ ਖਿਆਲ ਦੇ ਜਾਮੇ ਵਿਚ ਵਰਣਨ ਕੀਤਿਆਂ ਹੀ ਸਮਝ ਸਕਦੀ ਹੈ, ਗੁਰੂ ਜੀ ਨੇ ਇਹ ਹਾਲ ਵਰਣਨ ਕੀਤਾ ਹੈ ਜੋ ਐਉਂ ਹੈ-

*ਤਪ ਸਾਧਤ ਹਰਿ ਮੋਹਿ ਬੁਲਾਯੋ॥*
*ਇਮ ਕਹਿ ਕੈ ਇਹ ਲੋਕ ਪਠਾਯੋ॥*
*ਅਕਾਲ ਪੁਰਖ ਬਾਚ॥ ਚੌਪਈ॥*
*ਮੈ ਅਪਨਾ ਸੁਤ ਤੋਹਿ ਨਿਵਾਜਾ॥*
*ਪੰਥ ਪ੍ਰਚੁਰ ਕਰਬੇ ਕਹੁ ਸਾਜਾ॥*
*ਜਾਹਿ ਤਹਾਂ ਤੈ ਧਰਮ ਚਲਾਇ॥*
*ਕੁਬੁਧ ਕਰਨ ਤੇ ਲੋਕ ਹਟਾਇ॥*

ਪ੍ਰਸ਼ਨ ਹੋ ਸਕਦਾ ਹੈ ਕਿ ਦਸਮੇਂ ਪਿਤਾ ਜੀ ਨੇ ਆਪ ਫੁਰਮਾਇਆ ਹੈ ਕਿ ਅਕਾਲ ਪੁਰਖ ਦਾ ਮਾਤਾ ਪਿਤਾ ਪੁੱਤਰ ਆਦਿ ਕੋਈ ਨਹੀਂ ਹੈ, ਫਿਰ ਆਪਣੇ ਆਪ ਨੂੰ ਪੁੱਤਰ ਦੱਸ ਰਹੇ ਹਨ, ਇਹ ਕੀ ਗੱਲ ਹੈ? ਪਰ ਜੇ ਅਸੀਂ ਆਪ ਦਾ ਵਾਕ ਵਿਚਾਰੀਏ ਤਾਂ ਇਹ ਸ਼ੰਕਾ ਨਹੀਂ ਹੋ ਸਕਦੀ। ਅਕਾਲ ਪੁਰਖ ਜੀ ਆਪ ਨੂੰ 'ਮੈਂ ਆਪਨਾ ਸੁਤ ਤੋਹਿ ਨਿਵਾਜਾ' ਦਾ ਵਾਕ ਕਹਿ ਰਹੇ ਹਨ। ਨਿਵਾਜਣ ਦੇ ਅਰਥ ਹਨ 'ਵਡਿਆਈ ਦੇਣੀ।' ਭਾਵ ਇਹ ਹੈ ਕਿ ਅਕਾਲ ਪੁਰਖ ਜੀ ਨਾਲ ਜੋ ਗੁਰੂ ਜੀ ਦਾ ਪ੍ਰੇਮ ਸੀ ਉਸ ਤੇ ਰੀਝ ਕੇ ਆਪ ਗੁਰੂ ਜੀ ਨੂੰ ਉਹ ਪਿਆਰ ਕਰ ਰਹੇ ਹਨ ਜੋ ਕਿ ਪਿਤਾ ਪੁੱਤਰ ਨੂੰ ਕਰ ਸਕਦਾ ਹੈ। ਅਸੀਂ ਪਿਤਾ ਪੁੱਤਰ ਪ੍ਰੇਮ ਦੇ ਜਾਣੂ ਹਾਂ ਤੇ ਇਸ ਤੋਂ ਪ੍ਰੇਮ ਦੀ ਅਵਧੀ ਨੂੰ ਸਮਝ ਸਕਦੇ ਹਾਂ। ਇਸ ਕਰਕੇ ਪਦ ਪੁੱਤਰ ਦਾ ਆਯਾ ਹੈ, ਪੁੱਤਰ ਪਿਤਾ ਦਾ ਸਰੂਪ ਹੁੰਦਾ ਹੈ ਕਿਉਂਕਿ ਪਿਤਾ ਜਾ ਆਤਮਜ ਹੁੰਦਾ ਹੈ। ਪੁੱਤਰ ਦੇ ਨਾਲ ਪਦ ਨਿਵਾਜਣ ਆਯਾ ਹੈ, ਜਿਸ ਤੋਂ ਸਰੀਰ ਧਾਰੀ ਹੋ ਕੇ ਸਰੀਰ ਤੋਂ ਸਰੀਰ ਉਪਜਣ ਵਾਲੇ ਪਿਤਾ ਪੁੱਤਰ ਦੇ ਸਬੰਧ ਵਾਲੀ ਸੰਭਾਵਨਾ ਨਹੀਂ ਹੁੰਦੀ, ਪ੍ਰੰਤੂ ਪਰਮ ਪ੍ਰੇਮ ਦੀ ਪੂਰਨਤਾ ਵਿਦਤ ਹੁੰਦੀ ਹੈ। ਭਗਤੀ ਉਹ ਪਰਵਾਨ ਸਮਝੀ ਦੀ ਹੈ ਕਿ ਭਗਤ ਦੇ ਪ੍ਰੇਮ ਤੇ ਰੀਝ ਕੇ

ਵਾਹਿਗੁਰੂ ਵੀ ਉਸ ਨੂੰ ਪਿਆਰ ਕਰਨ ਲੱਗ ਪਵੇ। ਇਸ ਪੂਰਨ ਪ੍ਰੇਮ ਵਿਚ ਗੁਰੂ ਜੀ ਵੱਲੋਂ ਅਵਧੀ ਇਹ ਹੋਈ ਕਿ ਦੋ ਤੋਂ ਇਕ ਰੂਪ ਹੋ ਗਏ, ਆਪਾ ਸਾਰਾ ਆਪਣੇ ਪਿਆਰੇ ਵਿਚ ਲੀਨ ਹੋ ਗਿਆ। ਭਗਵੰਤ ਵਲੋਂ ਪ੍ਰੇਮ ਉਹ ਹੋਇਆ ਕਿ ਇਕ ਰੂਪ ਹੋ ਗਏ। ਉਸ ਇਕ ਰੂਪਤਾ ਨੂੰ ਖਿਆਲ ਵਿਚ ਸਮਝਣੇ ਲਈ ਸਾਡੇ ਹਿਰਦਿਆਂ ਵਿਚ ਪਿਤਾ ਪੁੱਤਰ ਪ੍ਰੇਮ ਦਾ ਅਨੁਭਵ ਹੋਣ ਕਰਕੇ ਇਸ ਭਾਵ ਵਿਚ ਦਿਖਾਇਆ ਗਿਆ। ਸੋ ਸਚਖੰਡ ਦੀ ਆਪਣੇ ਤੇ ਵਾਹਿਗੁਰੂ ਜੀ ਦੇ ਅਗੰਮੀ ਖੇਡ ਨੂੰ ਐਉਂ ਦੱਸ ਕੇ ਗੁਰੂ ਜੀ ਫੁਰਮਾਉਂਦੇ ਹਨ - ਇਹ ਕਾਰਨਿ ਪ੍ਰਭ ਮੋਹਿ ਪਠਾਯੋ। ਤਬ ਮੈ ਜਗਤ ਜਨਮੁ ਧਰਿ ਆਯੋ॥ ਫਿਰ ਜਗਤ ਵਿਚ ਆਪਣੇ ਆਉਣ ਦਾ ਹਾਲ ਇਸ ਪ੍ਰਕਾਰ ਦੱਸਦੇ ਹਨ ਕਿ ਸਾਡੇ ਪਿਤਾ ਜੀ ਪੂਰਬ ਨੂੰ ਗਏ, ਪ੍ਰਯਾਗ ਰਾਜ ਪਹੁੰਚੇ, ਉਥੇ ਕੁਛ ਸਮਾਂ ਟਿਕੇ ਤੇ ਬਹੁਤ ਦਾਨ ਪੁੰਨ ਕੀਤੇ। ਸਤਿਗੁਰੂ ਜੀ ਦੇ ਦਾਨ ਕਈ ਪ੍ਰਕਾਰ ਦੇ ਸਨ, ਜਿਨ੍ਹਾਂ ਨੂੰ ਦੋਂਹ ਨਾਮਾ ਵਿਚ ਵਰਣਨ ਕਰ ਸਕਦੇ ਹਾਂ, ਇਕ ਜੀਅ ਦਾਨ, ਦੂਜੇ ਪ੍ਰਾਣ ਦਾਨ। ਜੀਅ ਦਾਨ ਵਿਚ ਪਾਪੀਆਂ ਦੀ ਰੁਚੀ ਪਾਪ ਤੋਂ ਮੋੜ ਦੇਣੀ। ਨਾਮ ਵਿਚ ਲਗਾ ਦੇਣਾ, ਰੂਹਾਨੀ ਜੀਵਨ ਦੀ ਛੁਹ ਬਖਸ਼ ਕੇ ਜੀਵਾ ਕਰ ਦੇਣਾ, ਆਦਿਕ ਦਾਨ ਸ਼ਾਮਲ ਹਨ। ਪ੍ਰਾਣ ਦਾਨ ਵਿਚ, ਅੰਨ ਦਾਨ, ਬਸਤ੍ਰ ਦਾਨ, ਪਦਾਰਥ ਦਾਨ ਆਦਿਕ ਆ ਜਾਂਦੇ ਹਨ। ਫਿਰ ਗੁਰੂ ਜੀ ਦੱਸਦੇ ਹਨ ਕਿ ਪਟਨੇ ਵਿਚ ਸਾਡਾ ਭਵ ਹੋਇਆ, 'ਭਵ' ਦਾ ਅਰਥ ਹੈ ਆਤਮ ਮੰਡਲ ਤੋਂ ਦਿਸਦੇ ਜਗਤ ਵਿਚ ਪ੍ਰਗਟ ਹੋ ਜਾਣਾ। ਫਿਰ ਆਪ ਦੱਸਦੇ ਹਨ ਕਿ ਸਾਨੂੰ ਪੰਜਾਬ ਵਿਚ ਲੈ ਆਏ, ਜਿੱਥੇ ਸਾਡੀ ਪਾਲਣਾ ਤੇ ਸਿਖਿਆ ਬਹੁਤ ਸੋਹਣੀ ਤਰ੍ਹਾਂ ਹੋਈ, ਤੇ ਜਦੋਂ ਅਸੀਂ ਕੁਛ ਸਿਆਣੀ ਵਰੇਸ ਵਿਚ ਆਏ ਤਾਂ ਪਿਤਾ ਜੀ ਸਚਖੰਡ ਨੂੰ ਚਲੇ ਗਏ। ਫਿਰ ਆਪ ਧਰਮ ਚਲਾਉਣ ਤੇ ਪਾਂਵਟੇ ਜਾਣ ਤੇ ਭੰਗਾਣੀ ਦੇ ਜੁੱਧ ਆਦਿਕਾਂ ਦੇ ਪ੍ਰਸੰਗ ਲਿਖਦੇ ਹਨ। ਸੋ ਅਵਤਾਰ ਕਥਾ ਤਾਂ ਐਤਨੀ ਹੈ। ਇਸ ਕਥਾ ਵਿਚ ਸਾਨੂੰ ਇਕ ਤੁਕ ਇਸ ਭਾਵ ਦੀ ਮਿਲਦੀ ਹੈ ਕਿ ਅਕਾਲ ਪੁਰਖ ਨੇ ਆਪ ਨੂੰ ਧਰਮ ਚਲਾਉਣ ਤੇ ਕਬੁੱਧ ਕਰਨ ਤੋਂ ਮਾੜੇ ਲੋਕਾਂ ਨੂੰ ਹਟਾਉਣ ਵਾਸਤੇ ਘੱਲਿਆ ਸੀ, ਸੋ ਸਾਰੀ ਆਯੂ ਆਪ ਦੀ ਇਸੇ ਹੁਕਮ ਪਾਲਣ ਤੇ ਖਰਚ ਹੋਈ। ਕੁਬੁਧ ਕਰਨ ਤੋਂ ਹਟਾਣਾ ਦੋ ਤਰ੍ਹਾਂ ਦਾ ਹੋ ਸਕਦਾ ਹੈ - 1, ਪ੍ਰੇਰਨਾ ਤੇ ਉਪਦੇਸ਼ ਨਾਲ 2. ਜੇ ਉਪਦੇਸ਼ ਨੂੰ ਲੋਕੀਂ ਨਾ ਮੰਨਣ ਯਾ ਜੋ ਦੁਰਾਚਾਰੀ ਜਗਤ ਨੂੰ ਦੁਖ ਦੇਣ ਵਿਚ ਕਠੋਰ ਹੋ ਗਏ ਹੋਣ ਉਨ੍ਹਾਂ ਨੂੰ ਅਮਲੀ ਤੌਰ ਤੇ ਹਟਾ ਦੇਣਾ ਜੋ ਹੱਥੀਂ ਰੋਕਣ ਭੈ ਦੇਣ ਯਾ ਦੰਡ ਦੇਣ ਨਾਲ ਹੁੰਦਾ ਹੈ। ਇਸ ਕੰਮ ਵਿਚ ਜੇ ਆਪਾ ਵਾਰਨਾ ਪਏ ਤਾਂ ਵਾਰ ਦੇਣਾ ਵੀ ਪੈਂਦਾ ਹੈ, ਤੇ ਇਹ ਸਾਰਾ ਕੁਛ ਪਰ ਹਿਤ ਉਪਕਾਰ ਲਈ ਕਰਨਾ ਹੁੰਦਾ ਹੈ। ਸੋ ਜੇ ਆਪ ਦੇ ਜੀਵਨ ਨੂੰ ਪੜ੍ਹੀਏ ਤਾਂ ਅਨੇਕਾਂ ਕਾਰਜਾਂ ਦੇ ਵਿਚ ਜੋ ਇਸ ਆਸ਼ੇ ਦੇ ਸਨ ਸਭ ਤੋਂ ਵੱਡਾ ਕਾਰਜ ਇਕ ਪੰਥ ਰਚ ਦੇਣ ਦਾ ਸੀ, ਜਿਸ ਦੀ ਨੀਂਹ ਆਪ ਨੇ ਅਕਾਲ ਪੁਰਖ ਦੇ ਪ੍ਰੇਮ ਤੇ ਰੱਖ ਕੇ ਪਰਉਪਕਾਰ ਦੀ ਡਾਟ ਲਗਾਈ ਅਤੇ ਅਭੈ ਕੌਮ ਦੀ ਇਮਾਰਤ ਰਚ ਦਿਖਾਈ। ਜਿਸ ਦਾ ਆਸ਼ਾ ਭਗਤ ਨੂੰ ਸੁਖ ਦੇਣਾ ਹੈਸੀ। ਇਕ ਮੁਰਦਾ ਕੌਮ ਵਿਚ ਜਾਨ ਭਰ ਕੇ ਉਸਨੂੰ ਸੁਤੰਤਰ ਕਰ ਦੇਣਾ ਅਰ ਸਦੀਆਂ ਦੀ ਗੁਲਾਮੀ ਤੋਂ ਛੁਡਾ ਦੇਣਾ ਇਹ ਉਸਦਾ ਫਲ ਸੰਸਾਰ ਵਿਚ ਪ੍ਰਤੱਖ ਲੱਗਾ। ਸਾਰੀ ਕਥਾ ਲਈ ਤਾਂ ਮਹੀਨੇ ਲੋੜੀਏ ਪਰ ਇਕ ਛੋਟਾ ਜਿਹਾ ਪ੍ਰਸੰਗ ਅੱਜ ਦੀ ਕਥਾ ਵਿਚ ਵੰਨਗੀ ਮਾਤ੍ਰ ਸੁਣਾ ਕੇ ਕਥਾ ਨੂੰ ਸਮਾਪਤ ਕਰਦਾ ਹਾਂ, ਤਾਕਿ ਸਾਨੂੰ ਇਕ ਸਾਖੀ ਅੱਜ ਹੋਰ ਯਾਦ ਹੋ ਜਾਵੇ ਕਿ ਦਾਤਾ ਗੁਰੂ ਜੀ ਕੈਸੇ ਕਠਨ ਸਮਿਆਂ ਵਿਚ ਕਿਤਨੇ ਨਿਰਭੈਤਾ ਦੇ ਕੰਮ ਕਰ ਦੇਂਦੇ ਸੀ।

ਇਹ ਯਾਦ ਕਰਾ ਦਿਆਂ ਕਿ ਰਾਜ ਔਰੰਗਜ਼ੇਬ ਦਾ ਸੀ ਜਿਸ ਦੇ ਤੇਜ ਦਾ ਸੂਰਜ ਸਿਖਰ ਤੇ ਸੀ, ਮੁਸਲਮਾਨੀ ਤਅੱਸਬ ਜ਼ੋਰਾਂ ਤੇ ਸੀ ਤੇ ਕੋਈ ਉਸਦੇ ਬਲ ਅੱਗੇ ਕੁਸਕ ਨਹੀਂ ਸੀ ਸਕਦਾ। ਕਿਸੇ ਮੁਗਲ ਨੂੰ ਤਾਂ ਕਿਸੇ ਕੀਹ ਆਖ ਸਕਣਾ ਸੀ ਮੁਸਲਮਾਨ ਮਾਤ੍ਰ ਦੀ 'ਹਉਂ' ਦਾ ਅੰਤ ਉਸ ਸਮੇਂ ਦਾਤਾ ਜੀ ਦੇ ਕੌਤਕ ਦੇਖ ਕੇ ਉਨ੍ਹਾਂ ਦੇ ਉਪਕਾਰਾਂ ਦੀ ਜਾਚ ਕਰੋ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਦਿਨ ਦੀਵਾਨ ਵਿਚ ਬੈਠੇ ਸਨ ਕਿ ਦੂਰ ਤੋਂ ਕੋਈ ਦੁਖ ਦੀ ਝੀਣੀ ਬਾਣ ਆਈ। ਕੰਨੀ ਦੁਖ ਦੀ ਸੋ ਪੈਂਦਿਆਂ ਮਿਹਰਾਂ ਵਾਲੇ ਦੇ ਪਰ ਦੁਖ ਸੁਣਨ ਵਾਲੇ ਕੰਮ ਉਧਰ ਲਗ ਗਏ। ਆਵਾਜ਼ ਦੂਰ ਦੀ ਸੀ ਚੋਬਦਾਰ ਨੂੰ ਬੁਲਾਇਆ ਗਿਆ ਤੇ ਹੁਕਮ ਹੋਇਆ ਕੌਣ ਹੈ ਤੇ ਕੀ ਹੈ? ਉਸ ਅਰਜ਼ ਕੀਤੀ, ਪਾਤਸ਼ਾਹ! ਇਕ ਬ੍ਰਾਹਮਣ ਹੈ ਤੇ ਪੀੜਾ ਨਾਲ ਕੁਰਲਾ ਰਿਹਾ ਹੈ। ਹੁਕਮ ਹੋਇਆ ਇਥੇ ਅਸਾਂ ਦੇ ਪਾਸ ਲੈ ਆਓ। ਝੱਟ ਬ੍ਰਾਹਮਣ ਹਾਜ਼ਰ ਕੀਤਾ ਗਿਆ, ਦਾਤਾ ਜੀ ਦੇ ਰਸੀਲੇ ਨੈਣਾਂ ਨੇ ਮਿਹਰ ਨਜ਼ਰ ਪਾਈ ਤੇ ਪੁਛਿਆ, ਹੇ ਦੁਖੀ ਦਿਜ! ਕੀਹ ਪੀੜਾ ਹੈ? ਉਸ ਬ੍ਰਾਹਮਣ ਨੇ ਜੋ ਪੀੜਾ ਸੁਣਾਈ ਕਵੀ ਸੰਤੋਖ ਸਿੰਘ ਜੀ ਨੇ ਐਉਂ ਦਰਸਾਈ ਹੈ -

ਹੇ ਪ੍ਰਭੁ ਹਿੰਦੂ ਧਰਮ ਕੀ ਧੁਜਾ! ਦੀਨ ਦਯਾਲ ਦੀਰਘ

ਬਲ ਭੁਜਾ।

*ਸਭ ਥਲ ਤੇ ਮੈਂ ਹੋਇ ਨਿਰਾਸੀ।*
*ਫਿਰ ਆਯੋ ਰਾਵ ਕੇ ਪਾਸੀ।*
*ਅਤਿ ਅਨਿਆਇ ਮੋਹਿ ਸੰਗ ਕੀਨਾ।*
*ਦੁਸ਼ਟ ਪਠਾਨ ਗਰਬ ਦੁਖ ਦੀਨਾ।*
*ਪੁਰਿ ਹੁਸ਼ੀਆਰ ਨਿਕਟਿ ਇਕ ਬਸੀ।*
*ਬਸੈ ਪਠਾਨ ਤਹਾਂ ਮਤਿ ਨਸੀ।*
*ਮੈਂ ਮੁਕਲਾਇ ਬਧੂ ਕੋ ਡੋਰਾ।*
*ਗਮਨਤ ਜਾਤ ਅਪਨ ਘਰ ਓਰਾ।*
*ਕਰੀ ਬਿਲੋਕਨ ਤਿਨ ਮਮ ਦਾਰਾ।*
*ਛੀਨ ਬਰਜੋ ਲੇ ਸਦਨ ਮਝਾਰਾ।*
*ਮੈ ਬਡ ਊਚੇ ਕੀਨ ਪੁਕਾਰਾ।*
*ਨਰ ਤੇ ਗਹਿਵਾਯੋ ਬਹੁ ਮਾਰਾ।*
*ਤਿਸ ਹਿਤ ਮੈਂ ਬਹੁਤਨ ਢਿਗ ਗਯੋ।*
*ਤੁਰਕ ਜਹਾਂ ਕਹਿ ਧਨ ਤਿਨ ਦਯੋ।*
*ਨਹੀਂ ਫਿਰਾਦ ਲਗਨ ਕਿਤ ਦੀਨ।*
*ਜਿਉਂ ਜਿਉਂ ਜਤਨ ਅਨਿਕ ਮੈਂ ਕੀਨ।*
*ਕਾਜ਼ੀ ਕੋਟਵਾਰ ਢਿਗ ਫਿਰਿਓ।*
*ਕਿਨਹੁੰ ਨਜਾਉਂ ਜਤਨ ਅਨਿਕ ਮੈਂ ਕੀਨ।*
*ਕਾਜ਼ੀ ਕੋਟਵਾਰ ਢਿਗ ਫਿਰਿਓ।*
*ਕਿਨਹੁੰ ਨਜਾਉਂ ਨ ਮੋਰੋ ਕਰਿਓ।*
*ਲਖਿ ਕੈ ਗੁਰ ਹਿੰਦੁਨ ਸਿਰ ਮੌਰ।*
*ਪਰਮ ਦੁਖੀ ਆਇਓ ਇਸ ਠੌਰ।*

ਖਾਲਸਾ ਜੀਓ! ਇਹ ਦੁਖੀ ਬ੍ਰਾਹਮਣ, ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਕਾਜੀ ਆਦਿਕਾਂ ਤੋਂ ਛੁੱਟ ਪਹਾੜੀ ਰਾਜਿਆਂ ਪਾਸ ਵੀ ਗਿਆ, ਪਰ ਕਿਸੇ ਨੇ ਉਸ ਦੀ ਸਹਾਇਤਾ ਨਾ ਕੀਤੀ। ਕੌਣ ਕਰਦਾ? ਰਾਜ ਤੇ ਤੇਜ ਅੱਗੇ ਕੌਣ ਬੋਲ ਸਕਦਾ ਹੈ? ਤੇ ਹਾਕਮਾਂ ਦੀ ਹਾਲਤ ਵੇਖ ਲਓ ਕਿ ਐਡੇ ਅਨਆਇ ਹੋਣ ਪਰ ਵੀ ਕੁਟਵਾਲ ਤੇ ਕਾਜ਼ੀ ਹਿੰਦੂ ਦੀ ਦਾਰ-ਰਸੀ ਨਹੀਂ ਸੀ ਕਰਦੇ। ਸਾਰੇ ਸਜਣੋਂ! ਵੀਚਾਰ ਕਰ ਲਓ ਕਿ ਹਿੰਦੂ ਜਾਤੀ ਲਈ ਕੇਡਾ ਦੁਖਦਾਈ ਸਮਾਂ ਸੀ। ਸਤਿਗੁਰੂ ਜੀ ਦਰਦ ਦੀ ਬਿਰਥਾ ਸੁਣ ਕੇ ਕਿਸੇ ਸੋਚ ਵਿਚ ਸਨ, ਮੱਥੇ ਤੇ ਵੱਟ ਆਏ, ਬੁੱਲ੍ਹਾਂ ਨੇ ਦੰਦ-ਟੁਕ ਖਾਧੀ, ਨੈਣ ਲਾਲੀ ਭਾਹ ਦੇ ਗਏ, ਤੇ ਫੇਰ ਮਸਤਕ ਸਾਫ ਹੋ ਗਿਆ, ਨੂਰਾਨੀ ਚਿਹਰਾ ਨੂਰੀ ਦਮਕ ਵਿਚ ਹੋਰ ਦਮਕਿਆ। ਇੰਨੇ ਚਿਰ ਵਿਚ ਦੁਖੀ ਬ੍ਰਾਹਮਣ ਨੇ ਸਮਝਿਆ ਕਿ ਏਸ ਦਰੋ ਵੀ ਜਵਾਬ ਮਿਲਣ ਲੱਗਾ ਹੈ। ਤਦ ਹੋਰ ਉਚੇ ਪੁਕਾਰਿਆ –

*ਸ੍ਰੀ ਪ੍ਰਭੂ! ਕੈ ਅਬ ਤ੍ਰਿਯ ਕੋ ਪਾਊਂ।*
*ਨਤੁ ਮੈਂ ਦੁਆਰਾ ਅਗ੍ਰ ਜਲ ਜਾਊਂ।*
*ਇਹ ਜੀਵਨ ਧਰਮ ਨਹੀਂ ਅਬ ਮੇਰਾ।*
*ਤੁਮ ਬਿਨ ਜਤਨ ਨਹੀਂ ਕੋ ਹੇਰਾ।*

ਇਹ ਸੁਣ ਕੇ ਆਪਾ ਵਾਰ ਸੁਭਾਵ ਵਾਲੇ ਗੁਰੂ ਜੀ ਮੁਸਕਰਾਏ ਤੇ ਆਖਣ ਲੱਗੇ, ਬ੍ਰਾਹਮਣ ਤੇਰਾ ਕੀ ਨਾਮ ਹੈ? ਬ੍ਰਾਹਮਣ ਨੇ ਕਿਹਾ, ਮੇਰਾ ਨਾਮ ਦੇਵ ਦਾਸ ਹੈ, ਮੈਂ ਸਾਰਸੂਤ ਬ੍ਰਾਹਮਣ ਹਾਂ। ਗੁਰੂ ਜੀ ਬੋਲੇ, ਹੇ ਦੇਵਦਾਸ! ਸੜ ਕੇ ਨਾ ਮਰੋ ਤੇ ਨਾ ਚਿੰਤਾ ਦੀ ਅੱਗ ਵਿਚ ਮਨ ਨੂੰ ਜਲਾਓ। ਹੌਂਸਲਾ ਕਰੋ, ਤੇਰੇ ਤੇ ਅਨਿਆਇ ਹੋਇਆ ਹੈ, ਅਸੀਂ ਇਸ ਦੇ ਠੀਕ ਕਰਨ ਦਾ ਉਪਰਾਲਾ ਕਰਦੇ ਹਾਂ। ਜਿਵੇਂ ਕਿਵੇਂ ਹੋ ਸਕਿਆ ਤੇਰੀ ਇਸਤ੍ਰੀ ਤੈਨੂੰ ਲੈ ਦੇਵਾਂਗੇ। ਬ੍ਰਾਹਮਣ ਨੇ ਸੁਖ ਦਾ ਲੰਮਾ ਸਾਹ ਲਿਆ, ਵਗਦੇ ਨੈਣ ਪੂੰਝੇ ਤੇ ਧਰਤੀ ਤੇ ਸਿਰ ਰੱਖ ਕੇ ਕਿਹਾ, ਹੇ ਬੰਦੀ ਛੋੜ ਤੂੰ ਧੰਨ ਹੈਂ, ਹੇ ਗਰੀਬ ਨਿਵਾਜ ਤੂੰ ਧੰਨ ਹੈਂ।

ਹੁਣ ਗੁਰੂ ਜੀ ਦੇ ਕੌਤਕ ਵਲ ਸਾਧ ਸੰਗਤ ਜੀ! ਨਜ਼ਰ ਮਾਰਨੀ। ਕਿਸੇ ਸਤੋਗੁਣੀ ਪੁਰਖ ਦਾ ਕੰਦਰਾ ਵਿਚ ਬੈਠ ਕੇ ਕਹਿ ਦੇਣਾ ਕਿ ਇਹ ਕਿਆ ਪਰਮਾਰਥ ਹੈ ਕਿ ਜੁੱਧ ਦਾ ਸਾਮਾਨ ਅਵਤਾਰ ਤੇ ਸੰਤ ਹੋ ਕੇ ਕਰਨ ਲੱਗੇ ਹਨ, ਸੌਖਾ ਹੈ। ਪਰ ਜ਼ਰਾ ਅੰਦਾਜ਼ਾ ਕਰੋ ਬ੍ਰਾਹਮਣ ਦੀ ਦਿਲ ਪੀੜਾ ਦਾ ਅਰ ਉਸ ਅਨਰਥ ਦਾ ਜੋ ਰੋਜ਼ ਵਰਤਦਾ ਹੈ, ਜਿਸ ਦਾ ਤਦਾਰਕ (ਰੋਕ) ਨਾ ਹਿੰਦੂ ਰਾਜੇ ਕਰਦੇ ਹਨ, ਨਾ ਹਿੰਦੂ ਸੰਤ ਮਹਾਤਮਾ ਕਰਦੇ ਹਨ, ਤੇ ਜਨਤਾ ਵਿਚ ਬਲ ਕੋਈ ਨਹੀਂ। ਅੱਜ ਤਾਂ ਸਾਰੇ ਸਿਆਣੀਆਂ ਗੱਲਾਂ ਕਰ ਸਕਦੇ ਹਨ, ਪਰ ਛਿਨ ਭਰ ਲਈ ਉਹ ਸਮਾਂ ਅੱਖਾਂ ਅੱਗੇ ਲਿਆਓ ਤੇ ਦੇਖੋ ਕਿ ਅਸਲ ਰਾਜਾ ਗੁਰੂ ਗੋਬਿੰਦ ਸਿੰਘ ਹੈ ਜੋ ਅਨਿਆਇ ਨੂੰ ਹਰਨ ਲਈ ਦਮ ਭਰਦਾ ਹੈ। ਅਸਲ ਸਾਧੂ ਸਾਹਿਬ ਗੁਰੂ ਗੋਬਿੰਦ ਸਿੰਘ ਹੈ ਜੋ ਜ਼ਖਮੀ ਦਿਲ ਤੇ ਸ਼ਾਂਤੀ ਮਲ੍ਹਮ ਲਗਾਉਂਦਾ ਹੈ। ਅਸਲ ਸੰਨਿਆਸੀ ਗੁਰੂ ਗੋਬਿੰਦ ਸਿੰਘ ਹੈ ਜੋ ਪਰ ਪੀੜਾ ਲਈ ਆਪਾ ਵਾਰਦਾ ਹੈ। ਦੇਖੋ ਪਰ ਪੀੜਾ ਤੇ ਆਪਾ ਵਾਰਨ ਤੋਂ ਵਧੀਕ ਗੱਲ ਸੁਹਣਿਆਂ ਦਾ ਸੁਲਤਾਨ ਕਰਨ ਲੱਗਾ ਜੇ। ਹੁਕਮ ਹੁੰਦਾ ਹੈ ਅਜੀਤ ਸਿੰਘ ਜੀ ਨੂੰ ਬੁਲਾਓ। ਕੌਣ ਹੈ ਅਜੀਤ ਸਿੰਘ? ਕੋਈ ਜਮਾਦਾਰ, ਸੂਬੇਦਾਰ, ਫੌਜ ਦਾ ਸੈਨਾਪਤਿ? ਨਹੀਂ। ਕੋਈ ਨੌਕਰ ਚਾਕਰ ਗੈਰ ਸੂਰਮਾ? ਨਹੀਂ ਆਪਣਾ ਲਖਤੇ ਜਿਗਰ ਹੈ, ਆਪਣਾ ਵੱਡਾ ਪੁੱਤਰ ਹੈ। ਵਰੇਸ ਕਿੰਨੀ ਕੁ ਹੈ? ਅਜੇ ਬੀਸ ਬਰਸ ਦੇ ਨਹੀਂ। ਸਾਹਿਬ ਅਜੀਤ ਸਿੰਘ ਜੀ ਹਾਜ਼ਰ ਹੁੰਦੇ ਹਨ। ਸ਼ਸਤਰ ਸਜੇ ਹਨ, ਸੁੰਦਰਤਾ ਤੇ ਤੇਜ

ਭੁਲ੍ਹ ਭੁਲ੍ਹ ਪੈ ਰਹੇ ਹਨ, ਅਸਲ ਸੰਨਿਆਸੀ ਪਿਤਾ ਦੇ ਰਸੀਲੇ ਨੈਣ ਪੁੱਤਰ ਤੇ ਪੈਂਦੇ ਹਨ ਤੇ ਆਗਿਆ ਹੁੰਦੀ ਹੈ, ਬੇਟਾ! ਅਕਾਲ ਪੁਰਖ ਦਾ ਹੁਕਮ ਹੈ, ਜਾਹਿ ਤਹਾਂ ਤੈ ਧਰਮ ਚਲਾਇ। ਕੁਬੁਧ ਕਰਨ ਤੇ ਲੋਕ ਹਟਾਇ। ਇਸ ਬ੍ਰਾਹਮਣ ਦੀ ਇਸਤ੍ਰੀ ਬਸੀ ਦੇ ਜਾਬਰ ਖਾਂ ਪਠਾਣ ਨੇ ਖੋਹ ਲਈ ਹੈ। ਉਸ ਤੋਂ ਖੱਸ ਕੇ ਇਸ ਦੀ ਇਸਤ੍ਰੀ ਇਸਨੂੰ ਦਿਵਾਉਣੀ ਹੈ, ਕਬੁੱਧ ਕਰਨੋਂ ਅਮਲੀ ਤੌਰ ਤੇ ਹਟਾਉਣ ਦਾ ਸਮਾਂ ਇਹ ਹੈ। ਨਾਲ ਸਿੰਘ ਲੈ ਜਾਓ, ਬਸੀ ਪਹੁੰਚੇ, ਪਠਾਣ ਤੇ ਇਸਤ੍ਰੀ ਪਕੜ ਕੇ ਲੈ ਆਓ। ਬਿਜਲੀ ਦੀ ਤੇਜ਼ੀ ਵਾਂਗੂੰ ਜਾ ਪਓ, ਆਂਦੇ ਜਾਂਦੇ ਨਾ ਪਤਾ ਲੱਗੇ, ਬੱਸ ਕਾਰਜ ਕਰਨਾ ਹੈ ਤੇ ਫੁਰਤੀ ਦਾ ਕੰਮ ਹੈ।

ਪਿਤਾ ਗੁਰੂ ਦਾ ਦੱਸਿਆ ਕਠਨ ਕੰਮ ਸੁਣ ਕੇ ਸਾਹਿਬ ਅਜੀਤ ਸਿੰਘ ਦੇ ਮੱਥੇ ਤੇ ਸੋਚ ਤੇ ਉਦਾਸੀ ਦੀ ਛਾਇਆ ਨਹੀਂ ਫਿਰੀ। ਮੱਥਾ ਬੀਰ ਰਸੀ ਉਤਸ਼ਾਹ ਨਾਲ ਚਮਕਿਆ, ਖੜਗ ਦੀ ਟੇਕ ਲੈ ਉਠੇ, ਪਿਤਾ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਹਾਂ ਪਰਮ ਸੰਨਿਆਸੀ, ਪਰਮ ਤਿਆਗੀ ਪਿਤਾ ਨੇ, ਜਿਸ ਨੇ ਪਰ ਹਿਤ ਲਈ ਪੁੱਤ੍ਰ ਪ੍ਰੇਮ ਵੀ ਸਦਕੇ ਕਰ ਰੱਖਿਆ ਹੈ, ਛਾਤੀ ਨਾਲ ਪੁੱਤਰ ਦਾ ਸਿਰ ਲਾਇਆ, ਪਿਆਰ ਦਿਤਾ ਤੇ ਆਖਿਆ - ਸ੍ਰੀ ਅਸਿਧੁਜ ਦੀ ਰਖਿਆ ਤੇਰੇ ਅੰਗ ਸੰਗ ਆਪ, ਜਾਓ ਬੇਟਾ! ਪਰਸਵਾਰਥ ਵਿਚ ਸ਼੍ਰਮ ਘਾਲੋ।

ਇਉਂ ਅਸੀਸ ਲੈ ਕੇ ਨੌਂ-ਨਿਹਾਲ ਲਾਲ ਜੀ ਬਾਹਰ ਆਏ, ਸੌ ਅਸਵਾਰ ਨਾਲ ਤਿਆਰ ਕੀਤਾ, ਦੁਖੀ ਬ੍ਰਾਹਮਣ ਨੂੰ ਇਕ ਘੋੜੇ ਤੇ ਬਿਠਾ ਕੇ ਨਾਲ ਲਿਆ, ਜੋ ਰਸਤਾ ਤੇ ਘਰ ਤੇ ਉਸ ਪਠਾਣ ਦੀ ਸਿਾਣ ਦੱਸੇ, ਤੇ ਕੂਚ ਬੋਲ ਦਿਤੀ। ਸਾਧ ਸੰਗਤ ਜੀ! ਕੌਣ ਹੈ ਇਸ ਵੇਲੇ ਜੋ ਇਕ ਬੇਪਤਾ ਬ੍ਰਾਹਮਣ ਦੀ ਇਸਤ੍ਰੀ ਖਾਤਰ ਔਰੰਗਜ਼ੇਬ ਦੇ ਮੱਧਜਾਨ ਤੇ ਚਮਕ ਰਹੇ ਸੂਰਜ ਦੇ ਸਮੇਂ ਪੁੱਤਰ ਦੀ ਜਾਨ ਖਤਰੇ ਵਿਚ ਪਾਵੇ, ਪਰ ਧਰਮ ਧੁਰੰਦਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੂੰ ਇਹ ਕੁਝ ਸੌਜਦਾ ਹੈ - ਗੱਜ ਕੇ ਆਖੋ, ਤੇਰੀ ਉਪਮਾ ਤੋਹਿ ਬਨਿ ਆਵੈ।

ਦੋ ਘੜੀ ਦਿਨ ਬਾਕੀ ਸੀ ਜਦੋਂ ਸੂਰਮੇਂ ਅਜੀਤ ਸਿੰਘ ਜੀ ਫੌਜ ਦਾ ਦਸਤਾ ਨਾਲ ਲੈ ਕੇ ਟੁਰੇ ਹੋਏ ਸਤਿਲੁਜੋਂ ਪਾਰ ਹੋਏ। ਬੰਦੂਕਾਂ ਕੱਸੀਆਂ ਤਿਆਰ ਹਨ। ਇਕ ਸ਼ਲਕ ਲਈ ਗੋਲੀਆਂ ਭਰੀਆਂ ਹੋਈਆਂ ਹਨ। ਟੁਰੇ ਜਾਂਦੇ ਹਨ ਰਾਤ ਦੇ ਅੰਧੇਰੇ ਵਿਚ ਚਾਨਣਾ ਦੇਣ ਵਾਲੇ ਗੁਰੂ ਦੇ ਸਪੂਤ, ਜਿੱਥੋਂ ਕਿਤੇ ਰਾਹ ਦਾ ਸ਼ੱਕ ਪਵੇ, ਪਿੰਡ ਦੇ ਆਦਮੀ ਜਗਾ ਕੇ ਪਤਾ ਕਰਦੇ ਹਨ ਤੇ ਟੁਰੇ ਜਾਂਦੇ ਹਨ। ਦਿਨ ਭੀ ਅਜੇ ਚੜ੍ਹਨੋਂ ਅਲਸਾ ਰਿਹਾ ਸੀ ਕਿ ਬਸੀ ਪਠਾਨਾਂ ਦੀ ਤੇ ਆਪ ਜਾ ਪਹੁੰਚੇ। ਲਾਲ ਜੀ ਅੱਖਰ ਅੱਖਰ ਪਿਤਾ ਜੀ ਦਾ ਹੁਕਮ ਕਮਾਉਣਾ ਚਾਹੁੰਦੇ ਸਨ। ਆਪ ਦਾ ਆਸ਼ਯ ਇਹ ਸੀ ਕਿ ਐਡਾ ਅਚਾਨਕ ਜਾ ਕੇ ਪਵਾਂ ਕਿ ਜੰਗ ਦਾ ਘੱਟ ਤੋਂ ਘੱਟ ਸਮਾਂ ਬਣੇ। ਸੋ ਐਸਾ ਹੀ ਹੋਇਆ। ਲੋਕਾਂ ਦੇ ਸੁੱਤੇ ਪਏ ਪਹੁੰਚ ਗਏ। ਤਦੇ ਹੀ ਪਤਾ ਲਗਾ ਜੋ ਪਠਾਣਾਂ ਦੀ ਹਵੇਲੀ ਦੇ ਬੂਹੇ ਤਰੁੱਟ ਪਏ ਤੇ ਬਸੀ ਵਿਚ ਭਾਰੀ ਖੜਾਕ ਹੋ ਕੇ ਪਠਾਣ ਜਾਗੇ। ਇਕ ਦਮ ਆ ਪਏ, ਆ ਪਏ, ਸਿੱਖ ਆ ਪਏ, ਦੀ ਆਵਾਜ਼ ਗੂੰਜ ਗਈ। ਕੁਝ ਪਠਾਣ ਤਾਂ ਘਰਾਂ ਦੇ ਅੰਦਰ ਹੀ ਦਬਕ ਗਏ ਇਕ ਬਾਹਰ ਕੌਣ ਨਿਕਲੇ। ਕੋਈ ਜੋ ਬਾਹਰ ਨਿਕਲੇ, ਸਨੱਧ ਬੱਧ ਸੈਨਾ ਦੇਖ ਕੇ ਖਿਸਕੰਤ ਹੋ ਗਏ। ਕਿਸੇ ਦਾ ਹੌਂਸਲਾ ਮੁਕਾਬਲਾ ਕਰਨੇ ਦਾ ਨਾ ਪਿਆ। ਜੇ ਕਿਸੇ ਨੇ ਸਾਮ੍ਹਣਾ ਕੀਤਾ ਤਾਂ ਮੂੰਹ ਦੀ ਖਾਧੀ। ਸਿੰਘਾਂ ਨੇ ਹਵੇਲੀ ਤੋੜੀ, ਅੰਦਰ ਗਏ, ਪਹਿਰੇ ਦੇ ਆਦਮੀ ਮੁਸ਼ਕਾਂ ਨਾਲ ਬੰਨ੍ਹ ਲਏ ਸਨ। ਹੁਣ ਸਿੱਧੇ ਖਾਂ ਸਾਹਿਬ ਦੇ ਸੌਣ ਦੇ ਕਮਰੇ ਉਸਨੂੰ ਪਲੰਘ ਤੋਂ ਘਾਬਰ ਕੇ ਉਠੇ ਐਧਰ ਉਧਰ ਭਜਦੇ ਫਿਰਦੇ ਨੂੰ ਜਾ ਨੱਪਿਆ। ਬ੍ਰਾਹਮਣ ਨੇ ਪਛਾਣ ਕੀਕੀ ਕਿ ਇਹੀ ਹੈ। ਉਸ ਨੇ ਮੰਨਿਆ ਕਿ ਮੇਰਾ ਨਾਮ ਹੀ ਜਾਬਰ ਖਾਂ ਹੈ। ਫਿਰ ਇਸਤ੍ਰੀ ਪਛਾਣੀ ਹੋਰ ਉਸ ਦੀਆਂ ਜ਼ਨਾਨੀਆਂ ਤੋਂ ਪੁੱਛ ਕੀਤੀ, ਉਨ੍ਹਾਂ ਤੋਂ ਤਸੱਲੀ ਕਰਵਾਈ, ਤਦ ਬ੍ਰਾਹਮਣੀ ਭੀ ਨਾਲ ਫੜ ਲਈ, ਬਾਕੀ ਘਰ ਦੀ ਕਿਸੇ ਤ੍ਰੀਮਤ ਨੂੰ ਕੁਛ ਨਾ ਕਿਹਾ, ਉਨ੍ਹਾਂ ਦੇ ਕਿਸੇ ਪਦਾਰਥ ਨੂੰ ਹੱਥ ਨਾ ਲਾਇਆ। ਦੋਹਾਂ ਨੂੰ ਲੈ ਕੇ ਬਾਹਰ ਆਏ, ਆਪਣੇ ਫੌਜੀ ਦਸਤੇ ਦੀ ਸਫ ਬੱਧੀ। ਦੋਹਾਂ ਨੂੰ ਵਿਚਕਾਰ ਲੈ ਕੇ ਘੋੜਿਆਂ ਤੇ ਬਿਠਾ ਕੇ ਕੂਚ ਕੀਤੀ। ਜਿਥੋਂ ਤਕ ਵੱਸ ਚਲਿਆ ਜੰਗ ਨਹੀਂ ਕੀਤਾ, ਪਰ ਜੇ ਕਿਸੇ ਅੱਗੋਂ ਮੁਕਾਬਲਾ ਕੀਤਾ ਤਾਂ ਵਾਰ ਝਾੜਿਆ, ਐਉਂ ਲਗ ਭਗ ਸਾਫ ਹੀ ਨਿਕਲ ਆਏ, ਤੇ ਉਸੇ ਦਿਨ ਆਨੰਦਪੁਰ ਆ ਪਹੁੰਚੇ। ਜਦੋਂ ਸਤਿਗੁਰੂ ਜੀ ਦੇ ਦੀਵਾਨ ਵਿਚ ਆਏ ਤਾਂ ਹੋਣਹਾਰ ਨੌਂ-ਨਿਹਾਲ ਨੇ ਦੁਇ ਪਠਾਣ ਤੇ ਬ੍ਰਾਹਮਣੀ ਸਭਾ ਵਿਚ ਪੇਸ਼ ਕੀਤੇ।

ਨਿਆਏਸ਼ੀਲ ਦਾਤਾ ਜੀ ਨੇ ਜਾਬਰ ਖਾਂ ਨੂੰ ਉਸ ਦੀਆਂ ਇਹ ਤੇ ਅਗਲੀਆਂ ਪਿਛਲੀਆਂ ਬਦੀਆਂ ਦੇ ਬਦਲੇ

ਦੰਡ ਦਿਤਾ। ਜਾਬਰ ਖਾਂ ਜਿਸ ਨੇ ਜ਼ੁਲਮ ਦਾ ਬਜ਼ਾਰ ਗਰਮ ਕਰ ਰੱਖਿਆ ਸੀ, ਤੀਰ ਦੇ ਘਾਟ ਉਤਾਰਿਆ ਗਿਆ ਤੇ ਬ੍ਰਾਹਮਣੀ ਬ੍ਰਾਹਮਣ ਨੂੰ ਦਿਵਾਈ ਗਈ। ਤਵਾਰੀਖ ਖਾਲਸਾ ਵਿਚ ਲਿਖਿਆ ਹੈ ਕਿ ਬ੍ਰਾਹਮਣੀ ਨੂੰ ਉਸ ਦੇ ਭਾਈਚਾਰੇ ਵਿਚ ਵੀ ਮਿਲਾਇਆ ਗਿਆ। ਜਾਪਦਾ ਹੈ ਕਿ ਬ੍ਰਾਹਮਣ ਨੂੰ ਜਾਂ ਇਸਤ੍ਰੀ ਮਿਲ ਗਈ, ਤਦ ਉਸਦੀ ਦੂਸਰੀ ਮੁਸ਼ਕਲ ਇਹ ਸੀ ਕਿ ਉਹ ਜੋ ਤੁਰਕ ਦੇ ਘਰ ਰਹਿ ਆਈ ਹੈ, ਚਾਹੇ ਉਹ ਮੱਲੋ ਮੱਲੀ ਲਿਜਾਈ ਗਈ ਬੇਦੋਸ਼ ਸੀ ਪਰ ਉਹ ਹੁਣ ਮੁੜ ਹਿੰਦੂ ਨਹੀਂ ਹੋ ਸਕਦੀ। ਇਸ ਬਿਪਤਾ ਨੂੰ ਦੂਰ ਕਰਨ ਲਈ ਆਨੰਦਪੁਰ ਹੀ ਉਹ ਸ਼ੁੱਧ ਕੀਤੀ ਗਈ ਤੇ ਆਨੰਦਪੁਰ ਵਿਚ ਵਸਦੇ ਬ੍ਰਾਹਮਣ ਭਾਈਚਾਰੇ ਵਿਚ ਵੀ ਅਭੇਦ ਵਰਤਾਈ ਗਈ ਤਾਂ ਕਿ ਜਦੋਂ ਬ੍ਰਾਹਮਣ ਹੁਸ਼ਿਆਰਪੁਰ ਆਪਣੇ ਘਰ ਅੱਪੜੇ ਤਾਂ ਉਸਦਾ ਟੱਬਰ ਕਬੀਲਾ ਉਸਨੂੰ ਛੇਕ ਨਾ ਦੇਵੇ। ਤੇ ਉਹ ਹੋਰ ਕਸ਼ਟ ਵਿਚ ਨਾ ਪਵੇ। ਸਤਿਗੁਰ ਜੀ ਦੀ ਇਸ ਕਰਨੀ ਪਰ ਘਰ ਘਰ ਕੀਰਤ ਫੈਲੀ।

ਅਸਲ ਵਿਚ ਸਾਧਸੰਗਤ ਜੀ! ਅੱਜ ਕਲ੍ਹ ਉਨ੍ਹਾਂ ਸਮਿਆਂ ਨੂੰ ਛੇਤੀ ਨਾਲ ਸਮਝ ਸਕਣਾ ਕਠਨ ਹੈ। ਸਦੀਆਂ ਦੀ ਜ਼ੁਲਮ ਦੀ ਤਲਵਾਰ ਨਾਲ ਮਾਰੀਂਦੀ ਹਿੰਦੂ ਜਾਤੀ ਅਤਿ ਦੁਖੀ ਤੇ ਹੀਣੀ ਹੋ ਰਹੀ ਸੀ। ਇਹ ਕਿਸ ਵਿਚ ਖਿਆਲ ਕਰਨ ਦਾ ਹੌਂਸਲਾ ਸੀ ਯਾ ਕਿਸੇ ਨੂੰ ਆਸ ਹੋ ਸਕਦੀ ਸੀ ਕਿ ਕੋਈ ਗੈਰ ਮੁਸਲਿਮ ਕਿਸੇ ਤੁਰਕ ਪਠਾਣ ਤੋਂ ਵੀ ਤਕੜਾ ਤੇ ਹੌਂਸਲੇ ਵਾਲਾ ਹੋਵੇ ਤੇ ਕੋਈ ਖਿਆਲ ਵੀ ਨਹੀਂ ਸੀ ਕਰ ਸਕਦਾ ਕਿ ਕੋਈ ਇਨ੍ਹਾਂ ਨੂੰ ਦੰਡ ਦੇ ਸਕਦਾ ਹੈ। ਇਹ ਮੋਈ ਸੁਰਤ ਦਾ ਜੀਉਂਦੇ ਕਰ ਦੇਣਾ, ਇਹ ਦੇਸ਼ ਦੀ ਗਈ ਸੁਰਤ ਦਾ ਮੁੜ ਵਾਪਸ ਲਿਆ ਦੇਣਆ, ਇਹ ਨਿਤਾਣੀ ਕੌਮ ਵਿਚ ਤਾਣ ਭਰ ਦੇਣੀ ਤੇ ਹੌਂਸਲੇ ਵਧਾ ਦੇਣੇ, ਇਹ ਸਭ ਤੋਂ ਵੱਡਾ ਕੰਮ ਸੀ ਜੋ ਅਸੰਭਵ ਤੋਂ ਗੁਰੂ ਜੀ ਨੇ ਸੰਭਵ ਕਰ ਦਿਖਾਇਆ। ਇਸ ਲਈ ਇਸ ਵਾਕਿਆ ਪਰ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ –

***ਇਸ ਚਰਿਤ੍ਰ ਕੋ ਸੁਨ ਜਗ ਸਾਰਾ।***
***ਸ੍ਰੀ ਸਤਿਗੁਰ ਜਸ ਮਹਿਦ ਉਚਾਰਾ।***
***ਜਥਾ ਚਾਂਦਨੀ ਨਿਰਮਲ ਹੋਤ।***
***ਤਿਮ ਘਰ ਘਰ ਮਹਿ ਸੁਜਸ ਉਦੋਤ।***
***ਮਨਹੁ ਮਾਲਤੀ ਫੂਲਤ ਝੂਲੀ।***
***ਰਾਇਹੇਲ ਕੈ ਸੁੰਦਰ ਫੂਨੀ।***
***ਜਹਿੰ ਜਹਿੰ ਕੀਰਤ ਵਰਨਨ ਕਰਤੇ।***
***ਧੰਨ ਧੰਨ ਪ੍ਰਭੁ ਧੰਨ ਉਚਰਤੇ।***

ਸੋ ਸਾਧਸੰਗਤ ਜੀ! ਪਾਵਨ ਸਤਿਗੁਰ ਦਾ ਅੱਜ ਅਵਤਾਰ ਦਾ ਦਿਨ ਹੋਣ ਕਰਕੇ ਸਾਡੇ ਲਈ ਉਨ੍ਹਾਂ ਦੇ ਜੀਵਨ ਤੇ ਕਰਨੀਆਂ ਨੂੰ ਮੁੜ ਯਾਦ ਕਰਾਉਣ ਵਾਲਾ ਸੁਭਾਗ ਸਮਾਂ ਹੈ। ਹਾਂ, ਅੱਜ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਸਾਂ ਜਸ ਸੁਣਿਆ ਹੈ, ਉਸ ਦੇ ਬਖਸ਼ੇ ਆਦਰਸ਼ਾਂ ਵਿਚੋਂ ਕੁਛਕ ਨੂੰ ਸਮਝਿਆ ਹੈ, ਉਸ ਮੇਹਰਾਂ ਦੇ ਸਾਈਂ ਦੀ ਅਵਤਾਰ ਕਥਾ ਮੁੜ ਚੇਤੇ ਕੀਤੀ ਹੈ ਤੇ ਉਸ ਸੂਰੇ ਸਤਿਗੁਰ ਦੀਆਂ ਕਰਨੀਆਂ ਤੇ ਉਪਕਾਰਾਂ ਦੇ ਸਮੁੰਦਰ ਵਿਚੋਂ ਇਕ ਦੋ ਵਾਰਤਾ ਨੂੰ ਦੁਹਰਾ ਕੇ ਆਪਣੇ ਆਪ ਨੂੰ ਉਸ ਵਰਿਆਮ ਗੁਰੂ ਦੀ ਯਾਦ ਨਾਲ ਪ੍ਰਫੁੱਲਤ ਕੀਤਾ ਹੈ। ਜੋ ਸਮੇਂ ਦੀ ਵਿੱਥ ਕਰਕੇ ਸਾਡੇ ਤੇ ਉਨ੍ਹਾਂ ਵਿਚ ਵਿੱਥ ਭਾਸਦੀ ਹੈ ਹੁਣ ਉਹ ਨਾ ਭਾਸੇ, ਅਸੀਂ ਆਪ ਨੂੰ ਅੱਜ ਉਨ੍ਹਾਂ ਦੀ ਹਜ਼ੂਰੀ ਵਿਚ ਪ੍ਰਤੀਤ ਕਰੀਏ ਤੇ ਉਸ ਜੀਵਨ ਵਿਚ ਉਗਮੀਏ ਜੋ ਉਸ ਪਿਆਰਾਂ ਵਾਲੇ ਪਿਤਾ ਨੇ ਸਾਨੂੰ ਬਖਸ਼ਿਆ ਤੇ ਸਾਨੂੰ ਅਪਣਾ ਕੇ ਆਖਿਆ ਕਿ ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹਉਂ ਕਰਉਂ ਨਿਵਾਸ।

ਮੇਰੀ ਅੰਤ ਪ੍ਰਾਰਥਨਾ ਸਾਰੀ ਸੰਗਤ ਦੀ ਸੇਵਾ ਵਿਚ ਇਹ ਹੈ ਕਿ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸਾਡੇ ਵਿਚ ਪ੍ਰਚਾਰ ਪਾ ਗਈ ਹੈ ਤੇ ਖੁਸ਼ੀ ਹੈ ਕਿ ਦਿਨੋਂ ਦਿਨ ਪ੍ਰਚਾਰ ਵਧ ਰਿਹਾ ਹੈ, ਇਸੇ ਤਰ੍ਹਾਂ ਦਸ਼ਮੇਸ਼ ਜੀ ਦੀ ਬਾਣੀ ਭੀ ਪ੍ਰਚਾਰ ਪਾਵੇ। ਰਹਿਰਾਸ ਵਿਚ ਬਾਣੀ ਆ ਜਾਂਦੀ ਹੈ, ਕੁਛ ਸ੍ਵੈਯੇ ਤੇ ਜਾਪ ਸਾਹਿਬ ਨਿਤਨੇਮ ਵਿਚ ਹੈ। ਇਨ੍ਹਾਂ ਬਾਣੀਆਂ ਦਾ ਪਾਠ ਕਰੀਏ ਤੇ ਵਿਚਾਰੀਏ। ਸਾਨੂੰ ਆਪ ਦੀ ਹੋਰ ਰਚਨਾ ਭੀ ਵਿਸ਼ੇਸ਼ ਧਿਆਨ ਦੇ ਕੇ ਪੜ੍ਹਨੀ ਚਾਹੀਏ। ਰੱਬੀ ਬਾਣੀ ਤਾਂ ਜਪੁਜੀ, ਸ੍ਵੈਯੇ, ਸ਼ਬਦ ਹਜ਼ਾਰੇ ਆਦਿ ਕਈ ਬਾਣੀਆਂ ਦਸ਼ਮੇਸ਼ ਪਿਤਾ ਜੀ ਦੀਆਂ ਹਨ ਬੀਰ ਰਸ ਉਦੀਪਨ ਕਰਨ ਵਾਲੀ ਬਾਣੀ ਭੀ ਹੈ। ਕੌਮ ਵਿਚ ਇਹ ਰਸ ਤਾਜ਼ਾ ਰੱਖਣਾ।

« « « « « « «

# ਕਰਮ ਬੰਧਨ ਤੋਂ ਮੁਕਤੀ
## (Freedom from the Bond of Karma)

***ਡਾ. ਸਵਾਮੀ ਰਾਮ ਜੀ***
***ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ***

### ਅਧਿਆਇ ਸੱਤਵਾਂ

ਮਨ ਤੇ ਮੰਤਰ

ਮੰਤਰ ਦੀ ਸਾਨੂੰ ਕੀ ਲੋੜ ਹੈ? ਮੰਤਰ ਕਿਵੇਂ ਸਾਡੀ ਸਹਾਇਤਾ ਕਰਦਾ ਹੈ? ਮੰਤਰ ਇਕ ਐਸਾ ਅਨੋਖਾ ਐਸਾ ਅਨੂਠਆ ਸ਼ਬਦ ਹੈ, ਵਾਕ ਹੈ ਜਿਸਨੂੰ ਜਦੋਂ ਪੂਰੀ ਤਰ੍ਹਾਂ ਸਮਝ ਕੇ ਧਾਰਨ ਕਰ ਲਿਆ ਜਾਵੇ, ਵਿਧੀ ਅਨੁਸਾਰ ਉਸਨੂੰ ਕੀਤਾ ਜਾਵੇ ਤਾਂ ਇਹ ਤੁਹਾਡੇ ਮਨ ਦੀ ਹਰ ਪੀੜਾ, ਵੇਦਨਾ, ਸੰਤਾਪ ਭਾਵੇਂ ਉਹ ਸਰੀਰਕ ਹੋਵੇ ਭਾਵੇਂ ਮਾਨਸਿਕ ਹੋਵੇ ਜਾਂ ਫੇਰ ਆਤਮਕ ਹੋਵੇ, ਭਾਵ ਕਿਸੇ ਵੀ ਤਰ੍ਹਾਂ ਦੀ ਕਿਉਂ ਨਾ ਹੋਵੇ ਉਸ ਤੋਂ ਛੁਟਕਾਰਾ ਦੁਆ ਦਿੰਦਾ ਹੈ। ਵਾਸਤਵ ਵਿਚ ਇਹ ਤੁਹਾਡਾ ਮਨ ਹੀ ਹੈ ਜਿਹੜਾ ਤੁਹਾਡੇ ਤੇ ਸਤਿ ਵਿਚ ਇਕ ਪੜਦਾ ਹੈ, ਮਨ ਸਦਾ ਹੀ ਖੇਰੂੰ ਰਹਿੰਦਾ ਹੈ, ਸਦਾ ਹੀ ਵਿਕੀਰਣ ਰਹਿੰਦਾ ਹੈ।

ਮੰਤਰ ਸੰਸਕ੍ਰਿਤ ਦਾ ਸ਼ਬਦ ਹੈ ਜਿਹੜਾ "man" ਤੋਂ ਲਿਆ ਗਿਆ ਹੈ ਉਸ ਦੇ ਨਾਲ ਭਰਾ ਜੋੜ ਕੇ ਉਸ ਦਾ ਭਾਵ ਮੁਕਤੀ, ਸੁਤੰਤਰਤਾ ਬਣ ਗਿਆ ਜਿਸ ਦਾ ਅਰਥ ਹੈ ਉਹ ਸ਼ਬਦ ਜਿਹੜਾ ਮੁਕਤ ਹੋਣ ਵਿਚ ਤੁਹਾਡੀ ਸਹਾਇਤਾ ਕਰਦਾ ਹੈ, ਸੰਤਾਪਾਂ ਦੇ ਬੰਧਨ ਤੋਂ ਛੁਟਕਾਰਾ ਦੁਆਉਂਦਾ ਹੈ। ਮੰਤਰ ਇਕ ਮਾਨਸਿਕ ਆਕਾਰ ਹੈ ਰੂਪ ਹੈ, ਪ੍ਰਤੀਬਿੰਬ ਹੈ, ਇਹ ਉਹ ਸ਼ਕਤੀ ਹੈ ਜਿਹੜੀ ਤੁਹਾਨੂੰ ਸਰਬਵਿਆਪਕ ਚੁੱਪ ਤਕ ਸਰਬ ਵਿਆਪਕ ਦੇ ਪਸਾਰੇ ਤਕ ਲੈ ਜਾਂਦੀ ਹੈ।

ਸਭ ਤੋਂ ਪਹਿਲਾਂ ਸ਼ਬਦ ਹੀ ਸੀ, ਸ਼ਬਦ ਵਾਹਿਗੁਰੂ ਕੋਲ ਸੀ, ਸ਼ਬਦ ਵਾਹਿਗੁਰੂ ਸੀ, ਸ਼ਬਦ ਤੋਂ ਹੀ ਉਤਪਤੀ ਹੋਈ ਮਾਸ ਬਣਿਆ, ਮਾਸ ਦੇ ਭਾਂਡੇ ਬਣੇ। ਸ਼ਬਦ ਦਾ ਉਦੇ ਸਤਿ ਤੇ ਸ਼ਕਤੀ ਤੋਂ ਹੋਇਆ ਸਤਿ ਤੋਂ ਹੋਇਆ। ਮੰਤਰ ਦਾ ਸਰੋਤ ਰਿਸ਼ੀਆਂ-ਮੁਨੀਆਂ ਨੇ ਉਦੋਂ ਲੱਭਿਆ ਜਾਂ ਕਹਿ ਲਓ ਰਿਸ਼ੀਆਂ-ਮੁਨੀਆਂ ਨੂੰ ਉਦੋਂ ਪ੍ਰਗਟ ਹੋਇਆ ਜਦੋਂ ਉਹ ਪਰਾ ਚੇਤਨਾ ਦੇ ਅਨੁਭਵ ਵਿਚ ਲੀਨ ਸਨ ਜਦੋਂ ਅਸੀਂ ਸਰੋਤ ਨੂੰ ਦੇਖਦੇ ਹਾਂ ਤਾਂ ਸ਼ਬਦ ਦਾ ਇਸ ਤਰ੍ਹਾਂ ਨਾਲ ਕੋਈ ਅਰਥ ਨਹੀਂ ਹੁੰਦਾ, ਅਰਥ ਬਣਦਾ ਹੈ, ਭਾਵਨਾ ਨਾਲ ਜਿਹੜੀ ਭਾਵਨਾ ਉਸ ਨਾਲ ਜੋੜੀ ਜਾਵੇ, ਜਿਹੜਾ ਉਦੇਸ਼ ਉਸ ਨਾਲ ਜੋੜਿਆ ਜਾਏ। ਜੇਕਰ ਕੇਵਲ ਇਕ ਸ਼ਬਦ ਇਕ ਧੁਨ ਜੇ ਕੋਈ ਅਧਿਆਪਕ ਸ਼ਿਸ਼ ਨੂੰ ਦੇ ਦੇਵੇ ਉਸ ਨਾਲ ਆਤਮ ਸਿੱਧੀ ਨਹੀਂ ਪ੍ਰਾਪਤ ਹੁੰਦੀ। ਇਹ ਜ਼ਰੂਰ ਹੈ ਕਿ ਚੇਤਨਾ ਦੇ ਪੱਧਰ ਤੇ ਅਚੇਤ ਮਨ ਦੇ ਪੱਧਰ ਤੇ ਇਕ ਕੋਮਲਤਾ ਇਕ ਨਿਰਮਲਤਾ ਜ਼ਰੂਰ ਮਹਿਸੂਸ ਹੋ ਸਕਦੀ ਹੈ। ਜੋ ਵੀ ਹੈ ਇਕ ਧੁਨੀ ਤੁਹਾਨੂੰ ਜੀਵਨ ਦੇ ਦੂਸਰੇ ਪਾਰ ਨਹੀਂ ਲੈ ਜਾ ਸਕਦੀ। ਮੰਤਰ ਨਾਲ ਉਸ ਦਾ ਅਰਥ, ਭਾਵਨਾ, ਉਦੇਸ਼ ਇਹ ਸਭ ਜੁੜੇ ਹੋਣੇ ਚਾਹੀਦੇ ਹਨ ਤੇ ਸਭ ਵੱਧ ਅਭਿਆਸ ਦੀ ਲੋੜ ਹੈ, ਅਭਿਆਸ ਤੋਂ ਬਿਨਾਂ ਭਾਵਨਾ, ਉਦੇਸ਼ ਤਕ ਨਹੀਂ ਪਹੁੰਚਿਆ ਜਾ ਸਕਦਾ। ਇਸ ਦੇ ਨਾਲ ਸਭ ਤੋਂ ਵੱਧ ਜ਼ਰੂਰੀ ਹੈ ਕਿ ਮੰਤਰ ਦੇ ਅਭਿਆਸ ਨਾਲ ਬਾਕੀ ਦੀਆਂ ਸ਼ੁੱਧਤਾ ਵੀ ਜੋੜੀਆਂ ਜਾਣੀਆਂ ਚਾਹੀਦੀਆਂ ਹਨ, ਤਾਂ ਹੀ ਮੰਤਰ ਦਾ ਪੂਰਾ-ਪੂਰਾ ਲਾਭ ਪ੍ਰਾਪਤ ਹੋ ਸਕਦਾ।

ਮੰਤਰ ਕੇਵਲ ਉਦੋਂ ਹੀ ਅਸਰ ਕਰਨਗੇ ਜਦੋਂ ਮਨ ਪਵਿੱਤਰ ਹੋਵੇ। ਇਹ ਪਰੰਪਰਾ ਉਚ ਗਿਆਨ ਤੇ ਅਨੁਭਵ ਦਾ ਹੀ ਪ੍ਰਗਟਾਵਾ ਹੈ, ਮਨੁੱਖਤਾ ਦੇ ਮਨੋਵਿਗਿਆਨ ਦਾ ਪ੍ਰਗਟਾਵਾ ਹੈ, ਇਹ ਅਨੁਭਵ ਗੁਰੂ ਦੇ ਮਾਰਗ ਦਰਸ਼ਨ ਨਾਲ ਹੀ ਪ੍ਰਾਪਤ ਹੁੰਦਾ ਹੈ ਤੇ ਨਾਲ ਹੀ ਲਗਾਤਾਰ ਅਭਿਆਸ ਨਾਲ, ਮੰਤਰ ਦੀ ਠੀਕ ਵਰਤੋਂ ਦਾ ਰਹੱਸ ਹੈ, ਅਭਿਆਸ ਤੇ ਸਵੈ ਅਨੁਸਾਸ਼ਨ ਦਾ ਠੀਕ ਮੇਲ, ਨਾਲ ਹੀ ਸ਼ੁੱਧਤਾ। ਮੰਤਰ ਦਾ ਜਿੰਨਾਂ ਅਭਿਆਸ ਕਰੋਗੇ ਓਨਾ ਹੀ ਮੰਤਰ ਦੇ ਗੁਣ ਮੰਤਰ ਦਾ ਪ੍ਰਭਾਵ ਵਧਦਾ ਜਾਏ, ਮੰਤਰ ਓਨਾ ਹੀ ਡੂੰਘਾ ਤੁਹਾਡੇ ਅੰਦਰ ਆ ਕੇ ਤੁਹਾਡਾ ਹਿੱਸਾ ਬਣ ਜਾਏਗਾ। ਮੰਤਰ ਤੁਹਾਨੂੰ ਉਪਰ ਦੀ ਸੱਤਾ ਤੋਂ ਡੂੰਘੀਆਂ ਸੱਤਾ ਤੇ ਲੈ ਜਾਵੇਗਾ, ਅੰਤ ਵਿਚ ਤੁਹਾਨੂੰ ਆਤਮ ਡੂੰਘਾਈਆਂ ਤੋਂ ਆਤਮਕ ਉਚਾਈਆਂ ਤੇ ਪਹੁੰਚਾ ਦੇਵੇਗਾ। ਮੰਤਰ ਪੁਰਾਤਨ ਵਿਗਿਆਨ, ਮਨੁੱਖ ਦੇ ਉਚ ਗਿਆਨ, ਅਨੁਭਵ ਦਾ ਮਨੁੱਖ ਮਨੋਵਿਗਿਆਨ ਦੇ ਅਦਾਰੇ ਦਾ ਪ੍ਰਗਟਾਵਾ ਹੈ। ਇਕ ਆਮ ਮਨੁੱਖ ਜਿਹੜਾ ਇਕ ਸਿਧਾਂਤ ਨਹੀਂ ਜਾਣਦਾ ਜਿਹੜਾ ਪ੍ਰਯੋਗਸ਼ਾਲਾ ਦੇ ਨਿਯਮ ਅਨੁਭਵ ਨਹੀਂ ਜਾਣਦਾ ਉਹ ਨਹੀਂ ਸਮਝ ਸਕਦਾ, ਇਹ ਵਿਗਿਆਨ ਕੀ ਹੈ?

ਬਿਲਕੁਲ ਇਸੇ ਤਰ੍ਹਾਂ ਗੁਰੂ ਦੇ ਮਾਰਗ ਦਰਸ਼ਨ ਤੋਂ ਬਿਨਾਂ ਗੁਰੂ ਦੀ ਅਗਵਾਈ ਤੋਂ ਬਿਨਾਂ ਮੰਤਰ ਦੀ ਸ਼ਕਤੀ ਦਾ ਅਨੁਭਵ ਨਹੀਂ ਕੀਤਾ ਜਾ ਸਕਦਾ, ਇਸ ਪ੍ਰਣਾਲੀ ਦਾ ਪਤਾ ਨਹੀਂ ਲਗ ਸਕਦਾ। ਜਦੋਂ ਮੰਤਰ ਦੀ ਵਰਤੋਂ ਇਕ ਸਮਰੱਥ ਗੁਰੂ ਦੇ ਨਾਲ ਉਸ ਦੀ ਅਗਵਾਈ ਹੇਠ ਕੀਤੀ ਜਾਂਦੀ ਹੈ ਮੰਤਰ ਉਦੋਂ ਹੀ ਮਨ ਨੂੰ ਸ਼ਾਂਤ ਕਰਨ ਦਾ ਇਕ ਮਾਤਰ ਸਾਧਨ ਬਣ ਜਾਂਦਾ ਹੈ ਤੇ ਮਨ ਪੂਰੀ ਤਰ੍ਹਾਂ ਨਾਲ ਇਕਾਗਰ ਹੋ ਜਾਂਦਾ ਹੈ।

ਸਾਧਾਰਨ ਤੌਰ ਤੇ ਸਾਡੇ ਜੀਵਨ ਵਿਚ ਕੋਈ ਨਾ ਕੋਈ ਇਹੋ ਜਿਹੀ ਹਸਤੀ ਹੁੰਦੀ ਹੈ, ਜਿਸ ਕੋਲੋਂ ਅਸੀਂ ਸਹਾਇਤਾ ਲੈ ਸਕਦੇ ਹਾਂ, ਕੋਈ ਅਧਿਆਪਕ, ਮਨੋਵਿਗਿਆਨਕ ਪਤਨੀ, ਕੋਈ ਮਿੱਤਰ। ਹਾਂ ਪਰ ਉਹ ਵੀ ਸਮਾਂ ਹੁੰਦਾ ਹੈ ਜਦੋਂ ਕੋਈ ਵੀ ਸਾਡੀ ਸਹਾਇਤਾ ਨਹੀਂ ਕਰ ਸਕਦਾ, ਉਦਾਹਰਣ ਵਜੋਂ ਮਰਨ ਦੇ ਸਮੇਂ ਤੋਂ ਲੈ ਕੇ ਮੁੜ ਜੰਮਣ ਜੋ ਵੀ ਵਿਚ ਦਾ ਸਮਾਂ ਹੈ ਉਸ ਵਿਚ ਸਾਡੇ ਕੋਲ ਬੋਲਣ ਦੀ ਕੋਈ ਸ਼ਕਤੀ ਨਹੀਂ ਹੁੰਦੀ, ਸਾਡੀ ਜ਼ੁਬਾਨ ਨਹੀਂ ਹੁੰਦੀ ਅਸੀਂ ਕਿਸੇ ਨਾਲ ਗੱਲ ਨਹੀਂ ਕਰ ਸਕਦੇ। ਸਾਡਾ ਚੇਤਨ ਮਨ ਹੌਲੀ-ਹੌਲੀ ਖਤਮ ਹੋ ਜਾਂਦਾ ਹੈ, ਸਾਡਾ ਅਚੇਤ ਮਨ ਜਿਸ ਵਿਚ ਸਾਰਾ ਕੁਝ ਇਕੱਠਾ ਕੀਤਾ ਪਿਆ ਹੈ, ਸਾਡੀਆਂ ਚੰਗੀਆਂ ਗੱਲਾਂ ਮਾੜੀਆਂ ਗੱਲਾਂ ਉਸ ਉਸ ਸਮੇਂ ਪੂਰੀ ਤਰ੍ਹਾਂ ਨਾਲ ਸੁਚੇਤ ਹੋ ਜਾਂਦਾ ਹੈ। ਚੇਤਨ ਮਨ ਤਾਂ ਮਨ ਦਾ ਬਹੁਤ ਹੀ ਥੋੜ੍ਹਾ ਜਿਹਾ ਭਾਗ ਹੈ। ਅਚੇਤ ਮਨ ਤਾਂ ਬਹੁਤ ਵੱਡਾ ਮਨੋਵਿਗਿਆਨਕਾਂ ਦਾ ਕਹਿਣਾ ਹੈ ਕਿ ਚੇਤਨ ਮਨ ਪੂਰੇ ਮਨ ਦਾ ਚੌਥਾ ਹਿੱਸਾ ਹੈ ਬਾਕੀ ਤਾਂ ਤਿੰਨ ਚੌਥਾਈ ਭਾਗ ਅਚੇਤ ਮਨ ਹੀ ਹੈ ਜਿਸ ਵਿਚ ਯਾਦਗਾਰਾਂ ਹਨ, ਅਨੁਭਵ ਹੈ, ਸੰਵੇਗ ਹਨ, ਭੈ ਹੈ, ਕਲਪਨਾਵਾਂ ਹਨ ਤੇ ਆਕਾਰ ਹਨ। ਮਰਨ ਤੋਂ ਲੈ ਕੇ ਮੁੜ ਜੰਮਣ ਦੇ ਸਮੇਂ ਵਿਚ ਸਾਡਾ ਅਚੇਤ ਮਨ ਤੇ ਅਰਥ ਅਚੇਤ ਮਨ ਹੀ ਵਧੇਰੇ ਪ੍ਰਬਲ ਹੁੰਦਾ ਹੈ ਸਾਡੇ ਮਾਨਸਿਕ ਅਨੁਭਵ ਉਹ ਹੀ ਪ੍ਰਗਟ ਕਰਦਾ ਹੈ ਉਸ ਵਿਚ ਪਏ ਆਕਾਰ ਤੇ ਕਲਪਨਾਵਾਂ ਹੀ ਬਾਹਰ ਆਉਂਦੀਆਂ ਹਨ। ਇਸ ਸਮੇਂ ਕੋਈ ਵੀ ਸਾਡੀ ਸਹਾਇਤਾ ਕਰਨ ਲਈ ਨਹੀਂ ਹੁੰਦਾ, ਕੋਈ ਮਿੱਤਰ ਨਹੀਂ, ਕੋਈ ਸਲਾਹਕਾਰ ਨਹੀਂ, ਕੋਈ ਇਹੋ ਹੀ ਉਹ ਸਮਾਂ ਹੈ ਜਦੋਂ ਮੰਤਰ ਸਾਡੀ ਸਹਾਇਤਾ ਕਰਦਾ ਹੈ ਜਦੋਂ ਅਸੀਂ ਆਪਣੇ ਜੀਵਨ ਵਿਚ ਸੰਮਲਿਤ ਜੀਵਨ ਵਿਚ ਮੰਤਰ ਨੂੰ ਬਾਰ-ਬਾਰ ਕਰਦੇ ਹਾਂ। ਸਾਡਾ ਅਰਧ ਚੇਤਨ ਮਨ ਤੇ ਅਚੇਤ ਮਨ ਹੌਲੀ-ਹੌਲੀ ਉਸ ਨੂੰ ਅੰਦਰ ਇਕੱਠਾ ਕਰਦਾ ਰਹਿੰਦਾ ਹੈ, ਅੰਦਰ ਜਮ੍ਹਾਂ ਹੁੰਦਾ ਜਾਂਦਾ ਹੈ, ਫੇਰ ਜਦੋਂ ਲੋੜ ਪਵੇ ਇਹ ਮੰਤਰ ਪ੍ਰਗਟ ਹੁੰਦਾ ਹੈ, ਤੁਸੀਂ ਉਸ ਦੀ ਵਰਤੋਂ ਕਰਦੇ ਹੋ, ਜਦੋਂ ਤੁਸੀਂ ਔਖੇ ਵੇਲੇ ਦਾ ਸਾਮ੍ਹਣਾ ਕਰ ਰਹੇ ਹੋਵੋ, ਉਸ ਸਮੇਂ ਫੇਰ ਇਹ ਮੰਤਰ ਤੁਹਾਡਾ ਮਾਰਗ ਦਰਸ਼ਨ ਕਰਦਾ ਹੈ, ਮਰਨ ਤੇ ਮੁੜ ਜੰਮਣ ਦੇ ਵਿਚ ਦੇ ਸਮੇਂ ਮੰਤਰ ਸਾਡੀ ਸਹਾਇਤਾ ਕਰਕੇ ਸਾਡੇ ਅਚੇਤ ਮਨ ਦੇ ਆਕਾਰ ਤੋਂ ਛੁਟਕਾਰਾ ਕਰਾ ਕੇ ਸਾਨੂੰ ਉਨ੍ਹਾਂ ਦੇ ਪ੍ਰਭਾਵ ਥੱਲੇ ਆਉਣ ਤੋਂ ਬਚਾਉਂਦਾ ਹੈ। ਇਸ ਸਮੇਂ ਮੰਤਰ ਜਿਸ ਤਰ੍ਹਾਂ ਨਾਲ ਤੁਹਾਡੀ ਸਹਾਇਤਾ ਕਰਦਾ ਹੈ ਤੁਹਾਡਾ ਮਾਰਗ ਦਰਸ਼ਨ ਕਰਦਾ ਹੈ ਉਸ ਤਰ੍ਹਾਂ ਨਾਲ ਕੋਈ ਮਿੱਤਰ ਕੋਈ ਆਗੂ ਕੋਈ ਅਧਿਆਪਕ ਵੀ ਤੁਹਾਡੀ ਸਹਾਇਤਾ ਨਹੀਂ ਕਰ ਸਕਦਾ।

ਮੈਡੀਟੇਸ਼ਨ ਕਰਦਿਆਂ ਸਾਨੂੰ ਆਪਣੇ ਮਨ ਨੂੰ ਚੰਗੀ ਤਰ੍ਹਾਂ ਨਾਲ ਦੇਖ ਲੈਣਾ ਚਾਹੀਦਾ ਹੈ ਤਾਂ ਜੋ ਮੰਤਰ ਚੰਗੀ ਤਰ੍ਹਾਂ ਨਾਲ ਸਾਡੀ ਸਹਾਇਤਾ ਕਰ ਸਕੇ। ਮੈਡੀਟੇਸ਼ਨ ਦਾ ਪਹਿਲਾ ਕੰਮ ਹੈ ਮਨ ਨੂੰ ਸਾਫ ਕਰਨਾ। ਅਸੀਂ ਸਾਰੇ ਇਹ ਚੰਗੀ ਤਰ੍ਹਾਂ ਨਾਲ ਜਾਣਦੇ ਹਾਂ ਕਿ ਅਸੀ ਸਾਰੇ ਸੋਚਦੇ ਹਾਂ ਪਰ ਇਹ ਨਹੀਂ ਜਾਣਦੇ ਸਾਡੀ ਸੋਚ ਦਾ ਕਾਰਣ ਕੀ ਹੈ? ਇਸ ਦਾ ਸਰੋਤ ਕੀ ਹੈ? ਕਿੱਥੋ ਸਾਡੀ ਸੋਚ ਉਤਪੰਨ ਹੁੰਦੀ ਹੈ। ਆਪਣੇ ਸੋਚਣ ਦੇ ਤਰੀਕੇ ਨੂੰ ਆਪਣੀ ਸੋਚ ਨੂੰ ਜਾਂਚਣਾ ਬੜਾ ਜ਼ਰੂਰੀ ਹੈ, ਕੀ ਸੋਚਦੇ ਹੋ ਇਹ ਵੀ ਜਾਨਣਾ ਬਹੁਤ ਹੀ ਜ਼ਰੂਰੀ ਹੈ, ਸਾਨੂੰ ਆਪਣੇ ਆਪ ਤਕ ਪਹੁੰਚਣ ਲਈ ਆਪਣੇ ਆਪ ਨੂੰ ਜਾਨਣ ਲਈ ਮਨ ਨੂੰ ਸ਼ੁੱਧ ਕਰਨਾ ਬਹੁਤ ਹੀ ਜ਼ਰੂਰੀ ਹੈ। ਸਾਧਾਰਨ ਤੌਰ ਤੇ ਅਸੀਂ ਦੂਸਰਿਆਂ ਦੇ ਸਾਮ੍ਹਣੇ ਆਪਣੇ ਆਪ ਨੂੰ ਬਹੁਤ ਚੰਗੀ ਤਰ੍ਹਾਂ ਨਾਲ ਪ੍ਰਗਟ ਕਰਦੇ ਹਾਂ, ਆਪਣਾ ਸਭ ਤੋਂ ਵਧੀਆ ਪਾਸਾ ਦਿਖਾਉਂਦੇ ਹਾਂ,ਪਰ ਦੁਖ ਇਸ ਗੱਲ ਦਾ ਹੈ ਕਿ ਅਸੀਂ ਇਹ ਨਹੀਂ ਜਾਣਦੇ ਕਿ ਅਸੀਂ ਦੂਸਰਿਆਂ ਦੇ ਸਾਮ੍ਹਣੇ ਕਿਵੇਂ ਆਪਣੇ ਆਪ ਨੂੰ ਅਰਪਣ ਕਰੀਏ, ਕਿਵੇਂ ਅਭਿਨੈ ਕਰੀਏ, ਅਸੀਂ ਸਦਾ ਹੀ ਆਪਣੇ ਆਪ ਨੂੰ ਮਨ ਨਾਲ ਜੋੜਦੇ ਨਾਲ ਜੋੜਦੇ ਰਹਿੰਦੇ ਹਾਂ, ਆਪਣੀਆਂ ਯਾਦਾਂ ਨਾਲ ਜੋੜਦੇ ਰਹਿੰਦੇ ਹਾਂ। ਜਿਹੜੀਆਂ ਗੱਲਾਂ ਜਿਹੜੀਆਂ ਯਾਦਾਂ ਸਾਨੂੰ ਦੁਖ ਦਿੰਦੀਆਂ ਹਨ ਉਹ ਦੂਸਰਿਆਂ ਤੋਂ ਛੁਪੀਆਂ ਹੀ ਰਹਿੰਦੀਆਂ ਹਨ, ਪਰ ਸਾਨੂੰ ਉਹ ਦਿਸਦੀਆਂ ਹੀ ਰਹਿੰਦੀਆਂ ਹਨ ਤੇ ਤੰਗ ਕਰਦੀਆਂ ਹੀ ਰਹਿੰਦੀਆਂ ਹਨ। ਮੈਡੀਟੇਸ਼ਨ ਨਾਲ ਅਸੀਂ ਇਨ੍ਹਾਂ ਉਤੇ ਕਾਬੂ ਪਾ ਸਕਦੇ ਹਾਂ ਤੇ ਪਾ ਵੀ ਲੈਂਦੇ ਹਾਂ, ਫੇਰ ਅਸੀਂ ਇਨ੍ਹਾਂ ਨੂੰ ਕੇਵਲ ਦੇਖਦੇ ਹਾਂ ਇਕ ਤਰ੍ਹਾਂ ਨਾਲ ਸਾਕਸ਼ੀ ਹੁੰਦੇ ਹਾਂ ਫੇਰ ਹੌਲੀ-ਹੌਲੀ ਇਹ ਸਮੱਸਿਆਵਾਂ ਫਿਕੀਆਂ ਪੈਂਦੀਆਂ ਜਾਂਦੀਆਂ ਹਨ।

ਸਾਡੇ ਮਨ ਵਿਚ ਯਾਦਾਂ ਦੀ ਪਰਤ ਬਣੀ ਹੋਈ ਹੈ ਜਿਥੇ ਅਸੀਂ ਆਪਣੇ ਸੰਸਕਾਰ ਦੇ ਬੀਜ ਬੀਜਦੇ ਹਾਂ ਇਸ ਤਹਿ ਤੋਂ ਬਿਨਾਂ ਇਸ ਪਰਤ ਤੋਂ ਬਿਨਾਂ ਮਨ ਮਨ ਦੀ ਨਦੀ ਨਹੀਂ ਚਲ ਸਕਦੀ ਨਹੀਂ ਬਹਿ ਸਕਦੀ। ਇਸੇ ਸਤਾ ਤੋਂ ਇਸੇ ਪਰਤ ਤੋਂ ਯਾਦਾਂ ਉਠਦੀਆਂ ਹਨ ਚਿੰਨ ਉਠਦੇ ਹਨ ਮਨ ਤੇ ਪਏ ਨਿਸ਼ਾਨ ਉਠਦੇ ਹਨ ਜਿਹੜੇ ਸਾਨੂੰ ਦੁਖੀ ਕਰਦੇ ਹਨ ਅਸ਼ਾਂਤ ਕਰਦੇ ਹਨ, ਜਦੋਂ ਅਸੀਂ ਮੈਡੀਟੇਸ਼ਨ ਕਰਦੇ ਹਾਂ ਸਭ ਤੋਂ ਪਹਿਲਾਂ ਅਸੀਂ ਚੇਤਨ ਮਨ ਨੂੰ ਸ਼ਾਂਤ ਕਰਦੇ ਹਾਂ ਤਾਂ ਜੋ ਇਹ ਪ੍ਰਭਾਵ ਇਹ ਸੰਸਕਾਰ ਉਪਰ ਆ ਕੇ ਮਨ ਵਿਚੋਂ ਨਿਕਲ ਜਾਣ, ਸਾਨੂੰ ਫੇਰ ਅਸ਼ਾਂਤ ਨਾ ਕਰਨ। ਉਸ ਤੋਂ ਬਾਅਦ ਅਸੀਂ ਡੂੰਘੀਆਂ ਯਾਦਾਂ ਨਾਲ ਨਿਬੜਦੇ ਹਾਂ ਜਿਹੜੀਆਂ ਅਚੇਤ ਮਨ ਵਿਚ ਪਈਆਂ ਹਨ ਤੇ ਸਾਡਾ ਉਨ੍ਹਾਂ ਨਾਲ ਕੋਈ ਵਾਹ ਨਹੀਂ ਕੋਈ ਵਾਸਤਾ ਨਹੀਂ। ਸਾਡੀ ਸਿਖਿਆ ਕੇਵਲ ਸਾਨੂੰ ਚੇਤਨ ਮਨ ਨਾਲ ਨਿਬੜਨਾ ਹੀ ਸਿਖਾਉਂਦੀ ਹੈ ਪਰ ਜਦੋਂ ਅਸੀਂ ਮੈਡੀਟੇਸ਼ਨ ਕਰਦੇ ਹਾਂ, ਤਾਂ ਪੂਰਾ ਮਨ ਉਸ ਵਿਚ ਹੁੰਦਾ ਹੈ। ਜਦੋਂ ਚੇਤਨ ਮਨ ਸ਼ਾਂਤ ਹੋ ਜਾਂਦਾ ਹੈ ਫੇਰ ਅਸੀਂ ਮਨ ਦੇ ਸਾਰੇ ਹਿਸਿਆਂ ਨੂੰ ਇਕ ਕਰਨਾ ਸਿੱਖ ਲੈਂਦੇ ਹਾਂ, ਉਨ੍ਹਾਂ ਨੂੰ ਇਕ ਕਰਕੇ ਇਕਾਗਰ ਕਰ ਲੈਂਦੇ ਹਾਂ ਇਸੇ ਨੂੰ ਮਨ ਦਾ ਏਕੀਕਰਨ ਕਰਨਾ ਇਕ ਬਿੰਦੂ ਤੇ ਲਿਆਨਾ ਇਕ ਪੁਆਇੰਟ ਤੇ ਲਿਆਉਣਾ ਕਹਿੰਦੇ ਹਨ।

ਚੇਤਨ ਮਨ ਜਗਤ ਅਵਸਥਾ ਵਿਚ ਵਰਤਿਆ ਜਾਂਦਾ ਹੈ, ਕਈ ਵਾਰੀ ਚੇਤਨ ਮਨ ਵੀ ਸੌਂ ਜਾਂਦਾ ਹੈ, ਅਸੀਂ ਬੇਧਿਆਨੇ ਹੋ ਜਾਂਦੇ ਹਾਂ, ਇਸੇ ਕਰਕੇ ਮੈਡੀਟੇਸ਼ਨ ਬਹੁਤ ਹੀ ਲਾਭ ਹੈ। ਮਨ ਵਿਚ ਮੰਤਰ ਜਾਪ ਕਰਦੇ ਰਹਿਣਾ, ਚੁੱਪ ਰਹਿ ਕੇ ਮੰਤਰ ਜਪਦੇ ਰਹਿਣਾ, ਆਪਣੇ ਆਪ ਨਾਲ ਅੰਦਰ ਵਾਰਤਾਲਾਪ ਕਰਦੇ ਰਹਿਣਾ, ਇਸ ਨਾਲ ਤੁਸੀਂ ਆਪਣੇ ਅੰਦਰ ਦਾ ਵਿਸ਼ਲੇਸ਼ਨ ਕਰਦੇ ਹੋ ਇਸ ਤਰ੍ਹਾਂ ਨਾਲ ਹੌਲੀ-ਹੌਲੀ ਸੰਕਲਪ ਕਰਦੇ ਹਾਂ ਭਾਵ ਅਚੇਤ ਮਨ ਵਿਚ ਦ੍ਰਿੜਤਾ ਲਿਆਉਂਦੇ ਹੋ, ਸੰਕਲਪ ਨਾਲ ਤੁਸੀਂ ਆਪਣੇ ਆਪ ਤੇ ਕਾਬੂ ਕਰਦੇ ਹੋ, ਚੇਤਨ ਮਨ ਨੂੰ ਸ਼ਾਂਤ ਕਰਦੇ ਹੋ ਪੂਰਾ ਮਨ ਇਸ ਤਰ੍ਹਾਂ ਸਾਧਿਆ ਜਾਂਦਾ ਹੈ, ਪੂਰਾ ਚੇਤਨ ਨੂੰ ਤੁਸੀਂ ਜਾਣ ਜਾਂਦੇ ਹਨ।

ਸਾਧਾਰਣ ਪੱਖੋਂ ਮਨੁੱਖ ਚੇਤਨਾ ਦੀਆਂ ਤਿੰਨ ਅਵਸਥਾ ਹੁੰਦੀਆਂ ਹਨ ਜਿਹੜੀਆਂ ਅਸੀਂ ਪਹਿਲਾਂ ਦਸ ਆਏ ਹਾਂ - ਜਾਗਤ, ਸੁਪਨ, ਨੀਂਦਰਾ। ਪੁਰਾਤਨ ਸਮੇਂ ਦੇ ਰਿਸ਼ੀਆਂ-ਮੁਨੀਆਂ ਨੇ ਚੌਥੀ ਅਵਸਥਾ ਵਿਚ ਜਾਣਾ ਅਵਸ਼ਕ ਸਮਝਿਆ, ਉਹ ਹੈ ਸੁਤੇ ਬਿਨਾਂ ਸੌਣਾ ਭਾਵ ਸਮਾਧੀ। ਇਸ ਚੌਥੀ ਅਵਸਥਾ ਵਿਚ ਹੀ ਤੁਸੀਂ ਸਮਾਚਿਤ ਹੁੰਦੇ ਹੋ, ਵਾਸਤਵ ਵਿਚ ਇਸ ਸਮਾਚਿਤ ਅਵਸਥਾ ਨੂੰ ਹੀ ਪ੍ਰਾਪਤ ਕਰਨ ਲਈ ਹੀ ਮੈਡੀਟੇਸ਼ਨ ਦਾ ਅਭਿਆਸ ਕੀਤਾ ਜਾਂਦਾ ਹੈ। ਹੌਲੀ-ਹੌਲੀ ਅਸੀਂ ਇਹ ਸਿੱਖ ਜਾਂਦੇ ਹਾਂ ਕਿ ਜਦੋਂ ਮੈਡੀਟੇਸ਼ਨ ਕਰਦਿਆਂ ਕੋਈ ਵਿਚਾਰ ਜਾਂ ਕੋਈ ਚੀਜ਼ ਆਏ ਉਸ ਤੋਂ ਅਸ਼ਾਂਤ ਨਹੀਂ ਹੋਣਾ। ਅਸੀਂ ਕੇਵਲ ਇਹ ਹੀ ਸਿੱਖਣਾ ਹੈ ਕਿ ਅਸੀਂ ਇਹੋ ਜਿਹੇ ਵਿਚਾਰਾਂ ਨੂੰ ਕੇਵਲ ਦੇਖਣਾ ਹੈ, ਉਨ੍ਹਾਂ ਦੇ ਸਾਕਸ਼ੀ ਰਹਿਣਾ ਹੈ, ਇਨ੍ਹਾਂ ਵਿਚਾਰਾਂ ਨੂੰ ਚੁੱਪ ਚਾਪ ਲੰਘਣ ਦੇਣਾ ਹੈ। ਇਸ ਤਰ੍ਹਾਂ ਕਰਨ ਲਈ ਸਾਨੂੰ ਅਭਿਆਸ ਦੀ ਲੋੜ ਹੈ, ਧੀਰਜ ਦੀ ਲੋੜ ਹੈ, ਲੋੜ ਹੈ ਆਪਣੀ ਸੋਚ ਨੂੰ ਜਾਂਚਣ ਦੀ। ਸਾਨੂੰ ਇਸ ਗੱਲ ਦੀ ਸਮਝ ਹੋਣੀ ਚਾਹੀਦੀ ਹੈ, ਜੋ ਕੁਝ ਵੀ ਸਾਡੇ ਮਨ ਵਿਚ ਹੈ, ਚਲਦਾ ਹੈ ਉਹ ਅਸੀਂ ਆਪ ਹੀ ਬਣਾਇਆ ਹੈ, ਸਾਡਾ ਹੀ ਸਿਰਜਿਆ ਹੋਇਆ ਹੈ। ਇਹ ਗੱਲ ਬਿਲਕੁਲ ਠੀਕ ਨਹੀਂ ਹੋਵੇਗੀ ਕਿ ਅਸੀਂ ਆਪਣੇ ਵਿਚਾਰਾਂ ਦੇ ਜ਼ਿੰਮੇਵਾਰ ਦੂਸਰਿਆਂ ਨੂੰ ਬਣਾਈਏ ਤੇ ਉਨ੍ਹਾਂ ਨੂੰ ਦੋਸ਼ ਦੇਈਏ। ਨਾ ਹੀ ਇਹ ਗੱਲ ਠੀਕ ਹੈ ਕਿ ਜੋ ਕੁਝ ਵੀ ਅੱਜ ਤੋਂ ਪੰਜ ਸਾਲ ਪਹਿਲੇ ਹੋ ਗਿਆ ਉਸਨੂੰ ਲੈ ਕੇ ਬੈਠ ਜਾਈਏ ਉਹ ਜੋ ਹੋਣਾ ਸੀ ਹੋ ਚੁੱਕਾ ਉਹ ਸਾਡਾ ਵਰਤਮਾਨ ਨਹੀਂ ਹੈ। ਉਨ੍ਹਾਂ ਲਈ ਚਿੰਤਾ ਕਰਨੀ, ਸਾਨੂੰ ਕਿਸੇ ਪ੍ਰਕਾਰ ਵੀ ਲਾਭਕਾਰੀ ਨਹੀਂ ਹੋ ਸਕਦੀ। ਸਾਨੂੰ ਚਾਹੀਦਾ ਹੈ ਜਿਹੜੇ ਹੀ ਬੁਲਬੁਲੇ ਜਿਹੜੇ ਵੀ ਵਿਚਾਰ ਮਨ ਵਿਚ ਆਉਂਦੇ ਹਨ ਉਨ੍ਹਾਂ ਨੂੰ ਆਉਣ ਦੇਈਏ, ਉਹ ਹੌਲੀ-ਹੌਲੀ ਆਪੇ ਹੀ ਖਤਮ ਹੋ ਜਾਣਗੇ। ਆਪਣੇ ਵਿਚਾਰਾਂ ਨਾਲ ਕਦੀ ਲੜਾਈ ਨਾ ਕਰੋ, ਇਸ ਤਰ੍ਹਾਂ ਕਰਨ ਨਾਲ ਤੁਹਾਡੀ ਮੈਡੀਟੇਸ਼ਨ ਵਿਚ ਬਾਧਾ ਪੈ ਸਕਦਾ ਹੈ। ਕੇਵਲ ਹਰ ਇਕ ਵਿਚਾਰ ਨੂੰ ਦੇਖੋ, ਨਿਰਣੇ ਕਰੋ, ਸ਼ਾਂਤੀ ਨਾਲ ਇਸ ਸਭ ਕੁਝ ਦੇ ਸਾਕਸ਼ੀ ਬਣੇ ਰਹੋ। ਮੈਡੀਟੇਸ਼ਨ ਕਰੋ, ਵਿਚਾਰਾਂ ਨਾਲ ਲੜੋ ਨਹੀਂ।

ਸਭ ਤੋਂ ਪਹਿਲਾਂ ਅਸੀਂ ਆਪਣੇ ਮਨ ਦਾ ਨਰੀਖਣ ਕਰਦੇ ਹਾਂ ਉਸ ਦੀ ਪੜਤਾਲ ਕਰਦੇ ਹਾਂ, ਅਸੀਂ ਇਥੋਂ ਸ਼ੁਰੂ ਕਰਦੇ ਹਾਂ। ਪਹਿਲਾਂ ਅਸੀਂ ਦੇਖਦੇ ਹਾਂ ਕਿ ਤਾਂ ਸਾਡਾ ਮਨ ਹੈ, ਕਿਉਂਕਿ ਅਸੀਂ ਸੋਚਦੇ ਹਾਂ। ਬੜੀ ਛੇਤੀ ਅਸੀਂ ਇਹ ਜਾਣ ਜਾਂਦੇ ਹਾਂ ਕਿ ਅਸੀਂ ਸੋਚਦੇ ਕੁਝ ਹੋਰ ਹਾਂ ਤੇ ਵਾਸਤਵ ਵਿਚ ਅਸੀਂ ਆਪ ਕੁਝ ਹੋਰ ਹਾਂ ਭਾਵ ਅਸੀਂ ਦੋਨੋਂ ਇਕ ਨਹੀਂ ਵਿਸ਼ਲੇਸ਼ਨ ਕਰਕੇ, ਨਰੀਖਣ ਕਰਕੇ ਅਸੀਂ ਇਹ ਭੇਦ ਜਾਣ ਜਾਂਦੇ ਹਾਂ ਕਿ ਸੋਚਦਾ ਕੌਣ ਹੈ ਤੇ ਸੋਚਣ ਦੀ ਵਿਧੀ ਕੀ ਹੈ। ਤੁਸੀਂ ਆਪਣੇ ਆਪ ਨੂੰ ਕਹਿ ਸਕਦੇ

ਹੋ, ਮੇਰਾ ਸਰੀਰ ਮੇਰੇ ਤੋਂ ਵੱਖ ਹੈ, ਮੇਰੀਆਂ ਇੰਦ੍ਰੀਆਂ ਮੇਰੇ ਤੋਂ ਵੱਖ ਹਨ, ਮੇਰਾ ਮਨ ਮੇਰੇ ਤੋਂ ਅੱਡ ਹੈ। ਇਹ ਜੋ ਕੁਝ ਵੀ ਹੈ ਇਹ ਇਸ ਤਰ੍ਹਾਂ ਹੈ ਜਿਵੇਂ ਮੈਂ ਵੱਖ-ਵੱਖ ਕੱਪੜੇ ਪਾਏ ਹੋਣ। ਮੈਂ ਭਾਵੇਂ ਇਹ ਕੱਪੜੇ ਉਤਾਰ ਕੇ ਸੁੱਟ ਦਿਆਂ ਪਰ ਮੇਰੀ ਤਦਰੂਪਤਾ ਕਦੀ ਖਤਮ ਨਹੀਂ ਹੋ ਸਕਦੀ, ਤੁਹਾਡੀਆਂ ਭਾਵੇਂ ਬਹੁਤ ਸਾਰੀਆਂ ਚੀਜ਼ਾਂ ਗੱਲਾਂ ਖਤਮ ਹੋ ਜਾਣ ਤੁਸੀਂ ਛੱਡ ਦਿਓ ਪਰ ਤੁਹਾਡਾ ਆਪਣਾ ਆਪ ਖਤਮ ਨਹੀਂ ਹੋ ਸਕਦਾ, ਤੁਸੀਂ ਸਦਾ ਹੀ 'ਮੈਂ' ਤੋਂ ਜਾਣੂੰ ਰਹਿੰਦੇ ਹੋ ਤੁਹਾਡੀ ਮੈਂ ਤੁਹਾਡੇ ਨਾਲ ਹੀ ਰਹਿੰਦੀ ਹੈ, ਤੁਸੀਂ 'ਮੈਂ' ਤੇ ਉਹ ਮੈਂ ਮੇਰੀ ਜੋ ਸੋਚਦੀ ਹੈ ਮੇਰਾ ਜੋ ਹੈ ਇਨ੍ਹਾਂ ਦੋਨਾਂ ਦਾ ਭੇਦ ਵੀ ਜਾਣਦੇ ਹੋ। ਜੇ ਤੁਹਾਨੂੰ ਆਪਣੇ ਆਪ ਤੇ ਕਾਬੂ ਨਹੀਂ, ਕੰਟਰੋਲ ਨਹੀਂ ਤਾਂ ਤੁਸੀਂ ਕੇਵਲ ਇਕ ਗੁਲਾਮ ਹੋ। ਮੁਕਤ ਹੋਣ ਦਾ ਸਭ ਤੋਂ ਪਹਿਲੀ ਪੌੜੀ ਕੰਟਰੋਲ ਕਰਨ ਦੀ ਪਹਿਲੀ ਪੌੜੀ ਹੈ ਸਵੈ ਪ੍ਰੇਖਣ।

ਜਦੋਂ ਤੁਸੀਂ ਆਪਣੇ ਆਪ ਨੂੰ ਦੇਖਦੇ ਹੋ, ਸਵੈ ਪ੍ਰੇਖਣ ਕਰਦੇ ਹੋ ਤੁਸੀਂ ਦੇਖਦੇ ਹੋ ਮਨ ਵਿਚ ਵਿਚਾਰਾਂ ਦੀ ਇਕ ਲੜੀ ਹੈ ਇਕ ਨਦੀ ਵਹਿ ਰਹੀ ਹੈ। ਜਿਹੜੀ ਵਹਿੰਦੀ ਹੀ ਜਾ ਰਹੀ ਹੈ। ਇਸ ਵਿਚ ਚਿੰਨ ਹਨ ਵਿਚਾਰ ਹਨ, ਕਲਪਨਾਵਾਂ ਹਨ, ਅਨੋਖੇ ਵਿਚਾਰ ਹਨ, ਵਹਿਮ ਹਨ, ਕਲਪਿਤ ਚਿੱਤਰ ਹਨ। ਅਸੀਂ ਆਪਣੇ ਆਪ ਨੂੰ ਇਨ੍ਹਾਂ ਨਾਲ ਜੋੜ ਲੈਂਦੇ ਹਾਂ ਤੇ ਮਹਿਸੂਸ ਕਰਦੇ ਹਾਂ ਇਹ ਸਾਡਾ ਹਿੱਸਾ ਹਨ, ਇਕ ਪਾਸੇ ਅਸੀਂ ਇਹ ਜਾਣਦੇ ਵੀ ਹਾਂ ਕਿ ਇਹ ਸਾਡੇ ਤੋਂ ਅੱਡ ਹਨ, ਫਰਕ ਹਨ ਇਹ ਇਕ ਅਲੱਗ ਸਚਾਈ ਹੈ। ਅਸੀਂ ਇਹ ਜਾਣਦੇ ਹਾਂ ਕਿ ਸਾਡੇ ਅੰਦਰ ਕੁਝ ਹੈ, ਸਾਡੀ ਉਹ ਪਹਿਚਾਣ ਜਿਹੜੀ ਦੂਸਰਿਆਂ ਤੋਂ ਵੱਖਰੀ ਹੈ ਅਨੋਖੀ ਹੈ ਸਾਰੇ ਮਾਨਸਿਕ ਤੱਤ ਤੋਂ ਵੱਖ ਹੈ। ਅਸੀਂ ਇਸ ਗੱਲ ਨੂੰ ਉਸ ਸਮੇਂ ਮਹਿਸੂਸ ਕਰਦੇ ਹਾਂ ਜਦੋਂ ਅਸੀਂ ਨਾ ਦੇਖ ਸਕਦੇ ਹਾਂ, ਨਾ ਮਹਿਸੂਸ ਕਰ ਸਕਦੇ ਹਾਂ, ਜਦੋਂ ਸਾਡੀਆਂ ਇੰਦ੍ਰੀਆਂ ਕੰਮ ਨਹੀਂ ਕਰ ਰਹੀਆਂ ਹੁੰਦੀਆਂ, ਉਦੋਂ ਵੀ ਸਾਡੀ ਤਦਰੂਪਤਾ ਹੁੰਦੀ ਹੈ, ਆਪਾ ਹੁੰਦਾ ਹੈ। ਇਹ ਹੀ ਆਪੇ ਦੀ ਭਾਵਨਾ ਹੈ ਜਿਸਨੂੰ ਤੁਸੀਂ ਦੇਖਣਾ ਹੈ ਜਿਸ ਦੇ ਪਿਛੇ ਡੂੰਘੇ ਹੋਰ ਡੂੰਘੇ ਜਾਣਾ ਹੈ, ਇਸਨੂੰ ਬਾਕੀ ਦੇ ਸਾਰੇ ਅਨੁਭਵਾਂ ਤੋਂ ਵੱਖ ਕਰਨਾ ਹੈ। ਅਸੀਂ ਗੱਡੀ ਨੂੰ ਦੇਖੀਏ ਜ਼ਰੂਰ ਪਰ ਅਸੀਂ ਉਸ ਦਾ ਹਿੱਸਾ ਨਾ ਬਣੀਏ। ਇਹ ਹਮੇਸ਼ਾ ਯਾਦ ਰੱਖੋ ਕਿ ਗੱਡੀ ਸਾਡੀ ਆਪਣੀ ਬਣਾਈ ਹੋਈ ਹੈ। ਇਨ੍ਹਾਂ ਵਿਚਾਰਾਂ ਦੀ ਗੱਡੀ ਤੋਂ ਡਰਨ ਦੀ ਕੋਈ ਲੋੜ ਨਹੀਂ ਕਿਉਂਕਿ ਅਸੀਂ ਆਪਣੇ ਆਪ ਨੂੰ ਪਿਆਰ ਕਰਦੇ ਹਾਂ। ਅੰਦਰ ਸਮਾਚਿਤ ਹੈ, ਸਾਰੇ ਅਨੁਭਵਾਂ ਤੋਂ ਬਾਅਦ ਵੀ ਵਿਚਾਰਾਂ ਤੋਂ ਬਾਅਦ ਵੀ ਤੁਹਾਡਾ ਅੰਦਰ ਸ਼ਾਂਤ ਹੈ। ਡਰ ਤੋਂ ਭਾਵ ਹੈ ਭੈ ਤੋਂ ਭਾਵ ਹੈ, ਕੋਈ ਪਿਆਰ ਨਹੀਂ, ਨਿਰਭੈਤਾ ਤੋਂ ਭਾਵ ਹੈ ਪੂਰਣ ਪ੍ਰੇਮ ਸਾਡਾ ਆਪਣੇ ਲਈ ਪ੍ਰੇਮ ਪਿਆਰ ਇਹ ਅੰਦਰ ਦੀ ਪਛਾਣ ਇਹ ਸਾਨੂੰ ਸ਼ਾਂਤ ਰੱਖਦੀ ਹੈ ਤੇ ਮਨ ਦੇ ਅਨੁਭਵਾਂ ਤੋਂ ਪਾਰ, ਪਰ੍ਹੇ ਲੈ ਜਾਂਦੀ ਹੈ।

ਜਿਹੜੀ ਵੀ ਗੱਲ ਸਾਡੇ ਮਨ ਵਿਚ ਆਉਂਦੀ ਹੈ ਉਹ ਇਕ ਖਾਸ ਵਰਗ ਦੀ ਹੁੰਦੀ ਹੈ ਖਾਸ ਵਸਤੂ ਖਾਸ ਵਿਸ਼ੇ ਤੇ ਹੁੰਦੀ ਹੈ, ਉਹ ਵਿਸ਼ਾ ਉਹ ਵਰਗ ਜਿਸ ਦਾ ਵੇਗ ਮਨ ਵਿਚ ਚਲ ਰਿਹਾ ਹੁੰਦਾ ਹੈ। ਸਾਨੂੰ ਲੋੜ ਹੈ ਕੇਵਲ ਉਸ ਨੂੰ ਦੇਖਣ ਦੀ ਉਸਨੂੰ ਪ੍ਰੇਖਣ ਦੀ। ਇਹ ਵੀ ਭਾਵੇਂ ਪਤਾ ਨਹੀਂ ਹੁੰਦਾ ਸਾਫ ਨਹੀਂ ਹੁੰਦਾ ਇਹ ਵੇਗ ਕਿਥੋਂ ਸ਼ੁਰੂ ਹੋਇਆ ਹੈ, ਕਿੱਥੇ ਜਾ ਰਿਹਾ ਹੈ, ਕਿੱਥੇ ਜਾ ਕੇ ਖਤਮ ਹੋਵੇਗਾ, ਤੁਸੀਂ ਕੇਵਲ ਉਸ ਦਾ ਪ੍ਰੇਖਣ ਕਰੋ ਉਸ ਨੂੰ ਦੇਖੋ ਤੇ ਉਸਨੂੰ ਲੰਘ ਲੈਣ ਦਿਓ। ਕਦੀ ਵੀ ਆਪਣੀਆਂ ਭਾਵਨਾਵਾਂ ਨੂੰ ਦਬਾਉਣ ਦੀ ਕੋਸ਼ਿਸ਼ ਨਾ ਕਰੋ, ਕਦੀ ਉਨ੍ਹਾਂ ਨੂੰ ਹਟਾਉਣ ਦੀ ਲੜਾਈ ਨਾ ਕਰੋ। ਕਦੀ ਵੀ ਆਪਣੀਆਂ ਇਛਾਵਾਂ ਨੂੰ ਵਿਘਨ ਨਾ ਸਮਝੋ, ਉਨ੍ਹਾਂ ਨਾਲ ਵਾਦ ਵਿਵਾਦ ਨਾ ਕਰੋ, ਕੇਵਲ ਉਨ੍ਹਾਂ ਦਾ ਵਿਸ਼ਲੇਸ਼ਨ ਹੀ ਕਰੋ ਉਨ੍ਹਾਂ ਨੂੰ ਜਾਂਚੋ ਉਨ੍ਹਾਂ ਨੂੰ ਜਾਣ ਦਿਓ, ਲੰਘਣ ਦਿਓ। ਕਦੀ ਵੀ ਆਪਣੇ ਆਪ ਨੂੰ ਉਨ੍ਹਾਂ ਨਾਲ ਨਾ ਮਿਲਾਓ ਕਦੀ ਵੀ ਉਨ੍ਹਾਂ ਨਾਲ ਇਕ ਰੂਪ ਨਾ ਹੋਵੋ।

ਹਾਂ, ਇਹ ਜ਼ਰੂਰ ਹੈ ਕਿ ਇਹ ਵਿਸ਼ਲੇਸ਼ਨ ਮਾਨਸਿਕ ਪੱਧਰ ਤੇ ਹੀ ਕਰੋ। ਇਹ ਜ਼ਰੂਰੀ ਨਹੀਂ ਕਿ ਤੁਸੀਂ ਆਪਣੀਆਂ ਭਾਵਨਾਵਾਂ, ਆਪਣੀਆਂ ਇਛਾਵਾਂ ਖੁਲ੍ਹੀ ਤਰ੍ਹਾਂ ਪ੍ਰਗਟ ਕਰੋ, ਸਾਰਿਆਂ ਨੂੰ ਦੱਸੋ ਜਾਂ ਤੁਸੀਂ ਸਾਰਿਆਂ ਦੇ ਸਾਮ੍ਹਣੇ ਇੱਛਾ ਅਨੁਸਾਰ ਕਰਮ ਕਰੋ। ਸਾਧਾਰਣ ਤਰੀਕੇ ਨਾਲ ਕੇਵਲ ਵਿਸ਼ਲੇਸ਼ਨ ਕਰੋ, ਪ੍ਰੇਖਣ ਕਰੋ, ਸਾਖਸ਼ੀ ਬਣੋ, ਮੰਤਰ ਦ੍ਰਿੜ ਕਰਦੇ ਰਹੋ। ਜੇਕਰ ਮਨ ਦੇ ਵਿਚਾਰ ਚਲਦੇ ਰਹਿਣ ਤੁਹਾਡਾ ਖਹਿੜਾ ਹੀ ਨਾ ਛੱਡਣ, ਕੇਵਲ ਉਨ੍ਹਾਂ ਨੂੰ ਦੇਖੋ ਸਥਿਰ ਹੋ ਕੇ ਉਨ੍ਹਾਂ ਨੂੰ ਦੇਖਦੇ ਰਹੋ।

ਸ਼ੁੱਧੀ ਕਰਨ ਦਾ ਇਹ ਤਰੀਕਾ ਅੰਦਰ ਸਾਫ ਕਰਨ ਦੀ ਇਹ ਵਿਧੀ, ਮਨ ਨੂੰ ਖਾਲੀ ਕਰਨਾ ਮੈਡੀਟੇਸ਼ਨ ਕਰਨ ਲਈ ਇਹ ਬਹੁਤ ਜ਼ਰੂਰੀ ਹੈ। ਸਾਨੂੰ ਕਾਹਲੇ ਨਹੀਂ ਪੈਣਾ ਚਾਹੀਦਾ, ਕਾਹਲ ਨਹੀਂ ਕਰਨੀ ਚਾਹੀਦੀ ਕਿ ਅਸੀਂ ਉਚਾਈਆਂ ਕਿਉਂ ਨਹੀਂ ਛੋਹ ਰਹੇ ਅਸੀਂ ਮੈਡੀਟੇਸ਼ਨ ਵਿਚ ਬਹੁਤ ਅੱਗੇ ਕਿਉਂ ਨਹੀਂ ਵਧ ਰਹੇ ਸਾਨੂੰ ਵਧੇਰੇ ਅਨੁਭਵ ਕਿਉਂ ਨਹੀਂ ਹੋ ਰਹੇ, ਜਦੋਂ ਕਿ ਅਸੀਂ ਆਪਣਾ ਮਨ ਵੀ

ਖਾਲੀ ਕਰ ਲਿਆ ਹੈ, ਕੋਈ ਅਸ਼ਾਂਤ ਕਰਨ ਵਾਲੇ ਵੀਚਾਰ ਵੀ ਨਹੀਂ ਆ ਰਹੇ, ਸਭ ਕੁਝ ਸ਼ਾਂਤ ਹੈ ਫੇਰ ਵੀ ਕਿਸੇ ਕਿਸਮ ਦਾ ਕੋਈ ਅਨੁਭਵ ਨਹੀਂ ਹੋ ਰਿਹਾ। ਮੱਠ ਵਿਚ ਆਸ਼ਰਮ ਵਿਚ ਕੋਈ ਵੀ ਨਵਾਂ ਜਗਿਆਸੂ ਪਹਿਲੇ ਪਹਿਲੇ ਸ਼ੁਰੂ ਵਿਚ ਮੈਡੀਟੇਸ਼ਨ ਨਹੀਂ ਕਰਦਾ। ਜਗਿਆਸੂਆਂ ਨੂੰ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਸ਼ੁੱਧ ਕਰਨ ਲਈ ਕਿਹਾ ਜਾਂਦਾ ਹੈ, ਮਨ ਸ਼ੁੱਧ ਕਰਨ ਲਈ ਕਿਹਾ ਜਾਂਦਾ ਹੈ। ਅੱਜ ਦਾ ਮਨੁੱਖ ਬਹੁਤ ਹੀ ਵਿਆਕੁਲ ਹੈ, ਬੇਚੈਨ ਹੈ, ਛੇਤੀ ਤੋਂ ਛੇਤੀ ਮੈਡੀਟੇਸ਼ਨ ਦੀ ਕਲਾ ਦਾ ਮਾਹਰ ਬਣ ਜਾਣਾ ਚਾਹੁੰਦਾ ਹੈ।

ਗੱਲਬਾਤ ਕਰਨੀ ਸਿੱਖੋ, ਜੋ ਪ੍ਰੇਖਣ ਕਰ ਰਿਹਾ ਹੈ, ਜਿਸ ਦਾ ਪ੍ਰੇਖਣ ਹੋ ਰਿਹਾ ਹੈ, ਉਨ੍ਹਾਂ ਵਿਚ ਵਾਰਤਾਲਾਪ ਕਰਨਾ ਸਿੱਖੋ। ਇਸ ਵਾਰਤਾਲਾਪ ਵਿਚ ਕਲਪਨਾ ਦੀ ਵਰਤੋਂ ਕਰੋ, ਧਨ ਦੇ ਵਰਗ ਵੀ ਮਨ ਵਿਚ ਚਲ ਰਹੇ ਵਿਸ਼ੇ ਦਾ ਨਰੀਖਣ ਕਰੋ, ਵਿਸ਼ਲੇਸ਼ਨ ਕਰੋ, ਪ੍ਰੇਖਣ ਕਰੋ, ਤੁਸੀਂ ਦੇਖੋਗੇ ਕਿ ਹੌਲੀ-ਹੌਲੀ ਤੁਸੀਂ ਇਨ੍ਹਾਂ ਉਤੇ ਕਾਬੂ ਪਾ ਲਵੋਗੇ, ਕੰਟਰੋਲ ਕਰ ਲਵੋਗੇ। ਤੁਸੀਂ ਇਨ੍ਹਾਂ ਤੋਂ ਉਪਰ ਉਠ ਜਾਓਗੇ ਤੇ ਸਭ ਵਿਸ਼ੇ ਤੁਹਾਡੇ ਮਨ ਵਿਚੋਂ ਖਤਮ ਹੋ ਜਾਣਗੇ।

ਰੋਟੀ ਖਾਣ ਤੋਂ ਇਕ ਦਮ ਬਾਅਦ ਕਦੀ ਵੀ ਮੈਡੀਟੇਸ਼ਨ ਵਿਚ ਨਾ ਬੈਠੋ, ਜਦੋਂ ਵੀ ਕਦੀ ਬਹੁਤ ਗੁੱਸੇ ਵਿਚ ਹੋ ਤਾਂ ਵੀ ਕਦੀ ਮੈਡੀਟੇਸ਼ਨ ਕਰਨ ਨਾ ਬੈਠੋ ਕਿਉਂਕਿ ਰੋਟੀ ਖਾਣ ਤੋਂ ਬਾਅਦ ਬਹੁਤ ਗੁੱਸੇ ਵਿਚ ਮਨ ਪੂਰੀ ਤਰ੍ਹਾਂ ਨਾਲ ਇਨਾਂ ਹਾਲਾਤਾਂ ਵਿਚ ਹੀ ਉਲਝਿਆ ਹੁੰਦਾ ਹੈ ਜਿਸ ਕਰਕੇ ਚੰਗੀ ਤਰ੍ਹਾਂ ਨਾਲ ਸੋਚਣਾ ਤੇ ਦੇਖਣਾ ਵਿਧੀ ਅਨੁਸਾਰ ਨਹੀਂ ਹੋ ਸਕਦਾ। ਬਹੁਤ ਵਾਰੀ ਮੈਡੀਟੇਸ਼ਨ ਕਰਦਿਆਂ ਮਨ ਖਾਲੀ ਨਹੀਂ ਹੁੰਦਾ ਮਨ ਵਿਚ ਹਰ ਕਿਸਮ ਦੇ ਵਿਚਾਰ ਚਲਦੇ ਰਹਿੰਦੇ ਹਨ, ਮਨ ਰੁਝਾ ਰਹਿੰਦਾ ਹੈ ਜਦੋਂ ਮਨ ਰੁਝਾ ਹੋਵੇ ਮੈਡੀਟੇਸ਼ਨ ਨਹੀਂ ਹੋ ਸਕਦੀ, ਮਨ ਖਾਲੀ ਨਹੀਂ, ਅਸੀਂ ਖਾਲੀ ਨਹੀਂ। ਜੇ ਅਸੀਂ ਸੋਚ ਤੋਂ ਪਰ੍ਹੇ ਨਹੀਂ ਜਾ ਸਕਦੇ, ਇਸ ਗੱਲ ਨੂੰ ਦੇਖੋ ਜਾਂਚੋ। ਹੌਲੀ-ਹੌਲੀ ਆਪਣੇ ਆਪ ਤੇ ਆਪਣੇ ਵਿਚਾਰ ਨੂੰ ਵੱਖ-ਵੱਖ ਕਰੋ। ਵਿਚਾਰ ਆਉਣਗੇ ਚਲੇ ਜਾਣਗੇ ਤੁਸੀਂ ਕੇਵਲ ਉਨ੍ਹਾਂ ਨੂੰ ਦੇਖੋ। ਵਿਚਾਰਾਂ ਨਾਲ ਇਕ ਨਾ ਹੋਵੋ ਉਨ੍ਹਾਂ ਨੂੰ ਅਪਣਾਓ ਨਾ, ਆਕਾਰਾਂ ਨੂੰ ਚਿੰਨਾਂ ਨੂੰ ਅਪਣਾਓ ਨਾ ਉਨ੍ਹਾਂ ਨਾਲ ਜੁੜੋ ਨਾ। ਇਸ ਤਰ੍ਹਾਂ ਕਰਨ ਨਾਲ ਸਾਨੂੰ ਛੇਤੀ ਹੀ ਪਤਾ ਲਗ ਜਾਏਗਾ ਕਿਹੜੇ ਵਿਚਾਰ ਸਾਡੇ ਲਈ ਚੰਗੇ ਹਨ, ਕਿਹੜੇ ਮਾੜੇ ਹਨ। ਇਹ ਗੱਲ ਸਦਾ ਯਾਦ ਰੱਖੋ, ਸਾਡੇ ਵਿਚਾਰ ਸਾਡੇ ਵਿਚਾਰਾਂ ਦੀ ਲੜੀ ਸਾਡੀ ਆਪਣੀ ਬਣਾਈ ਹੋਈ ਹੈ, ਇਹ ਸਾਡੀ ਆਪਣੀ ਹੈ ਇਸੇ ਕਰਕੇ ਇਹ ਸਾਡੇ ਉਤੇ ਪ੍ਰਭਾਵ ਪਾਉਂਦੀ ਹੈ।

ਇਥੇ ਪਹੁੰਚ ਕੇ ਹੀ ਏਸੇ ਥਾਂ ਪਹੁੰਚ ਕੇ ਹੀ ਅਸੀਂ ਮੈਡੀਟੇਸ਼ਨ ਵਿਚ ਮੰਤਰ ਦੀ ਮਹੱਤਤਾ ਮਹਿਸੂਸ ਕਰਦੇ ਹਾਂ, ਮੰਤਰ ਇਤੇ ਹੀ ਇਕ ਅਮੋਲਕ ਵਸਤੂ ਬਣ ਜਾਂਦੀ ਹੈ। ਮੰਤਰ ਇਕ ਬੀਜ ਦੀ ਤਰ੍ਹਾਂ ਹੈ ਤੇ ਅਸੀਂ ਇਕ ਮਿੱਟੀ ਦੀ ਤਰ੍ਹਾਂ। ਮੰਤਰ ਨੂੰ ਉਜਾਗਰ ਹੋਣ ਲਈ, ਪ੍ਰਗਟ ਹੋਣ ਲਈ ਸਮਾਂ ਚਾਹੀਦਾ ਹੈ। ਮੰਤਰ ਨੂੰ ਬੀਜ ਦੀ ਤਰ੍ਹਾਂ ਸਿੰਚਣਾ ਚਾਹੀਦਾ ਹੈ, ਉਸ ਦੀ ਪਰਵਰਿਸ਼ ਹੋਣੀ ਚਾਹੀਦੀ ਹੈ। ਮੰਤਰ ਨੂੰ ਜਪੋ, ਜਪਦੇ ਰਹੋ, ਮਨ ਦੇ ਅੰਦਰ, ਜੀਭ ਤੇ ਅਜਪਾ ਜਾਪ ਕਰਦੇ ਹੀ ਰਹੋ। ਹੌਲੀ-ਹੌਲੀ ਇਕ ਨਵਾਂ ਵਿਸ਼ਾ ਪੈਦਾ ਹੋ ਜਾਵੇਗਾ ਉਹ ਤੁਹਾਡੇ ਮਨ ਦੇ ਅੰਦਰ ਘਰ ਕਰ ਲਵੇਗਾ। ਅੰਤ ਵਿਚ ਅਸੀਂ ਆਪਣੇ ਵਿਚਾਰ ਨਹੀਂ ਦੇਖਾਂਗੇ, ਅਸੀਂ ਦੇਖਾਂਗੇ ਕਿ ਅਸੀਂ ਤਾਂ ਮੰਤਰ ਨੂੰ ਜਪ ਰਹੇ ਹਾਂ, ਸਾਡੇ ਅੰਦਰ ਮੰਤਰ ਚਲ ਰਿਹਾ ਹੈ। ਇਹ ਸਿੱਖਣ ਦੀਆਂ ਪੌੜੀਆਂ ਹਨ - ਆਤਮ ਚਿੰਤਨ, ਪ੍ਰੇਖਣ, ਦਰਸ਼ਕ ਹੋਣਾ ਤੇ ਮੁਕਤ ਹੋਣਾ। ਚੰਗੇ ਮੰਦੇ ਸਾਰੇ ਵਿਚਾਰ ਆਉਣੇ ਬੰਦ ਹੋ ਜਾਣਗੇ, ਜਦੋਂ ਅਸੀਂ ਉਸ ਨਾਲ ਇਕ ਰੂਪ ਹੋਣਾ ਛੱਡ ਦਿਆਂਗੇ। ਅਸੀਂ ਦੇਖਾਂਗੇ ਕਿ ਫੇਰ ਇਹ ਕੇਵਲ ਇਕ ਮਾਨਸਿਕ ਵਿਸ਼ਾ ਬਣ ਕੇ ਰਹਿ ਜਾਣਗੇ ਜਿਨ੍ਹਾਂ ਨੂੰ ਅਸੀਂ ਦੇਖਾਂਗੇ ਤੇ ਦਰਸ਼ਕ ਹੋਵਾਂਗੇ। ਅਸੀਂ ਇਹ ਜਾਣ ਜਾਵਾਂਗੇ ਜਿਹੜਾ ਅਸੀਂ ਪ੍ਰਾਪਤ ਕਰ ਲਿਆ ਹੈ, ਸਿੱਧ ਕਰ ਲਿਆ ਹੈ ਜਿਹੜਾ ਕਦੇ ਬਦਲਦਾ ਨਹੀਂ ਹੈ, ਉਹ ਹੈ ਸਵੈ ਆਪਾ ਆਤਮਾ ਜਿਹੜਾ ਬਦਲਦਾ ਹੈ। ਜਿਹੜਾ ਵਿਸਤ੍ਰਿਤ ਹੁੰਦਾ ਹੈ ਜਿਸ ਦਾ ਵਿਕਾਸ ਹੁੰਦਾ ਹੈ ਜਿਹੜਾ ਢਲ ਜਾਂਦਾ ਹੈ ਉਹ ਹੈ ਅਣਆਤਮਾ, ਮਾਇਆ ਸੰਸਾਰੀ। ਜਿਵੇਂ-ਜਿਵੇਂ ਮੈਡੀਟੇਸ਼ਨ ਅੱਗੇ ਵਧਦੀ ਹੈ ਅਸੀਂ ਇਨ੍ਹਾਂ ਦੋਨਾਂ ਨੂੰ ਵੱਖ ਕਰਨ ਲੱਗ ਪੈਂਦੇ ਹਾਂ, ਅਸੀਂ ਸਵੈ ਨੂੰ ਆਪਣਾਉਂਦੇ ਚਲੇ ਜਾਂਦੇ ਹਾਂ, ਆਤਮਾ ਤਕ ਪਹੁੰਚਦੇ ਜਾਂਦੇ ਹਾਂ। ਮਾਇਆ ਤੋਂ ਸੰਸਾਰ ਤੋਂ ਦੂਰ ਹੁੰਦੇ ਜਾਂਦੇ ਹਾਂ, ਇਸ ਗੱਲ ਦੀ ਪ੍ਰਾਪਤੀ ਲਈ ਸਾਨੂੰ ਲੋੜ ਹੈ ਕੇਵਲ ਆਪਾ ਚੀਨਣ ਦੀ ਤੇ ਮੰਤਰ ਦ੍ਰਿੜ੍ਹ ਕਰਕੇ ਅੰਦਰ ਉਤਾਰਨ ਦੀ ਮੰਤਰ ਤੁਹਾਡੀ ਨਸ-ਨਸ ਵਿਚ ਵਸ ਜਾਣਾ ਚਾਹੀਦਾ ਹੈ।

«««««««

# ਯੋਗਾ ਉਪਰ ਲੈਕਚਰ

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਸਮਾਧੀ

ਇਕਾਗਰਤਾ ਨਾਲ ਇਕ ਨਿਸ਼ਾਨੇ ਤੇ ਇਕ ਵਿਸ਼ੇਸ਼ ਚਿੰਨ ਤੇ ਮਨ ਟਿਕਣ ਲਗ ਪੈਂਦਾ ਹੈ, ਦੇਰ ਤੱਕ ਇਕਾਗਰਤਾ ਬਣੀ ਰਹੀ ਉਹ ਮੈਡੀਟੇਸ਼ਨ ਦਾ ਰੂਪ ਹੋ ਜਾਂਦੀ ਹੈ, ਮੈਡੀਟੇਸ਼ਨ ਨਾਲ ਮਨ ਦਾ ਵਿਸਤਾਰ ਹੋ ਕੇ ਉਪ ਚੇਤਨ ਅਵਸਥਾ ਤੇ ਪਹੁੰਚ ਜਾਂਦਾ ਹੈ ਜਿਸ ਨੂੰ ਸਮਾਧੀ ਕਹਿੰਦੇ ਹਾਂ। ਪੰਤਾਜਲ ਨੇ ਇਸਨੂੰ ਸਮਾਧੀ ਦਾ ਨਾਮ ਦਿੱਤਾ ਹੈ, ਇਹ ਰਾਜ ਯੋਗ ਦੀ ਪ੍ਰਣਾਲੀ ਹੈ। ਪੰਤਾਜਲ ਨੇ ਸਾਨੂੰ ਚੇਤਾਵਨੀ ਦਿਤੀ ਹੈ, ਇਕਾਗਰਤਾ ਦੇ ਨਾਲ ਮੋਹ ਤੋਂ ਮੁਕਤ ਹੋਣਾ ਵੀ ਅਵੱਸ਼ਕ ਹੈ। ਜਿਹੜਾ ਇਕਾਗਰ ਹੋ ਕੇ ਸੰਸਾਰਕ ਮੋਹ ਵਿਚ ਵੀ ਫਸਿਆ ਰਹਿੰਦਾ ਹੈ ਉਹ ਜਾਂ ਤਾਂ ਬਿਲਕੁਲ ਅਸਫਲ ਹੋ ਜਾਵੇਗਾ ਜਾਂ ਉਸ ਦੀ ਇਕਾਗਰਤਾ ਦੀ ਸ਼ਕਤੀ ਉਸਨੂੰ ਕਿਸੇ ਗਲਤ ਪਾਸੇ ਲੈ ਜਾਵੇਗੀ ਕਿਉਂਕਿ ਉਹ ਉਸਨੂੰ ਆਪਣੇ ਸੁਆਰਥ ਲਈ ਵਰਤੇਗਾ।

ਮੋਹ ਦੇ ਭੈ ਦਾ ਉਦਾਹਰਣ ਅੱਜ ਦੇ ਮਨੁੱਖ ਦੀ ਤਕਨੀਕੀ ਤਰੱਕੀ ਹੈ। ਬਾਹਰੀ ਸੰਸਾਰ ਦੀ ਘੋਖ ਤੋਂ ਬਾਅਦ ਉਸ ਨੇ ਕਿਸੇ ਹੱਦ ਤੱਕ ਕੁਦਰਤ ਨੂੰ ਬੰਨ੍ਹ ਲਿਆ ਹੈ ਪਰ ਉਸ ਦੇ ਸੰਸਾਰਕ ਮੋਹ ਨੇ ਉਸਨੂੰ ਇਨ੍ਹਾਂ ਤਾਕਤਾਂ ਨੂੰ ਦੁਰਵਰਤੋਂ ਵਿਚ ਪਾ ਦਿਤਾ ਹੈ। Atomic energy ਮਨੁੱਖਤਾ ਦੀ ਭਲਾਈ ਲਈ ਵਰਤੀ ਜਾ ਸਕਦੀ ਸੀ। ਹਾਂ! ਉਹ ਤਾਂ ਹੋ ਸਕਦਾ ਸੀ ਜੇ ਮਨੁੱਖ ਦੀ ਰੁਚੀ ਮਨੁੱਖਤਾ ਦੀ ਭਲਾਈ ਲਈ ਹੁੰਦੀ। ਭਲਾਈ ਦੀ ਥਾਂ ਇਹ ਤਾਂ ਮਨੁੱਖਤਾ ਲਈ ਇਕ ਡਰ ਬਣ ਗਿਆ ਹੈ ਮਨੁੱਖਤਾ ਦੇ ਬਚਾਓ ਲਈ ਇਕ ਖਤਰਾ ਬਣ ਗਿਆ ਹੈ। ਮਨੁੱਖ ਨੂੰ ਮਨੁੱਖਤਾ ਦੀ ਕੋਈ ਹਮਦਰਦੀ ਹੀ ਨਹੀਂ ਕੋਈ ਸਹਾਨਭੂਤੀ ਹੀ ਨਹੀਂ। ਇਸ ਪਾਸੇ ਕੋਈ ਮਨੋਬਿਰਤੀ ਹੀ ਨਹੀਂ। ਅੱਜ ਨਿਊਕਲਿਅਰ ਵਿਭਾਜਨ ਦਾ ਡਰ ਅਣੂ ਵਿਚ ਨਹੀਂ atom ਵਿਚ ਨਹੀਂ, ਡਰ ਹੈ ਤਾਂ ਮਨੁੱਖ ਦੇ ਮੋਹ ਤੋਂ। ਮੋਹ ਤੋਂ ਮੁਕਤ ਹੋਣ ਤੋਂ ਇਹ ਭਾਵ ਨਹੀਂ ਕਿ ਤੁਸੀਂ ਤਿਆਗ ਕਰ ਦਿਓ, ਸੰਨਿਆਸ ਲੈ ਲਓ, ਭਾਵੇਂ ਬਹੁਤ ਸਾਰੇ ਲੋਕੀ ਇਸ ਦਾ ਅਰਥ ਸੰਨਿਆਸ ਤੇ ਤਿਆਗ ਹੀ ਲੈਂਦੇ ਹਨ। ਮੋਹ ਤੋਂ ਮੁਕਤ ਹੋ ਕੇ ਜੀਉਣ ਤੋਂ ਭਾਵ ਹੈ ਜੀਵਨ ਜੀਉਣ ਦੀ ਜਾਚ ਪੂਰੀ ਤਰ੍ਹਾਂ ਸੰਪੂਰਣਤਾ ਨਾਲ ਸਿੱਖ ਲੈਣੀ, ਜਾਣ ਲੈਣੀ ਚਾਹੀਦੀ ਹੈ, ਆਪਣੀਆਂ ਡਿਊਟੀਆਂ ਸੁਚੱਜੀ ਤਰ੍ਹਾਂ ਨਾਲ ਕਰ ਲੈਣੀਆਂ ਚਾਹੀਦੀਆਂ ਹਨ। ਜੀਵਨ ਦਾ ਅਨੰਦ ਲੈਣਾ ਚਾਹੀਦਾ ਹੈ, ਇਹ ਸਭ ਕੁਝ ਕਰਦਿਆਂ ਸੰਸਾਰ ਵਿਚ ਖੁਭਣਾ ਨਹੀਂ ਚਾਹੀਦਾ। ਵਿਚ ਰਹਿੰਦੇ ਹੋਏ ਉਪਰ-ਉਪਰ ਰਹਿਣਾ ਚਾਹੀਦਾ ਹੈ ਕਿਸੇ ਤੇ ਨਿਰਭਰ ਨਹੀਂ ਹੋਣਾ ਚਾਹੀਦਾ, ਨਾ ਹੀ ਸੰਸਾਰ ਦੀ ਕਿਸੇ ਵਸਤੂ ਦਾ ਨਸ਼ਾ ਹੋਣਾ ਚਾਹੀਦਾ ਹੈ। ਤੁਸੀਂ ਕੁਦਰਤ ਦੀ ਤਾਕਤ ਨੂੰ ਵਿਸ਼ਿਆਂ ਨੂੰ ਇਕ ਸਾਧਨ ਜਾਣ ਕੇ ਚੇਤਨਾ ਦੇ ਵਿਸਤਾਰ ਲਈ ਵਰਤ ਸਕਦੇ ਹੋ। ਇਹ ਕਿਸੇ ਲਈ ਵੀ ਅਵਸ਼ਕ ਨਹੀਂ ਕਿ ਉਹ ਸੰਸਾਰ ਨੂੰ ਤਿਆਗੇ ਤਾਂ ਹੀ ਉਸਨੂੰ ਸਮਾਧੀ ਮਿਲੇਗੀ।

ਮੋਹ ਤੋਂ ਮੁਕਤ ਹੋਣ ਦੀ ਮਨੋਬਿਰਤੀ, ਵਿਹਾਰ ਕਿਸ ਤਰ੍ਹਾਂ ਪੈਦਾ ਕੀਤਾ ਜਾਵੇ। ਸਭ ਤੋਂ ਪਹਿਲਾਂ ਅਸੀਂ ਜੋ ਕਰਦੇ ਹਾਂ ਭਾਵ ਪ੍ਰੈਕਟੀਕਲ ਪੱਧਰ ਤੇ ਆਪਣੇ ਕਰਮ ਤੋਂ ਸ਼ੁਰੂ ਕਰ ਸਕਦੇ ਹਾਂ। ਸੰਤਾਂ ਦੀਆਂ ਜੀਵਨੀਆਂ ਪੜ੍ਹੋ, ਉਨ੍ਹਾਂ ਦੇ ਜੀਵਨ ਨੂੰ ਦੇਖੋ ਜਾਂ ਘੋਖੋ, ਸੰਤਾਂ ਨਾਲ ਪਿਆਰ ਪਾਓ ਉਨ੍ਹਾਂ ਦੇ ਜੀਵਨ ਤੋਂ ਸਿੱਖੋ, ਉਨ੍ਹਾਂ ਦੇ ਜੀਵਨ ਚਾਨਣ ਮੁਨਾਰੇ ਹਨ ਉਨ੍ਹਾਂ ਤੋਂ ਸਿੱਖੋ ਆਪਣੇ ਜੀਵਨ ਨੂੰ ਢਾਲੋ। ਇਸ ਤਰ੍ਹਾਂ ਕਰਨ ਨਾਲ ਤੁਸੀਂ ਮੋਹ ਤੋਂ ਮੁਕਤ ਹੋ ਜਾਓਗੇ, ਸੰਤਾਂ ਮਹਾਤਮਾ ਦੇ ਨਿਯਮ ਅਸੂਲਾਂ ਨਾਲ ਪਿਆਰ ਕਰਕੇ ਤੁਸੀਂ ਮਨੁੱਖਾਂ ਨਾਲ ਪਿਆਰ ਕਰ ਸਕਦੇ ਹੋ। ਮੋਹ ਤੋਂ ਮੁਕਤ ਹੋਣ ਦਾ ਦੂਸਰਾ ਤਰੀਕਾ ਹੈ, ਬ੍ਰਹਮਾ ਦੀ ਪ੍ਰਾਪਤੀ, ਸਤਿ ਦਾ ਧੁਰਾ, ਜੋ ਕਿ ਇਤਿਹਾਸ ਦੇ ਵੱਡੇ-ਵੱਡੇ ਮਹਾਂਪੁਰਖਾਂ ਨੇ ਦਿਖਾਇਆ ਹੈ ਪ੍ਰਗਟ ਕੀਤਾ ਹੈ। ਇਹ ਸੋਚਦੇ ਸਮਝਦੇ ਹੋਏ ਕਿ ਇਹ ਹਰ ਮਹਾਂਪੁਰਖ ਬ੍ਰਹਮਾ ਦਾ ਹੀ ਰੂਪ ਹੈ ਜਦੋਂ ਤੁਸੀਂ ਇਹ ਜਾਣ ਕੇ ਚਲੋਗੇ, ਤੁਸੀਂ ਛੇਤੀ ਹੀ ਬ੍ਰਹਮ ਦੀ ਪ੍ਰਾਪਤੀ ਕਰ ਲਵੋਗੇ, ਤੁਸੀਂ ਹਰ ਕਣ ਵਿਚ ਬ੍ਰਹਮ ਹੀ ਦੇਖੋਗੇ, ਜੋ ਕਿ ਅਸੀਂ ਸਾਰੇ ਹਾਂ।

ਸਮਾਧੀਆਂ ਦੀਆਂ ਦੋ ਅਵਸਥਾ ਹਨ ਸਾਵਿਕਲਪ ਸਮਾਧੀ ਹੇਠਾਂ ਦੀ ਅਵਸਥਾ ਹੈ, ਇਸ ਅਵਸਥਾ ਵਿਚ ਤੁਸੀਂ ਆਪਣੇ ਆਪ ਵਿਚ ਰਹਿੰਦੇ ਹੋ। ਸੱਚ ਦੀ ਖੋਜ ਕਰਨ ਵਾਲਾ ਸੱਚ ਦੇਖਦਾ ਹੈ ਪਰ ਆਪਣਾ ਆਪ ਵੀ ਰਖਦਾ ਹੈ। ਭਾਵ ਧੇਅ ਤੇ ਧਿਆਤਾ ਦੋ ਹੁੰਦੇ ਹਨ ਪਰ ਉਸ ਨੂੰ

ਸਾਵਿਕਲਪ ਸਮਾਧੀ ਤੋਂ ਪਾਰ ਜਾਣ ਦੀ ਲੋੜ ਹੈ ਉਸ ਨੂੰ ਨਿਰਵਿਕਲਪ ਸਮਾਧੀ ਦੀ ਅਵਸਥਾ ਤੇ ਜਾਣ ਦੀ ਲੋੜ ਹੈ। ਜਿਸ ਵਿਚ ਧਿਆਨ, ਧੇਅ, ਧਿਆਤਾ ਇਕ ਹੋ ਜਾਂਦੇ ਹਨ. ਆਤਮਾ ਦਾ ਮੇਲ ਬ੍ਰਹਮ ਨਾਲ ਹੋ ਜਾਂਦਾ ਹੈ ਇਹ ਅਵਸਥਾ ਅਤਿ ਅਨੰਦ ਦੀ ਅਵਸਥਾ ਹੈ। ਜਗਿਆਸੂ ਦੀ ਸ਼ਰਧਾ ਪੂਰਣ ਹੋ ਜਾਂਦੀ ਹੈ ਉਹ ਸ਼ਰਧਾ ਲੀਨ ਹੋ ਕੇ ਦਵੰਦ ਤੋਂ ਮੁਕਤ ਹੋ ਜਾਂਦਾ ਹੈ।

ਜਿਹੜਾ ਕੇਵਲ ਆਪ ਨਿਰਵਿਕਲਪ ਸਮਾਧੀ ਦੀ ਅਵਸਥਾ ਲੈ ਚੁੱਕਾ ਹੋਵੇ ਆਪ ਜਾਗ੍ਰਤ ਯੋਗੀ ਹੋਵੇ ਕੇਵਲ ਉਹ ਹੀ ਦੂਸਰਿਆਂ ਦਾ ਮਾਰਗ ਦਰਸ਼ਨ ਕਰ ਸਕਦਾ ਹੈ। ਜਗਿਆਸੂ ਨੂੰ ਨਿਰਵਿਕਲਪ ਸਮਾਧੀ ਦੇ ਸਕਦਾ ਹੈ ਇਹੋ ਜਿਹੇ ਯੋਗੀ ਕਿਸੇ ਬੰਧਨ ਵਿਚ ਨਹੀਂ ਹੁੰਦੇ, ਉਹ ਸਮਾਂ, ਸਥਾਨ, ਕਾਰਣ ਤੋਂ ਉਪਰ ਹੁੰਦੇ ਹਨ, ਉਹ ਸਦਾ ਹੀ ਮੁਕਤ ਹੁੰਦੇ ਹਨ, ਉਹ ਬ੍ਰਹਮ ਦੇ ਹੀ ਇਕ ਹਿੱਸਾ ਹੁੰਦੇ ਹਨ ਜਦੋਂ ਚਾਹੁੰਣ ਉਹ ਸਹਿਜ ਚੇਤਨ ਹੋ ਸਕਦੇ ਹਨ ਉਨ੍ਹਾਂ ਨੇ ਸਤਿ ਦੀ ਪ੍ਰਾਪਤੀ ਕਰ ਲਈ ਹੈ, ਅਨੰਦਮਈ ਹੋ ਗਏ ਹਨ।

ਸੰਸਾਰ ਤੋਂ ਇਕ ਪਾਸੇ ਹੋਣਾ ਆਪਣੇ ਆਪ ਨੂੰ ਸੰਸਾਰ ਤੋਂ ਸਮੇਟ ਲੈਣਾ, ਗੂੜ੍ਹੀ ਨੀਂਦ ਵਿਚ ਸੌਣਾ ਇਨ੍ਹਾਂ ਦੋ ਅਵਸਥਾ ਵਿਚ ਸਮਾਨਤਾ ਹੈ, ਨਿਰਵਿਕਲਪ ਸਮਾਧੀ, ਗੂੜ੍ਹੀ ਨੀਂਦ ਵਿਚ ਸਮਾਨਤਾ ਹੈ, ਨਹੀਂ ਪਰ ਜਦੋਂ ਜਾਂਚੋ ਤਾਂ ਦੇਖੋਗੇ ਕਿ ਬਹੁਤ ਫਰਕ ਹੈ। ਇਕ ਅਚੇਤ ਅਵਸਥਾ ਹੈ ਦੂਸਰੀ ਚੇਤਨਾ ਦੀ ਪਰਮ ਅਵਸਥਾ ਹੈ। ਉਦਾਹਰਣ ਵਜੋਂ ਦੋ ਸੱਜਣ ਰਾਜੇ ਨੂੰ ਦੇਖਣ ਜਾਂਦੇ ਹਨ ਇਕ ਜਾ ਕੇ ਰਾਜੇ ਦੇ ਅੱਗੇ ਸੌਂ ਜਾਂਦਾ ਹੈ। ਦੂਸਰਾ ਸੁਚੇਤ ਹੋ ਕੇ ਜਾਗਦਾ ਰਹਿੰਦਾ ਹੈ, ਉਹ ਰਾਜੇ ਦੀ ਹੋਂਦ ਨੂੰ ਚੰਗੀ ਤਰ੍ਹਾਂ ਦੇਖਦਾ ਹੈ, ਉਥੇ ਹੋਣ ਦਾ ਅਨੰਦ ਮਾਣਦਾ ਹੈ। ਜਿਹੜਾ ਸੁਚੇਤ ਹੋ ਕੇ ਜਾਗਦਾ ਰਹਿੰਦਾ ਹੈ, ਉਹ ਸਮਾਧੀ ਦਾ ਅਨੰਦ ਮਾਣ ਰਿਹਾ ਹੈ, ਦੂਸਰਾ ਜਿਹੜਾ ਸੌਂ ਜਾਂਦਾ ਹੈ ਉਹ ਅਗਿਆਨ ਦੇ ਹਨ੍ਹੇਰੇ ਵਿਚ ਹੀ ਫਸਿਆ ਰਹਿੰਦਾ ਹੈ। ਗੂੜ੍ਹੀ ਨੀਂਦ ਵਿਚ ਤੁਸੀਂ ਸੱਤ ਦੇ ਬੜੇ ਹੀ ਬਿਲਕੁਲ ਨੇੜੇ ਹੁੰਦੇ ਹੋ ਪਰ ਤੁਸੀਂ ਉਸ ਦਾ ਅਨੁਭਵ ਨਹੀਂ ਲੈ ਰਹੇ। ਤੁਸੀਂ ਸੱਤ ਦੇ ਕੋਲ ਹੋ, ਤੁਸੀਂ ਸੱਤ ਨੂੰ ਜਾਣਿਆ ਨਹੀਂ, ਉਸ ਲਈ ਸੁਚੇਤ ਨਹੀਂ ਹੋ।

ਨੀਂਦ ਵਿਚ ਵੀ ਯੋਗੀ ਪੂਰੀ ਤਰ੍ਹਾਂ ਨਾਲ ਜਾਗ੍ਰਤ ਅਵਸਥਾ ਵਿਚ ਹੁੰਦੇ ਹਨ, ਉਹ ਬ੍ਰਹਮ ਵਿਚ ਸਮਾਏ ਹੁੰਦੇ ਹਨ। ਜਾਗ੍ਰਤ ਅਵਸਥਾ ਉਹ ਸੰਸਾਰ ਲਈ ਪੂਰੀ ਨੀਂਦ ਵਿਚ ਹੁੰਦੇ ਹਨ। ਇਸ ਰੂਹਾਨੀ ਪ੍ਰੇਮ ਵਿਚ ਪ੍ਰੇਮੀ ਤੇ ਪ੍ਰੇਮਿਕਾ, ਵਿਸ਼ੇ ਤੇ ਵਸਤੂ ਇਕ ਹੋ ਜਾਂਦੇ ਹਨ ਉਸ ਸਰਵ ਉਚ, ਸਰਵ ਸ੍ਰੇਸ਼ਟ ਪ੍ਰੇਮ ਦੇ ਸਾਗਰ ਵਿਚ ਮਿਲ ਜਾਂਦੇ ਹਨ। ਇਸ ਅਨੰਦ ਨੂੰ ਸ਼ਬਦਾਂ ਵਿਚ ਪ੍ਰਗਟ ਕਰਨਾ ਅਸੰਭਵ ਹੈ, ਇਹ ਅਨੰਦ ਪਰਾ ਚੇਤਨ ਅਵਸਥਾ ਦਾ ਅਨੰਦ ਹੈ। ਇਹ ਅਨੰਦ ਦਾ ਅਨੰਦ ਤੁਸੀਂ ਆਪਣੇ ਅਨੁਭਵ ਤੋਂ ਹੀ ਜਾਣ ਸਕਦੇ ਹੋ, ਕੋਈ ਇਸ ਨੂੰ ਤੁਹਾਡੇ ਲਈ ਨਹੀਂ ਦੱਸ ਸਕਦਾ।

'ਸਮਾਹਤਮ' ਸ਼ਬਦ ਦੇ ਅਰਥ ਹਨ, ਉਹ ਅਵਸਥਾ ਜਿਥੇ ਤੁਹਾਡੇ ਸਾਰੇ ਪ੍ਰਸ਼ਨਾਂ ਦੇ ਉਤਰ ਮਿਲ ਜਾਂਦੇ ਹਨ, ਇਹ ਤੁਹਾਨੂੰ ਸਮਾਧੀ ਦੀ ਅਨੁਭਵਾਤਮ ਗੁਣ ਬਾਰੇ ਜਾਣੂ ਕਰਾਉਂਦੀ ਹੈ, ਜਦੋਂ ਤੁਹਾਡੇ ਸਾਰੇ ਪ੍ਰਸ਼ਨਾਂ ਦੇ ਉਤਰ ਮਿਲ ਜਾਂਦੇ ਹਨ। ਤੁਹਾਡਾ ਕੋਈ ਦਵੰਦ ਨਹੀਂ ਰਹਿੰਦਾ। ਉਸ ਤੋਂ ਬਾਅਦ ਮਨ ਉਚੀਆਂ ਉਡਾਰੀਆਂ ਮਾਰਦਾ ਹੈ ਜਿਸ ਦੀ ਕੋਈ ਭਾਸ਼ਾ ਨਹੀਂ ਜਿਸਨੂੰ ਭਾਈ ਸਾਹਿਬ ਭਾਈ ਵੀਰ ਸਿੰਘ ਨੇ ਇਸ ਤਰ੍ਹਾਂ ਨਾਲ ਲਿਖਿਆ –

ਜਿਨ੍ਹਾਂ ਉਚਆਈਆਂ ਉਤੋਂ 'ਬੁੱਧੀ' ਖੰਭ ਸਾੜ ਬੈਠੀ,
ਮੱਲੋ ਮੱਲੀ ਓਥੇ ਦਿਲ ਮਾਰਦਾ ਉਡਾਰੀਆਂ।

ਸਾਡਾ ਸੁਭਾਅ ਹੈ ਸਭ ਕੁਝ ਭਾਸ਼ਾ ਵਿਚ ਸੋਚਣਾ ਤੇ ਬੋਲਣਾ, ਜਿਥੇ ਤੁਸੀਂ ਪਹੁੰਚ ਜਾਂਦੇ ਹੋ ਉਥੇ ਕੋਈ ਭਾਸ਼ਾ ਹੈ ਹੀ ਨਹੀਂ, ਇਸੇ ਕਰਕੇ ਇਸ ਅਵਸਥਾ ਨੂੰ 'ਭਾਵਤਿਤਾ' ਕਿਹਾ ਗਿਆ ਹੈ ਜਿਸ ਦੇ ਅਰਥ ਹਨ 'ਭਾਵਨਾ ਤੋਂ ਪਰ੍ਹੇ।' ਪੰਤਾਜਲ ਅਨੁਸਾਰ ਸਮਾਧੀ ਇਕ ਯੋਗੀ ਲਈ ਉਚਤਮ, ਪਰਮ ਉਚ ਅਵਸਥਾ ਹੈ।

ਦੂਸਰੀਆਂ ਪਰਪਾਟੀਆਂ ਵਿਚ ਸਮਾਧੀ ਸ਼ਬਦ ਦੀ ਵਰਤੋਂ ਨਹੀਂ ਕੀਤੀ ਜਾਂਦੀ। ਬੁੱਧ ਮਜ਼ਹਬ ਦੀ ਜਿਹੜੀ ਸ਼ਾਖਾ ਮੈਡੀਟੇਸ਼ਨ ਵਿਚ ਵਿਸ਼ਵਾਸ਼ ਰੱਖਦੀ ਹੈ ਉਹ 'ਨਿਵਾਨ' ਸ਼ਬਦ ਦੀ ਵਰਤੋਂ ਕਰਦੇ ਹਨ, ਜਿਸ ਤੋਂ ਉਨ੍ਹਾਂ ਦਾ ਭਾਵ ਹੈ ਚੇਤਨਾ ਦੀ ਉਹ ਅਵਸਥਾ ਜਿਹੜੀ ਨਿਖੇਧੀ ਤੋਂ ਬਾਅਦ ਤੁਹਾਡਾ ਅਨੁਭਵ ਹੁੰਦਾ ਹੈ, ਜਿਹੜਾ ਕਿ ਬਿਲਕੁਲ ਖਾਲੀਪਨ ਦਾ ਬਿਲਕੁਲ ਸੁੰਝੇਪਨ ਦਾ ਅਨੁਭਵ ਹੁੰਦਾ ਹੈ, ਉਸਨੂੰ ਨਿਰਵਾਨ ਕਹਿੰਦੇ ਹਨ। ਅਦ੍ਵੈਤ ਸਕੂਲ ਵਾਲੇ, ਫਿਲੌਸਫੀ ਵਾਲੇ ਨਿਰਵਾਨ ਤੋਂ ਅੱਗੇ ਵੀ ਕੁਝ ਦਸਦੇ ਹਨ। ਇਨ੍ਹਾਂ ਅਨੁਸਾਰ ਉਚਤਮ ਅਵਸਥਾ ਸਾਖਸ਼ਾਤਕਾਰ (Sakshatkar) ਹੈ ਇਹ ਅਵਸਥਾ ਸਮਾਧੀ ਦੀ ਅਵਸਥਾ ਹੀ ਹੈ, ਜਿਸਨੂੰ ਪੰਤਾਜਲ ਨੇ ਸਮਾਧੀ ਕਿਹਾ

ਹੈ। ਰਾਜ ਯੋਗ ਅਨੁਸਾਰ ਜਦੋਂ ਵਿਅਕਤੀਗਤ ਚੇਤਨਾ ਵਿਸਤ੍ਰਿਤ ਹੋ ਕੇ ਵਿਸ਼ਵ ਚੇਤਨਾ ਦਾ ਰੂਪ ਲੈਂਦੀ ਹੈ ਜਦੋਂ ਮਨੁੱਖ 'ਜੀਵ' ਤੋਂ 'ਪੁਰਖ' ਬਣਦਾ ਹੈ, ਫੇਰ ਸਮਾਧੀ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਅਵਸਥਾ ਮਨ, ਕਰਮ, ਬਚਨਾਂ ਤੋਂ ਪਰ੍ਹੇ ਦੀ ਅਵਸਥਾ ਹੈ। ਯੋਗ ਦੀ ਇਹ ਅੱਠਵੀਂ ਤੇ ਆਖਰੀ ਪੌੜੀ ਹੈ, ਇਹ ਪੌੜੀ ਯੋਗੀ ਉਦੋਂ ਹੀ ਚੜ੍ਹਦਾ ਹੈ ਜਦੋਂ ਜਗਿਆਸੂ ਆਪਣੀ ਤਪਸਿਆ ਦੇ ਅਭਿਆਸ ਵਿਚ ਸਥਿਰ ਹੋ ਜਾਂਦਾ ਹੈ, ਮੈਡੀਟੇਸ਼ਨ ਲੰਮੇ ਸਮੇਂ ਤਕ ਬਿਨਾਂ ਕਿਸੇ ਵਿਘਨ ਦੇ ਕਰ ਸਕਦਾ ਹੈ, ਪੂਰੀ ਅਵਸਥਾ ਨਾਲ ਸ਼ਰਧਾ ਨਾਲ ਮੈਡੀਟੇਸ਼ਨ ਕਰਕੇ, ਜਦੋਂ ਆਪਾ ਖਤਮ ਹੋ ਜਾਂਦਾ ਹੈ, ਮਨ ਦਾ ਗੁਪਤ ਕੰਟਰੋਲ ਹੋ ਜਾਂਦਾ ਹੈ, ਸਮਾਧੀ ਪ੍ਰਾਪਤ ਹੋ ਜਾਂਦੀ ਹੈ।

ਹੇਠਾਂ ਦਿਤੇ ਗਏ ਕੁਝ ਨੁਕਤੇ ਮੈਡੀਟੇਸ਼ਨ ਲਈ ਸਹਾਇਕ ਹੋ ਸਕਦੇ ਹਨ -

1. ਜਿਹੜੇ ਵੀ ਆਤਮ ਮਾਰਗ ਤੇ ਤੁਸੀਂ ਚਲਦੇ ਹੋ ਉਸਦਾ ਅਭਿਆਸ ਨਿਰੰਤਰ ਕਰੋ, ਨਿਯਮਬੱਧ ਹੋ ਕੇ ਕਰੋ, ਤਰੀਕੇ ਨਾਲ ਕਰੋ।

2. ਸੁਸਤੀ, ਆਲਸ ਇਹ ਸਭ ਤੋਂ ਵੱਡੇ ਸ਼ਤਰੂ ਹਨ। ਜੀਵਨ ਬਹੁਤ ਛੋਟਾ ਹੈ, ਸਮਾਂ ਤਾਂ ਬੀਤਦਾ ਜਾ ਰਿਹਾ ਹੈ, ਸਮਾਂ ਕਦੀ ਵੀ ਕਿਸੇ ਦਾ ਇੰਤਜ਼ਾਰ ਨਹੀਂ ਕਰਦਾ, ਔਕੜਾਂ ਬਹੁਤ ਹਨ, ਰੁਕਾਵਟਾਂ ਬਹੁਤ ਹਨ। ਇਨ੍ਹਾਂ ਔਕੜਾਂ ਨੂੰ ਇਨ੍ਹਾਂ ਰੁਕਾਵਟਾਂ ਤੇ ਵਿਜੈ ਪ੍ਰਾਪਤ ਕਰੋ, ਇਨ੍ਹਾਂ ਨੂੰ ਪਾਰ ਕਰੋ, ਸ਼ਰਧਾ ਨਾਲ, ਮਿਹਨਤ ਨਾਲ, ਅਰਦਾਸ ਨਾਲ, ਪ੍ਰਭੂ ਉਨ੍ਹਾਂ ਦੀ ਸਹਾਇਤਾ ਕਰਦਾ ਹੈ ਜਿਹੜੇ ਸੱਚੀ ਸ਼ਰਧਾ ਨਾਲ ਅਰਦਾਸ ਕਰਦੇ ਹਨ।

3. ਜਿਵੇਂ ਅਸੀਂ ਸਵੇਰੇ ਖਾਂਦੇ ਹਾਂ, ਦੁਪਹਿਰ ਨੂੰ ਖਾਂਦੇ ਹਾਂ ਫੇਰ ਰਾਤ ਨੂੰ ਖਾਂਦੇ ਹਾਂ ਇਸੇ ਤਰ੍ਹਾਂ ਤੁਹਾਨੂੰ ਚਾਰ ਵਾਰ ਮੈਡੀਟੇਸ਼ਨ ਕਰਨੀ ਚਾਹੀਦੀ ਹੈ, ਜੇ ਤੁਸੀਂ ਚਾਹੁੰਦੇ ਹੋ ਕਿ ਸਤਿ ਦੀ ਪ੍ਰਾਪਤੀ ਤੁਹਾਨੂੰ ਛੇਤੀ ਹੋਵੇ, ਦਿਨ ਵਿਚ ਚਾਰ ਵਾਰੀ ਮੈਡੀਟੇਸ਼ਨ ਅਵਸ਼ਕ ਹੈ। ਜਦੋਂ ਤੁਸੀਂ ਮੈਡੀਟੇਸ਼ਨ ਕਰਦੇ ਹੋ, ਤੁਹਾਡੇ ਅੰਦਰ ਕਈ ਗੁਣ ਆ ਜਾਂਦੇ ਹਨ, ਮਨ ਦੇ ਅੰਦਰ ਇਕ ਆਤਮ ਮਾਰਗ ਬਣ ਜਾਂਦਾ ਹੈ। ਜੇ ਤੁਸੀਂ ਲਗਾਤਾਰ ਅਭਿਆਸ ਨਹੀਂ ਕਰਦੇ, ਸੁਸਤ ਹੋ ਜਾਂਦੇ ਹੋ, ਆਲਸ ਕਰਦੇ ਹੋ ਫੇਰ ਤਾਂ ਆਤਮ ਮਾਰਗ ਅਸ਼ੁੱਧ ਵਿਚਾਰਾਂ ਦੇ ਹੜ੍ਹ ਨਾਲ ਰੁੜ੍ਹ ਜਾਵੇਗਾ ਇਹ ਅਸ਼ੁੱਧ ਵਿਚਾਰ ਉਸ ਮਾਰਗ ਨੂੰ ਨਾਲ ਹੀ ਲੈ ਤੁਰਨਗੇ। ਨਿਰੰਤਰ ਅਭਿਆਸ ਇਕੋ ਸਮੇਂ ਤੇ ਅਭਿਆਸ ਮੈਡੀਟੇਸ਼ਨ ਲਈ ਆਤਮ ਮਾਰਗ ਤੇ ਚੱਲਣ ਲਈ ਸਭ ਤੋਂ ਵੱਧ ਅਵਸ਼ਕ ਹੈ।

4. ਮੈਡੀਟੇਸ਼ਨ ਕਰਨ ਨਾਲ ਤੁਸੀਂ ਅੰਤਰ ਗਿਆਨ ਅਵਸਥਾ ਤੇ ਪਹੁੰਚ ਜਾਂਦੇ ਹੋ, ਅਨੁਭਵੀ ਗਿਆਨ ਅਵਸਥਾ ਤੇ ਪਹੁੰਚ ਜਾਂਦੇ ਹੋ, ਇਹ ਹੀ ਸੱਚਾ ਗਿਆਨ ਹੈ। ਇਹ ਇਕ ਰਹੱਸਮਈ ਪੌੜੀ ਹੈ ਜਿਹੜੀ ਤੁਹਾਨੂੰ ਧਰਤੀ ਤੋਂ ਆਕਾਸ਼ ਤੇ ਲੈ ਜਾਂਦੀ ਹੈ। ਸੱਤ ਹੀ ਆਤਮਾ ਹੈ, ਪਰ ਹਿ ਸੱਤ ਤੁਸੀਂ ਮੈਡੀਟੇਸ਼ਨ ਤੋਂ ਬਿਨਾਂ ਚਿੰਤਨ ਤੋਂ ਬਿਨਾਂ ਪ੍ਰਾਪਤ ਨਹੀਂ ਕਰ ਸਕਦੇ। ਅਧਿਆਤਮ ਦੇ ਸਤਿ ਤੇ ਚੱਲਣ ਦੇ ਬਹੁਤ ਸਾਰੇ ਮਾਰਗ ਹਨ ਪਰ ਤੁਹਾਨੂੰ ਇਕੋ ਮਾਰਗ ਦੀ ਚੌਣ ਕਰਕੇ ਉਸੇ ਉਤੇ ਚਲਣਾ ਚਾਹੀਦਾ ਹੈ, ਉਸੇ ਦਾ ਹੀ ਅਭਿਆਸ ਕਰਨਾ ਚਾਹੀਦਾ ਹੈ। ਸਾਰੇ ਮਾਰਗ ਆਤਮ ਦੁਆਰ ਤੇ ਆ ਕੇ ਮਿਲ ਜਾਂਦੇ ਹਨ, ਆਤਮ ਦੁਆਰ ਤੇ ਆ ਕੇ ਇਕ ਹੋ ਜਾਂਦੇ ਹਨ। ਕੋਈ ਵੀ ਮਾਰਗ ਮਾੜਾ ਨਹੀਂ ਕਿਸੇ ਵੀ ਮਾਰਗ ਨੂੰ ਕਿਸੇ ਵੀ ਮਜ਼ਹਬ ਨੂੰ ਨਖੇਧਦੇ ਨਹੀਂ, ਹਾਂ ਪਰ ਆਪਣੇ ਮਾਰਗ ਤੇ ਪੱਕੇ ਰਹੋ, ਆਪਣੇ ਮਾਰਗ ਨੂੰ ਨਾ ਛੱਡੋ, ਘੜੀ-ਘੜੀ ਆਪਣੇ ਤਰੀਕੇ ਵੀ ਨਾ ਬਦਲੋ। ਹਰ ਮਜ਼ਹਬ ਦੇ ਮੂਲ, ਆਧਾਰਭੂਤ ਇਕ ਹੀ ਹਨ ਕਿਸੇ ਵਿਚ ਵੀ ਕੋਈ ਅੰਤਰ ਨਹੀਂ।

ਮਨ ਵਿਸ਼ਿਆਂ ਨੂੰ ਪਛਾਣ ਕੇ ਉਨ੍ਹਾਂ ਦਾ ਗਿਆਨ ਪ੍ਰਾਪਤ ਕਰਕੇ ਉਨ੍ਹਾਂ ਦੀ ਥਾਂ ਬਣਾ ਲੈਂਦਾ ਹੈ। ਜਦੋਂ ਜਗਿਆਸੂ ਲਗਾਤਾਰ ਨਿਰੰਤਰ ਮੈਡੀਟੇਸ਼ਨ ਕਰਦਾ ਹੈ, ਆਤਮਾ ਤੇ ਮੈਡੀਟੇਸ਼ਨ ਕਰਦਾ ਹੈ, ਉਹ ਸਮਾਧੀ ਸਥਿਤ ਹੋ ਹੀ ਜਾਂਦਾ ਹੈ ਇਹ ਉਹ ਅਨੰਦ ਦੀ ਅਵਸਥਾ ਹੁੰਦੀ ਹੈ ਜਿਸ ਵਿਚ ਨਾ ਕੁਝ ਦਿਸਦਾ ਹੈ, ਨਾ ਕੁਝ ਸੁਣਦਾ ਹੈ। ਸਰੀਰ ਦੀ ਕੋਈ ਸੁੱਧ ਨਹੀਂ ਰਹਿੰਦੀ। ਇਕੋ ਹੀ ਚੇਤਨਾ ਹੁੰਦੀ ਹੈ, ਉਹ ਚੇਤਨਾ ਹੁੰਦੀ ਹੈ, ਸਰਵ ਭਰਪੂਰ ਆਤਮਾ ਦੀ ਇਸ ਪਰਾ-ਚੇਤਨ ਦੇ ਅਨੁਭਵ ਨੂੰ ਤੁਰੀਆ ਕਹਿੰਦੇ ਹਨ ਜਾਂ ਚੌਥੀ ਅਵਸਥਾ ਚੌਥਾ ਪਦ ਕਹਿੰਦੇ ਹਨ। ਪਹਿਲੀਆਂ ਤਿੰਨ ਅਵਸਥਆ ਹਨ, ਜਾਗ੍ਰਤ, ਸੁਪਨ ਤੇ ਸੁਪਨੇ ਤੋਂ ਬਿਨਾਂ ਸੌਣਾ ਇਹ ਸਾਰੇ ਲਈ ਇਕ ਹੀ ਹਨ। ਚੌਥੀ ਅਵਸਥਾ ਸਾਰਿਆਂ ਵਿਚ ਗੁੱਝੀ ਗੁਪਤ ਹੁੰਦੀ ਹੈ। ਜਦੋਂ ਇਕ ਯੋਗੀ ਚੌਥੀ ਅਵਸਥਾ ਵਿਚ ਸਥਿਰ ਹੋ ਜਾਂਦਾ ਹੈ ਉਹ ਮਨ ਦੀਆਂ ਜਾਗ੍ਰਤ ਅਵਸਥਾ ਜਾਣ ਜਾਂਦਾ ਹੈ। ਬੋਲਣਾ, ਕਰਮ ਕਰਨੇ ਜਾਣ ਜਾਂਦਾ ਹੈ। ਉਸ ਤੋਂ ਬਾਅਦ

ਇਹ ਅਵਸਥਾ ਸਦਾ ਲਈ ਸਥਿਰ ਹੋ ਜਾਂਦੀ ਹੈ। ਹਰ ਤਰ੍ਹਾਂ ਦੇ ਨਾਲ ਹਰ ਹਾਲਾਤ ਵਿਚ ਇਹ ਅਵਸਥਾ ਬਣੀ ਰਹਿੰਦੀ ਹੈ, ਫੇਰ ਉਹ ਸਦਾ ਹੈ, ਸਤਿ ਨਾਲ ਰਹਿੰਦਾ ਹੈ, ਹੋਂਦ ਨਾਲ ਆਪਣੇ ਆਪ ਨੂੰ ਮਿਲਾ ਲੈਂਦਾ ਹੈ, ਗਿਆਨ ਅਵਸਥਾ ਅਨੰਦ ਨਾਲ ਇਕ ਹੋ ਜਾਂਦਾ ਹੈ। ਇਸੇ ਅਵਸਥਾ ਨੂੰ ਸਤਿ, ਚਿਤ, ਅਨੰਦ ਕਹਿੰਦੇ ਹਨ। ਇਸ ਤੋਂ ਹੀ ਫੇਰ ਵਾਸਤਵਿਕ ਜੀਵਨ ਦੀ ਸ਼ੁਰੂਆਤ ਹੁੰਦੀ ਹੈ, ਜੀਵਨ ਦਾ ਅਰੰਭ ਹੁੰਦਾ ਹੈ, ਜਦੋਂ ਜਗਿਆਸੂ ਪਰਾ ਚੇਤਨ ਅਵਸਥਾ ਲਈ ਜਾਗ੍ਰਤ ਹੁੰਦਾ ਹੈ, ਇਸ ਅਵਸਥਾ ਵਿਚ ਆਪਣਾ ਪਹਿਲਾ ਕਦਮ ਰਖਦਾ ਹੈ। ਇਹ ਆਤਮ ਅਨੰਦ ਦੀ ਹੀ ਅਵਸਥਾ ਹੁੰਦੀ ਹੈ।

ਸਮਾਧੀ ਦੀ ਅਵਸਥਾ ਤਕ ਪਹੁੰਚਣਾ ਕੋਈ ਐਡਾ ਸੌਖਾ ਨਹੀਂ ਪਰ ਜਦੋਂ ਸਮਾਧੀ ਲਗ ਜਾਏ ਫੇਰ ਮਨ ਤੋਂ ਪਰ੍ਹੇ ਦਾ ਗਿਆਨ ਅੰਤਰ ਗਿਆਨ ਆਤਮ ਗਿਆਨ ਦੇ ਅਨੁਭਵ ਹੋ ਜਾਂਦਾ ਹੈ, ਜਿਸ ਕੋਲ ਇਹ ਨਹੀਂ ਹੈ ਉਹ ਮਜ਼ਹਬ ਦੇ ਸੱਚੇ ਅਰਥ ਨਹੀਂ ਸਮਝ ਸਕਦਾ। ਇਸ ਅਵਸਥਾ ਤੇ ਪਹੁੰਚ ਕੇ ਇੰਦ੍ਰੀਆਂ, ਮਨ, ਬੁੱਧੀ ਕੰਮ ਕਰਨਾ ਬੰਦ ਕਰ ਦਿੰਦੇ ਹਨ, ਜਿਵੇਂ ਨਦੀ ਸਾਗਰ ਵਿਚ ਜਾ ਕੇ ਮਿਲ ਜਾਂਦੀ ਹੈ। ਇਸੇ ਤਰ੍ਹਾਂ ਹੀ ਮਨੁੱਖ ਦੀ ਆਤਮਾ ਜਗਿਆਸੂ ਦੀ ਆਤਮਾ ਉਸ ਪ੍ਰਮਾਤਮਾ ਨਾਲ ਮਿਲ ਜਾਂਦੀ ਹੈ, ਸਾਰੇ ਬੰਨ੍ਹ ਟੁੱਟ ਜਾਂਦੇ ਹਨ, ਸਾਰੀਆਂ ਰੁਕਾਵਟਾਂ ਖਤਮ ਹੋ ਜਾਂਦੀਆਂ ਹਨ।

ਬਹੁਤ ਵਾਰੀ ਜਗਿਆਸੂ ਸ਼ੁਰੂ-ਸ਼ੁਰੂ ਤੇ ਡਰ ਜਾਂਦਾ ਹੈ ਇਸ ਮਿਲਾਪ ਤੋਂ ਭੈ ਖਾ ਜਾਂਦਾ ਹੈ, ਉਹ ਸੋਚਣ ਲਗ ਪੈਂਦੇ ਹਨ ਕਿ ਕਿਤੇ ਉਨ੍ਹਾਂ ਦੀ ਹੋਂਦ ਹੀ ਖਤਮ ਨਾ ਹੋ ਜਾਏ, ਉਨ੍ਹਾਂ ਦਾ ਵਿਅਕਤੀਤ੍ਵ ਹੀ ਨਾ ਜਾਂਦਾ ਰਹੇ। ਵਾਸਤਕ ਜੋ ਹੁੰਦਾ ਹੈ ਉਹ ਇਹ ਨਹੀਂ ਕਿ ਵਿਅਕਤੀਤਵ ਖਤਮ ਹੋ ਜਾਂਦਾ ਹੈ ਇਸ ਦੇ ਉਲਟ ਵਿਅਕਤੀਤਵ ਦਾ ਵਿਸਤਾਰ ਹੋ ਜਾਂਦਾ ਹੈ। ਜਦੋਂ ਤਕ ਵਿਅਕਤੀਗਤ ਮਨ ਇਕ ਸੀਮਾ ਵਿਚ ਰਹਿ ਕੇ ਕੰਮ ਕਰਦਾ ਹੈ, ਜਗਿਆਸੂ ਦੀ ਚੇਤਨਾ ਦੇ ਅੰਦਰ ਰਹਿ ਕੇ ਕੰਮ ਕਰਦਾ ਹੈ, ਉਦੋਂ ਤੱਕ ਤੁਸੀਂ ਮੈਡੀਟੇਸ਼ਨ ਤਾਂ ਕਰ ਸਕਦੇ ਹੋ ਪਰ ਸਮਾਧੀ ਸਥਿਤ ਨਹੀਂ ਹੋ ਸਕਦੇ। ਮੈਡੀਟੇਸ਼ਨ ਦੀ ਡੂੰਘੀ ਗਹਿਰੀ ਅਵਸਥਾ ਨਾਲ ਜਗਿਆਸੂ ਦੀ ਚੇਤਨਾ ਦਾ ਵਿਸਤਾਰ ਹੁੰਦਾ ਹੈ, ਜਦੋਂ ਚੇਤਨਾ ਵਿਸਤਾਰ ਭਰਪੂਰ ਹੋ ਜਾਂਦੀ ਹੈ। ਆਪਣੀ ਪੂਰੀ ਸਮਰਥਾ ਤੇ ਵਿਸਤ੍ਰਿਤ ਹੋ ਜਾਂਦੀ ਹੈ ਉਸੇ ਨੂੰ ਹੀ ਸਮਾਧੀ ਕਹਿੰਦੇ ਹਨ ਜਾਂ ਸੌਣ ਤੋਂ ਬਿਨਾਂ ਸੌਣਾ ਕਦੀ ਨੀਂਦ ਸ਼ਾਂਤੀ ਦੀ ਅਵਸਥਾ, ਪੂਰਨ ਸ਼ਾਂਤੀ। ਇਕ ਯੋਗੀ ਦੀ ਇਹ ਸਭ ਤੋਂ ਉਚੀ ਅਵਸਥਾ ਹੈ ਜਦੋਂ ਉਹ ਪੂਰਨ ਸ਼ਾਂਤ ਹੋ ਕੇ ਪੂਰਨ ਅਨੰਦਮਈ ਹੋ ਕੇ ਆਪਣੀਆਂ ਪ੍ਰਾਪਤੀਆਂ ਲਈ ਜਾਣੂ ਹੋ ਸਕਦਾ ਹੈ।

ਜਗਿਆਸੂ ਜਦੋਂ ਆਤਮ ਮਾਰਗ ਤੇ ਚਲਦਾ ਹੈ, ਬਹੁਤ ਸਾਰੀਆਂ ਗਲਤੀਆਂ ਹੁੰਦੀਆਂ ਹਨ, ਬਹੁਤ ਸਾਰੀਆਂ ਅਸਫਲਤਾ ਮਿਲਦੀਆਂ ਹਨ, ਬਹੁਤ ਸਾਰੇ ਦੋਸ਼ ਹੁੰਦੇ ਹਨ ਇਨ੍ਹਾਂ ਸਾਰਿਆਂ ਵਿਚੋਂ ਸਭ ਤੋਂ ਵੱਡਾ ਦੋਸ਼ ਹੈ, ਆਲਸ ਦਾ ਸੁਸਤੀ ਦਾ ਦੋਸ਼ ਸਭ ਤੋਂ ਵੱਡਾ ਹੈ। ਉਦਾਹਰਣ ਵਜੋਂ ਥੋੜ੍ਹੀ ਦੇਰ ਮੈਡੀਟੇਸ਼ਨ ਕਰਨ ਪਿਛੋਂ, ਦਿਲ ਕਰੇਗਾ ਸੌਂ ਜਾਓ ਇਸ ਤਰ੍ਹਾਂ ਨਾਲ ਅੱਗੇ ਮੈਡੀਟੇਸ਼ਨ ਕਰਨੀ ਔਖੀ ਹੋ ਜਾਂਦੀ ਹੈ। ਇਸ ਤਰ੍ਹਾਂ ਇਸ ਕਰਕੇ ਹੁੰਦਾ ਹੈ ਕਿਉਂਕਿ ਸਿੱਧੇ ਬੈਠਣ ਦੀ ਅਜੇ ਤੁਹਾਡੀ ਆਦਤ ਹੀ ਨਹੀਂ ਬਣੀ ਤੁਹਾਡਾ ਸੁਭਾਅ ਹੀ ਨਹੀਂ ਬਣਿਾ, ਨਾ ਹੀ ਮੈਡੀਟੇਸ਼ਨ ਕਰਨ ਦਾ ਤੁਹਾਡਾ ਸੁਭਾਅ ਬਣਿਆ ਹੈ।

ਮੈਡੀਟੇਸ਼ਨ ਕਰਦੇ ਸਮੇਂ ਬਹੁਤ ਜਾਗਿਆਸੂ ਨੂੰ ਇਸ ਤਰ੍ਹਾਂ ਲੱਗੇਗਾ ਕਿ ਉਹ ਆਪਣੀ ਬੈਠਣ ਦੀ ਜਗ੍ਹਾ ਤੋਂ ਉਪਰ ਉਠ ਰਿਹਾ ਹੈ, ਕਈ ਇਸ ਤਰ੍ਹਾਂ ਨਾਲ ਮਹਿਸੂਸ ਕਰਨਗੇ ਜਿਵੇਂ ਉਹ ਉਡ ਰਹੇ ਹੋਣ। ਵੱਖ-ਵੱਖ ਲੋਕਾਂ ਨੂੰ ਵੱਖ-ਵੱਖ ਅਨੁਭਵ ਹੁੰਦੇ ਹਨ, ਇਹ ਸਾਰੇ ਮਨ ਦੇ ਹੀ ਛਲ ਹਨ, ਜਿਹੜੇ ਮੈਡੀਟੇਸ਼ਨ ਵਿਚ ਰੁਕਾਵਟਾਂ ਪਾਉਂਦੇ ਹਨ। ਗਿਆਨੀ ਜਗਿਆਸੂ ਲਈ ਇਹੋ ਜਿਹੀਆਂ ਔਕੜਾਂ ਵਧੇਰੇ ਪ੍ਰੋਤਸਾਹਿਤ ਕਰਦੀਆਂ ਹਨ। ਕਈਆਂ ਨੂੰ ਮਧੁਰ ਧੁਨੀਆਂ ਸੁਣਦੀਆਂ ਹਨ, ਕਈਆਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਰੋਸ਼ਨੀਆਂ ਦਿਸਦੀਆਂ ਹਨ। ਕਈਆਂ ਨੂੰ ਰੋਸ਼ਨੀ ਵੀ ਦਿਸਦੀ ਹੈ, ਅਨੰਦ ਵੀ ਆਉਂਦਾ ਹੈ। ਇਹ ਸਾਰੀਆਂ ਵੱਖ-ਵੱਖ ਅਵਸਥਾ ਹਨ, ਇਹ ਜਗਿਆਸੂ ਨੂੰ ਪਰੋਤਸਾਹਿਤ ਕਰਦੀਆਂ ਹਨ। ਕੁਝ ਲੋਕ ਉਹ ਵੀ ਹਨ ਜਿਨ੍ਹਾਂ ਨੂੰ ਕੋਈ ਵੀ ਅਨੁਭਵ ਨਹੀਂ ਹੁੰਦਾ। ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਇਹ ਸਾਰੇ ਅਨੁਭਵ ਇਕ ਤਰ੍ਹਾਂ ਨਾਲ ਵਹਿਮ ਹਨ ਭਰਮ ਹਨ, ਵਹਿਮ ਹਨ, ਅੱਖਾਂ ਦੇ ਭੁਲੇਖੇ ਹਨ। ਇਹ ਸਾਰੇ ਮੈਡੀਟੇਸ਼ਨ ਵਿਚ ਅੱਗੇ ਵਧਣ ਲਈ ਕੋਈ ਅਵਸ਼ਕ ਨਹੀਂ।

ਸ਼ੁਰੂ-ਸ਼ੁਰੂ ਵਿਚ ਜਗਿਆਸੂ ਨੂੰ ਬਾਹਰ ਦੀ ਰੋਸ਼ਨੀ ਨਹੀਂ ਰੱਖਣੀ ਚਾਹੀਦੀ, ਉਸ ਨੂੰ ਹਨ੍ਹੇਰੇ ਵਿਚ ਮੈਡੀਟੇਸ਼ਨ

ਕਰਨੀ ਚਾਹੀਦੀ ਹੈ ਤਾਂ ਜੋ ਉਹ ਆਪਣੇ ਅੰਦਰ ਦਾ ਚਾਨਣ ਦੇਖ ਸਕੇ, ਬਹੁਤ ਵਾਰੀ ਜੋ ਕੁਝ ਵੀ ਅਸੀਂ ਦੇਖਦੇ ਹਾਂ, ਉਹ ਅੰਦਰ ਦੀ ਰੋਸ਼ਨੀ ਤੋਂ ਨਹੀਂ ਆਉਂਦਾ ਪਰ ਜੋ ਕੁਝ ਵੀ ਅਸੀਂ ਦੇਖਦੇ ਹਾਂ ਉਹ ਕੋਈ ਸਥਾਈ ਚਿੰਨ੍ਹ ਨਹੀਂ ਦਿੰਦਾ, ਇਹੋ ਜਿਹੇ ਦ੍ਰਿਸ਼ ਜਾਂ ਤਾਂ ਦੇਖਣ ਵਿਚ ਆਉਂਦੇ ਹਨ, ਜਾਂ ਸੁਣਨ ਨਾਲ ਜਾਂ ਫੇਰ ਇਹ ਇਕ ਕਲਪਨਾ ਹੀ ਹੁੰਦੀ ਹੈ। ਦੂਸਰੇ ਪਾਸੇ ਜਿੰਨੀ ਵੱਧ ਤੁਸੀਂ ਮੈਡੀਟੇਸ਼ਨ ਕਰਦੇ ਹੋ, ਓਨਾ ਹੀ ਤੁਹਾਡਾ ਅੰਤਰ ਗਿਆਨ ਵਧਦਾ ਹੈ, ਇਹ ਅੰਤਰ ਗਿਆਨ ਇਹ ਬ੍ਰਹਮ ਗਿਆਨ ਹੀ ਅੰਤ ਨੂੰ ਉਸ ਦਾ ਮਾਰਗ ਦਰਸ਼ਨ ਕਰਦਾ ਹੈ।

ਆਮਤੌਰ ਤੇ ਸਮਾਧੀ ਦਾ ਅਨੁਭਵ ਨਹੀਂ ਹੁੰਦਾ, ਪਰ ਉਪਨਿਸ਼ਦਾਂ ਵਿਚ ਕਈ ਮਾਰਗ ਦੱਸੇ ਗਏ ਹਨ। ਖੰਡਨਤਾ ਦਾ ਮਾਰਗ, ਨਿਰਸੁਆਰਥ ਹੋ ਕੇ ਕਰਮ ਕਰਨੇ, ਸ਼ਰਧਾ ਦਾ ਮਾਰਗ ਸੰਵੇਗਕ, ਭਾਵਾਤਮਕ ਵਿਸਮਾਦ ਨੂੰ ਸਮਾਧੀ ਨਹੀਂ ਕਹਿ ਸਕਦੇ, ਪ੍ਰੇਰਨਾ ਬਹੁਤ ਹੀ ਸਹਾਇਕ ਹੁੰਦੀ ਹੈ ਪਰ ਸੰਵੇਗਾਂ ਤੇ, ਭਾਵਨਾ ਤੇ ਕੋਈ ਕਾਬੂ ਨਾ ਰਹਿਣਾ ਇਹ ਬਹੁਤ ਹਾਨੀਕਾਰਕ ਹੋ ਸਕਦਾ ਹੈ। ਦੂਸਰੇ ਸ਼ਬਦਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਤੋਂ ਪ੍ਰੇਰਨਾ ਅਤਿ ਲਾਭਕਾਰੀ ਹੈ ਪਰ ਉਹ ਵਿਸਮਾਦ ਜਿਹੜਾ ਭਾਵਨਾ ਭਰਪੂਰ ਹੋਵੇ ਉਹ ਕਦੀ ਵੀ ਗਹਿਰੀ, ਡੂੰਘੀ ਸਮਾਧੀ ਨਹੀਂ ਹੋ ਸਕਦਾ।

ਇਕ ਉਪਮਾ ਨਾਲ ਸਮਾਧੀ ਬਾਰੇ ਦਸਿਆ ਜਾ ਸਕਦਾ ਹੈ। ਚਾਰ ਜਗਿਆਸੂ ਇਕ ਪਹਾੜ ਦੇ ਥੱਲੇ ਦੇ ਪਾਸੇ ਖੜ੍ਹੇ ਹਨ, ਚਾਰੋ ਹੀ ਆਪਣੀ ਖੋਜ ਵੱਖ-ਵੱਖ ਤਰੀਕੇ ਨਾਲ ਸ਼ੁਰੂ ਕਰਦੇ ਹਨ, ਚਾਰੋ ਹੀ ਵੱਖ-ਵੱਖ ਤਰੀਕੇ ਅਪਣਾਉਂਦੇ ਹਨ। ਫੇਰ ਉਹ ਆਪਣੇ ਸਫਰ ਦੇ ਮਾਰਗ ਦੇ ਵੱਖ-ਵੱਖ ਅਨੁਭਵ ਦਸਦੇ ਹਨ, ਜਦੋਂ ਤਕ ਉਹ ਪਹਾੜ ਦੀ ਚੋਟੀ ਤੇ ਨਹੀਂ ਪਹੁੰਚ ਜਾਂਦੇ ਉਨ੍ਹਾਂ ਦੇ ਅਨੁਭਵ ਵੱਖ-ਵੱਖ ਹਨ। ਜਦੋਂ ਉਹ ਪਹਾੜ ਦੀ ਚੋਟੀ ਤੇ ਪਹੁੰਚ ਜਾਂਦੇ ਹਨ, ਉਨ੍ਹਾਂ ਸਾਰਿਆਂ ਦਾ ਅਨੁਭਵ ਇਕੋ ਜਿਹਾ ਹੀ ਹੁੰਦਾ ਹੈ। ਉਤੇ ਪਹੁੰਚ ਕੇ ਉਹ ਸਾਰੇ ਹੀ ਇਹ ਗੱਲ ਤੇ ਸਹਿਮਤ ਹੁੰਦੇ ਹਨ ਕਿ ਉਹ ਸਾਰੇ ਇਕੋ ਹੀ ਥਾਂ ਤੇ ਪਹੁੰਚੇ ਹਨ। ਇਹ ਅਨੁਭਵ ਉਨ੍ਹਾਂ ਨਾਲ ਹੀ ਸਾਂਝਾ ਕੀਤਾ ਜਾ ਸਕਦਾ ਹੈ ਜਿਹੜੇ ਉਥੇ ਪਹੁੰਚੇ ਹਨ ਜਿਹੜੇ ਪਹੁੰਚੇ ਹੀ ਨਹੀਂ, ਉਨ੍ਹਾਂ ਨਾਲ ਕਿਵੇਂ ਸਾਂਝਾ ਕੀਤਾ ਜਾ ਸਕਦਾ ਹੈ ਉਹ ਤਾਂ ਜਾਣਦੇ ਹੀ ਨਹੀਂ ਕਿਹੜਾ ਮਾਰਗ ਲਿਆ ਹੈ, ਕਿੱਥੇ ਪਹੁੰਚੇ ਹਨ। ਕੇਵਲ ਵਿਆਖਿਆ ਤਾਂ ਤੂੜੀ ਛਾਨਣ ਵਾਲੀ ਗੱਲ ਹੈ। ਤੁਸੀਂ ਕਣਕ ਦੇ ਗੁਣਾਂ ਦਾ ਪਤਾ ਤੂੜੀ ਛਾਣ ਕੇ ਤਾਂ ਲੈ ਨਹੀਂ ਸਕਦੇ।

ਇਹ ਕਹਿ ਦੇਣਾ ਸਾਰੇ ਰਾਹ ਪ੍ਰਭੂ ਦੁਆਰ ਤੇ ਲੈ ਜਾਂਦੇ ਹਨ ਇਹ ਬਿਲਕੁਲ ਸੱਚ ਹੈ। ਪਰ ਕੇਵਲ ਰਾਜ ਯੋਗ ਦਾ ਮਾਰਗ ਹੀ ਇਕ ਵਿਗਿਆਨਕ ਮਾਰਗ ਹੈ ਇਸ ਮਾਰਗ ਦਾ ਵਿਗਿਆਨਕ ਸਮਰਥਨ ਕੀਤਾ ਜਾ ਸਕਦਾ ਹੈ। ਰਾਜ ਯੋਗ ਜਗਿਆਸੂ ਨੂੰ ਆਤਮਕ ਸਿੱਧੀ ਤੇ ਪਹੁੰਚਾ ਦਿੰਦਾ ਹੈ, ਰਾਜ ਯੋਗ ਕੇਵਲ ਬੁੱਧੀ ਨੂੰ ਹੀ ਨਹੀਂ ਸਾਧਦਾ, ਰਾਜ ਯੋਗ ਪੂਰਨ ਕਾਇਆ ਪੂਰਨ ਮਨੁੱਖ ਨੂੰ ਸਾਧ ਕੇ ਇਕ ਕਰ ਦਿੰਦਾ ਹੈ ਇਸ ਤਰ੍ਹਾਂ ਨਾਲ ਜਗਿਆਸੂ ਨਾ ਕੇਵਲ ਆਪਣੇ ਆਪ ਲਈ ਪਰ ਉਹ ਤਾਂ ਸਾਰਿਆਂ ਲਈ ਹੀ ਲਾਭਕਾਰੀ ਹੁੰਦਾ ਹੈ ਇਕ ਸਹਿਯੋਗੀ ਬਣ ਜਾਂਦਾ ਹੈ।

ਵਡਭਾਗੇ ਹਨ ਜਿਨ੍ਹਾਂ ਨੂੰ ਸਮਾਧੀ ਪ੍ਰਾਪਤ ਹੋਈ ਹੈ, ਵਡਭਾਗੇ ਹਨ ਉਹ ਜਿਹੜੇ ਸਮਾਧੀ ਲਈ ਜਤਨਸ਼ੀਲ ਹਨ।

ਪਰਮ ਪੂਜਯ ਸਤਿਕਾਰਯੋਗ ਬੀਜੀ ਦੀ ਸ੍ਰਪ੍ਰਸਤੀ ਹੇਠ

**ਸ੍ਰੀ ਮਾਨ ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਦੇ**

**ਜਨਮ ਦਿਹਾੜੇ ਸਬੰਧੀ**

**ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ**

**ਮਹਾਨ ਗੁਰਮਤਿ ਸਮਾਗਮ**

**ਮਿਤੀ 17 ਜੂਨ 2007**

ਸਮਾਂ :- ਸਵੇਰੇ 10.00 ਤੋਂ ਸ਼ਾਮ 4.00 ਵਜੇ ਤੱਕ

# ਮਾਸਪੁਰੀ ਵਿਚ ਮਾਸ ਮਸੌਲਾ

***ਕਰਤਾਰ ਸਿੰਘ ਨੀਲਧਾਰੀ***

ਸੰਸਾਰ ਦਾ ਮਨੁੱਖੀ ਪਸਾਰਾ ਕੇਵਲ ਸਰੀਰ ਜਾਂ ਕਾਇਆ ਦੀ ਖੇਡ ਹੈ। ਜਦੋਂ ਮਨੁੱਖੀ ਦ੍ਰਿਸ਼ਟੀ ਕੇਵਲ ਸਰੀਰ ਤੇ ਇਸ ਨਾਲ ਜੁੜੇ ਵਿਸ਼ਿਆਂ ਤਕ ਸੀਮਤ ਰਹੇ ਤਾਂ ਇਹ ਕੇਵਲ ਮਾਸ ਜਾਂ ਗੋਸ਼ਤ ਦੀ ਕਹਾਣੀ ਬਣ ਕੇ ਰਹਿ ਜਾਂਦੀ ਹੈ। ਇਸ ਮਾਸ ਦੇ ਰੰਗ-ਰੂਪ, ਸੰਭਾਲ-ਸ਼ਿੰਗਾਰ ਅਤੇ ਇਸ ਦੇ ਨਾਲ ਜੁੜ ਕੇ ਬਣੇ ਸਮਾਜਿਕ ਰਿਸ਼ਤੇ ਇਕ ਸ਼ਬਦ ਕਾਮ ਵਿਚ ਸਮਾ ਜਾਂਦੇ ਹਨ। ਅੰਗ੍ਰੇਜ਼ੀ ਦਾ ਸ਼ਬਦ ਸੈਕਸ ਇਸ ਕਾਮ ਦੀ ਪਰਿਭਾਸ਼ਾ ਦੇ ਕੇਵਲ ਇਕ ਹਿੱਸੇ ਦੀ ਤਰਜਮਾਨੀ ਕਰਦਾ ਹੈ ਜਿਸਨੂੰ ਵਿਪਰੀਤ ਲਿੰਗੀ ਸਰੀਰ ਸੰਭੋਗ ਕਿਹਾ ਜਾਂਦਾ ਹੈ। ਜਦ ਕਿ ਕਾਮ ਆਪਣੇ ਆਪ ਵਿਚ ਸਮਾਜ ਦੇ ਜੀਆਂ ਤੇ ਪਰਿਵਾਰ ਅਤੇ ਪਰਿਵਾਰਾਂ ਵਿਚਲੀ ਨਵੀਂ ਰਿਸ਼ਤੇਦਾਰੀਆਂ ਦੀ ਪੂਰੀ ਵਿਆਖਿਆ ਦਾ ਪਰਿਭਾਸ਼ਕ ਹੈ। ਇਸ ਤਰ੍ਹਾਂ ਸਾਰੇ ਕਾਮ ਵਿਸ਼ੇ ਸਰੀਰ ਜਾਂ ਮਾਸ ਦੇ ਰੰਗ ਰੂਪ ਨਾਲ ਜੁੜੇ ਹੋਏ ਹਨ। ਮਾਸ ਦੀ ਇਸ ਦੁਨੀਆਵੀ ਖੇਡ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਸਲੋਕ ਵਿਚ ਇੰਝ ਬਿਆਨ ਕੀਤਾ ਹੈ -

*ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥*
*ਜੀਉ ਪਾਇ ਮਾਸੁ ਮੁਹਿ ਮਿਲਿਆ*
*ਹਡੁ ਚੰਮੁ ਤਨੁ ਮਾਸੁ ॥*
*ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ ॥*
*ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ॥*
*ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ ॥*
*ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ ॥*
*ਅੰਗ - ੧੨੮੯*

ਇਸ ਸਪਸ਼ਟ ਅਰਥੀ ਸਲੋਕ ਵਿਚ ਪੁਰਖ ਮਾਸ ਦਾ ਇਸਤ੍ਰੀ ਮਾਸ ਵਿਚ ਬੀਜ ਪਾਉਣ ਤੇ ਗਰਭ (ਮਾਸ) ਵਿਚ ਉਸਦੀ ਜੀਅ ਦੇ ਰੂਪ ਵਿਚ ਵਿਕਾਸ, ਮਾਸ ਰੂਪ ਵਿਚ ਜਨਮ ਲੈ ਕੇ ਮਾਂ ਦੇ ਮੰਮੇ ਦੇ ਮਾਸ ਰਾਹੀਂ ਭੋਜਨ ਪ੍ਰਾਪਤੀ ਦਾ ਜ਼ਿਕਰ ਸੰਤ ਭਾਸ਼ਾ ਸੰਜਮ ਵਿਚ ਕੀਤਾ ਗਿਆ ਹੈ। ਮੂੰਹ, ਜੀਭ ਤੇ ਸਰੀਰ ਮਾਸ ਦੇ ਬਣੇ ਜਿਸ ਵਿਚ ਮਾਸ ਚਲਦਾ ਹੈ ਤੇ ਇਹ ਮਾਂਸਲਤਾ ਪ੍ਰਾਣਵਾਨ ਜੀਅ ਕਿਹਾ ਜਾਂਦਾ ਹੈ। ਮਾਸ ਦਾ ਪੁਤਲਾ ਜਵਾਨ ਹੋ ਗਿਆ ਤੇ ਮਾਸ ਦੀ ਨਿਤ ਨਵੀਂ ਖੇਡ ਲਈ ਮਾਸ ਦੀ ਜਵਾਨ ਪੁਤਲੀ ਘਰ ਆਇਆ। ਮਾਸ ਤੋਂ ਮਾਸ ਦੀ ਉਪਜ ਸ਼ੁਰੂ ਹੋ ਗਈ ਤੇ ਸਾਰੇ ਸਾਕਾਂ ਦੀ ਬਣਤਰ ਬਣਦੀ ਗਈ।

ਇਸ ਤਰ੍ਹਾਂ ਸਰੀਰ ਤਕ ਸੀਮਤ ਮਨੁੱਖਾਂ ਲਈ ਗੁਰੂ ਜੀ ਨੇ ਸਪਸ਼ਟ ਮੁਹਾਵਰਾ ਘੜਿਆ ਹੈ -

*ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥*
*ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥*
*ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ ॥*
*ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ ॥*
*ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ ॥*
*ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥*
*ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥*
*ਅੰਗ - ੧੨੯੦*

ਧਰਮ ਨੂੰ ਕਰਮਕਾਂਡ ਦਾ ਧੰਧਾ ਬਣਾ ਕੇ ਬ੍ਰਾਹਮਣਾਂ ਜਾਂ ਧਰਮ ਦੇ ਅਜੈਂਟਾ ਦੇ ਸਾਰੇ ਪੂਜਾ ਪਾਠ ਵੀ ਇਸ ਮਾਸਧਾਰੀ ਸਰੀਰ ਦੇ ਕਲਿਆਨ ਤਕ ਹੀ ਸੀਮਤ ਹਨ। ਇਸ ਸਰੀਰ ਦੀ ਸੰਭਾਲ ਤੇ ਸ਼ਿੰਗਾਰ ਤੇ ਸੰਭੋਗ ਬਾਰੇ ਦੋ ਹੋਰ ਸਲੋਕਾਂ ਵਿਚੋਂ ਵਾਚੀਏ -

*ਰੁਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ ॥*
*ਲਬੈ ਮਾਲੈ ਘੁਲਿ ਮਿਲਿ ਮਿਚਲਿ*
*ਊਂਘੈ ਸਉੜਿ ਪਲੰਘੁ ॥ ਅੰਗ - ੧੨੮੮*

ਅਤੇ ਗੁਰੂ ਜੀ ਇਕ ਸ਼ਿਂਗਾਰ ਮੱਤੀ ਨੂੰ ਪੁੱਛਦੇ ਹਨ ਅਸਲ ਸਵਾਮੀ ਦੇਖਿਆ ਈ?

*ਬਾਗੇ ਕਾਪੜ ਬੋਲੈ ਬੈਣ ॥*
*ਲੰਮਾ ਨਕੁ ਕਾਲੇ ਤੇਰੇ ਨੈਣ ॥*
*ਕਬਹੂੰ ਸਾਹਿਬੁ ਦੇਖਿਆ ਭੈਣ ॥ ਅੰਗ - ੧੨੫੭*

ਬੇਸ਼ਕ ਸਰੀਰ ਦੀ ਸਾਰ ਸੰਭਾਲ ਜ਼ਰੂਰੀ ਹੈ ਪਰ ਮਾਸਾਂ ਦੀ ਇਹ ਖੇਡ ਸਿਰ ਚੜ੍ਹ ਕੇ ਬੋਲ ਰਹੀ ਹੈ। ਅੱਜ ਚਾਰੋ ਪਾਸੇ ਕੱਪੜੇ ਪਾਉਣ ਦਾ ਮਤਲਬ ਤੇ ਮਕਸਦ ਗੋਰੇ ਸੁਡੋਲ ਗੋਸ਼ਤ ਦੇ ਦਿਖਾਵੇ ਨਾਲ ਵਿਪਰੀਤ ਲਿੰਗੀ ਮਾਸ ਨੂੰ ਆਕਰਸ਼ਿਤ ਕਰਨਾ ਹੀ ਹੈ ਤੇ ਸਵੈ ਲਿੰਗੀ ਦੇ ਮਨ ਵਿਚ ਈਰਖਾ ਪੈਦਾ ਕਰਨਾ ਜ਼ਰੂਰੀ ਹੋ ਗਿਆ ਹੈ। ਸਭਿਅਤਾ ਦੇ ਸਿਖਰ ਵਿਚ ਮਨੁੱਖੀ ਦੇਹ ਪ੍ਰਦਰਸ਼ਨ ਉਸ ਦੀ ਰੁਚੀਆਂ ਦੀ ਅਹਿਮ ਪ੍ਰਵਿਰਤੀ ਦੀ ਮੁੜ ਵਾਪਸੀ ਦਿਖਾ ਰਹੀ ਹੈ। ਸਮਾਜਿਕਤਾ ਦੀ ਸੂਝ ਨਾਲ ਮਨੁੱਖ (ਇਸਤ੍ਰੀ ਪੁਰਖ) ਨੇ ਆਪਣੇ ਲਿੰਘ ਸਥਾਨਾਂ ਨੂੰ ਪੱਤਿਆਂ ਨਾਲ ਢਕਣਾ ਸ਼ੁਰੂ ਕੀਤਾ ਸੀ। ਅੱਜ ਫੇਰ ਅੱਧਾ ਮਿੰਟ ਕਪੜੇ ਤੋਂ ਇਹ ਕੰਮ ਲਿਆ ਜਾ ਰਿਹਾ ਹੈ, ਇਸਨੂੰ ਸਾਵੇ ਕੱਪੜੇ ਤੋਂ ਇਹ ਕੰ ਲਿਆ ਜਾ ਰਿਹਾ ਹੈ, ਇਸ ਨੂੰ ਸਾਵੇਂ ਅਧਿਕਾਰਾਂ ਤੇ ਅਜ਼ਾਦੀ ਦਾ ਅਤੇ ਵੀਮੈਨਬਿ ਦਾ ਨਾਮ ਦਿਤਾ ਜਾ ਰਿਹਾ ਹੈ। ਇਹ ਵੀ ਦਲੀਲ ਦਿਤੀ ਜਾਂਦੀ ਹੈ ਕਿ ਕਪੜੇ ਪਾਉਣਾ (ਜਾਂ ਨਾ ਪਾਉਣਾ) ਮੌਲਿਕ ਅਜ਼ਾਦੀ ਹੈ, ਮਾਸ ਦੀ ਨੁਮਾਇਸ਼

ਦਾ ਇਹ ਬਜ਼ਾਰ ਕਈ ਕਿਸਮ ਦੇ ਕਮਾਊ ਧੰਦਿਆਂ, ਗੀਤ-ਸੰਗੀਤ ਤੇ ਸਭਿਆਚਾਰ ਦੇ ਲੇਬਨ ਲਗਾ ਕੇ ਦਿਨ ਦੂਣੀ ਰਾਤ ਚੌਣੀ ਤਰੱਕੀ ਕਰ ਰਿਹਾ ਹੈ। ਅੱਜ ਮਾਸ ਦਾ ਇਹ ਸਭਿਆਚਾਰ ਟੀਵੀ ਰਾਹੀਂ ਸਾਡੀ ਬੈਠਕਾਂ ਤੇ ਸੌਣ ਕਮਰਿਆਂ ਅੰਦਰ ਪੁੱਜ ਗਿਆ ਹੈ। ਮਾਸ ਦੀ ਇਸ ਨੰਗੀ ਖੇਡ ਵਿਚ ਰਿਸ਼ਤਿਆਂ ਦੀ ਸ਼ਰਮ ਵੀ ਨੰਗੀ ਹੋਈ ਜਾ ਰਹੀ ਹੈ।

ਕਿਸੇ ਦੇਸ਼ ਵਿਚ ਜੰਗ ਲਗ ਜਾਵੇ ਤਾਂ ਜਿੱਤਣ ਵਾਲੇ ਵੀ ਜਿੱਥੇ ਸੋਨਾ-ਦੌਲਤ ਲੁਟਦੇ ਹਨ ਉਥੇ ਔਰਤਾਂ ਨੂੰ ਮਾਲ ਸਮਝ ਕੇ ਲੁਟਦੇ ਤੇ ਭੋਗਦੇ ਹੋਏ ਖੁਲ੍ਹੀ ਸ਼ੈਤਾਨੀ ਖੇਡ ਕਰਦੇ ਹਨ। ਸੈਦਪੁਰ ਉਤੇ ਬਾਬਰ ਦੇ ਜਾਬਰ ਹਮਲੇ ਬਾਰੇ ਪਸ਼ੀਨਗੋਈ ਕਰਕੇ ਗੁਰੂ ਜੀ ਆਪਣੇ ਸੇਵਕਾਂ ਨੂੰ ਸੁਰਖਿਅਤ ਸਥਾਨ ਤੇ ਲੈ ਗਏ ਸਨ। ਆਪ ਨੇ ਬਾਬਰ ਦੇ ਸ਼ੈਤਾਨੀ ਹਮਲੇ ਬਾਰੇ ਇਹੋ ਕਿਹਾ ਸੀ ਕਿ ਪਾਪ ਦੀ ਬਰਾਤ ਲੈ ਕੇ ਆ ਰਿਹਾ ਹੈ ਤੇ ਔਰਤਾਂ ਦਾ ਦਾਨ ਲਏਗਾ ਤੇ ਸ਼ੈਤਾਨ ਸ਼ਾਦੀਆਂ ਕਰਾਏਗਾ -

***ਪਾਪ ਕੀ ਜੰਞ ਲੈ ਕਾਬਲਹੁ ਧਾਇਆ***
***ਜੋਰੀ ਮੰਗੈ ਦਾਨੁ ਵੇ ਲਾਲੋ ॥***
***ਸਰਮੁ ਧਰਮੁ ਦੁਇ ਛਪਿ ਖਲੋਏ***
***ਕੂੜੁ ਫਿਰੈ ਪਰਧਾਨੁ ਵੇ ਲਾਲੋ ॥***
***ਕਾਜੀਆ ਬਾਮਣਾ ਕੀ ਗਲ ਥਕੀ***
***ਅਗਦੁ ਪੜੈ ਸੈਤਾਨੁ ਵੇ ਲਾਲੋ ॥ ਅੰਗ - ੭੨੨***

ਇਸ ਹੋਣੀ ਨੂੰ ਗੁਰੂ ਜੀ ਨੇ - 'ਮਾਸਪੁਰੀ ਵਿਚਿ ਆਖੁ ਮਸੋਲਾ' ਕਿਹਾ ਹੈ। ਅਤੇ ਜੰਗ ਦੀ ਵਿਨਾਸ਼ ਲੀਲਾਵਾਂ ਦੇ ਜ਼ਿਕਰ ਕਰਦੀਆਂ ਇਹ ਟੂਕਾਂ ਤ੍ਰਾਸਦੀ ਬਾਰੇ ਸਰਬਕਾਲੀ ਹਰੀਕਤ ਬਿਆਨ ਕਰਦੀਆਂ ਹਨ -

***ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ॥***
***ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥***
***ਅੰਗ - ੪੧੭***

***ਕਹਾਂ ਸੁ ਸੇਜ ਸੁਖਾਲੀ ਕਾਮਣਿ***
***ਜਿਸੁ ਵੇਖਿ ਨੀਦ ਨ ਪਾਈ ॥***
***ਕਹਾ ਸੁ ਪਾਨ ਤੰਬੋਲੀ ਹਰਮਾ***
***ਹੋਈਆ ਛਾਈ ਮਾਈ ॥ ਅੰਗ - ੪੧੭***

ਇਹ ਤੇ ਜੰਗ ਦੇ ਹਾਦਸੇ ਦਾ ਜ਼ਿਕਰ ਹੈ ਅੱਜਕਲ੍ਹ ਤਾਂ ਗੀਤ-ਸੰਗੀਤ ਤੇ ਮੇਲਿਆਂ ਵਿਚ ਜ਼ੋਰ ਜ਼ਬਰਦਸਤੀ ਦੇ ਜੋ ਹਾਦਸੇ ਕਿਸੇ ਸਟੇਜ ਸੌ ਵਿਚ ਹੋ ਜਾਂਦੇ ਹਨ ਉਨ੍ਹਾਂ ਦੇ ਮੱਦੇ ਨਜ਼ਰ ਕਿਸੇ ਧਿਰ ਲਈ ਕੋਈ ਹਮਦਰਦੀ ਵੀ ਕਿਸੇ ਦੇ ਦਿਲ ਵਿਚ ਨਹੀਂ ਜਾਗਦੀ। ਪਰਦੇ ਵਿਚ ਹੋਣ ਵਾਲੀਆਂ ਗਰਮ ਗੋਸ਼ਤ ਖੇਡਾਂ ਲਈ ਖੁੱਲ੍ਹਾ ਉਤਾਵਲਾਪਨ ਕੁਝ ਨਵਾਂ ਨਹੀਂ ਕਿਹਾ ਜਾ ਸਕਦਾ। ਨੰਗੇ ਤੇ ਭੁੱਜੇ ਮਾਸਾਂ ਦੀ ਇਹ ਸੁਭਾਵਿਕ ਮਾਂਸਲ ਖਿੱਚ ਖੇਡ ਹੀ ਹੈ ਜਿੱਥੇ ਲੁੱਟਣ ਵਾਲੇ ਲੁੱਟੇ ਜਾਣ ਵਾਲੇ ਦੋਵੇਂ ਰਾਜ਼ੀ ਹਨ। ਅੰਦਰ ਕੀ ਤੇ ਬਾਹਰ ਕੀ? ਮਾਸ ਤੇ ਮਾਂਸਲਤਾ ਦੀ ਖੁੱਲ੍ਹੀ ਪ੍ਰਦਰਸ਼ਨੀ ਪੁਰਾਤਨ ਯੂਨਾਨੀ ਸਭਿਅਤਾ ਦਾ ਚੇਤਾ ਕਰਾਂਦੀ ਹੈ ਜਿੱਥੇ ਓਲੰਪਿਕ ਖੇਡਾਂ ਸ਼ੁਰੂ ਹੋਈਆਂ ਸਨ ਤੇ ਹਿੱਸਾ ਲੈਣ ਵਾਲੇ ਇਕ ਟਾਕੀ ਦਾ ਵੀ ਸਰੀਰ ਪਰਦਾ ਨਹੀਂ ਸੀ ਕਰ ਸਕਦੇ। ਕੱਲ੍ਹ ਦੇ ਹੁਸਨ ਮੁਕਾਬਲਿਆਂ ਦੀ ਸਵਿਮਿੰਗ ਸੂਟ ਪ੍ਰਦਰਸ਼ਨੀ ਵੀ ਹੁਣ ਬਿਕਨੀ ਵਿਚ ਮਾਸ ਦਾ ਨਾਪ ਤੋਲ ਬਣ ਗਈ ਹੈ। ਇਹ ਬਿਕਨੀ ਸੌ ਬੰਦੀ ਪ੍ਰਦਰਸ਼ਨੀ ਵੀ ਅੱਜ ਹਰੇਕ ਐਲਬਮ ਦਾ ਹਿੱਸਾ ਬਣ ਗੀ ਹੈ ਅਤੇ ਨਾਚਾਂ ਵਿਚ ਮਾਸ ਖੇਡ ਦੇ ਸਾਰੇ ਹੀਟੀਂਗ ਕਾਮੁਕ ਹਾਵ ਭਾਵ ਦਿਖਾਣ ਇਕ ਐਲਬਮ ਦੀ ਸਫਲਤਾ ਮੰਨੀ ਜਾਂਦੀ ਹੈ। ਮਾਸ ਨੁਮਾਇਸ਼ ਦੀ ਇਸ ਖੇਡ ਵਿਚ ਜਿਸ ਤਰ੍ਹਾਂ ਅਮਰੀਕਾ ਤੇ ਯੂਰਪ ਵਿਚ ਸਮਾਜਿਕ ਰਿਸ਼ਤਿਆਂ ਦੀ ਨੀਵੇਂ, ਵਿਵਾਹ ਸੰਸਥਾ, ਬੇਮਾਨੀ ਹੋ ਰਹੀ ਹੈ ਉਸ ਦਾ ਪੂਰਾ ਪ੍ਰਭਾਵ ਹਿੰਦੁਸਤਾਨ ਤੇ ਵੀ ਪੈ ਰਿਹਾ ਹੈ। ਅੱਗੋਂ ਬੱਚਿਆਂ ਨੂੰ ਮਾਂ ਪਿਉ ਨਾਲੋਂ ਜ਼ਿਆਦਾ ਆਜ਼ਾਦ ਤੇ ਛੇਤੀ ਉਮਰ ਦੀ ਮਾਸ ਖੇਡ ਦੀ ਤਰਸ਼ ਦਾ ਸੁਆਦ ਲੈਣ ਲਈ ਕੋਈ ਰੋਕ ਨਹੀਂ ਰਹਿੰਦੀ।

ਸਮਾਜ ਦੀ ਨੈਤਿਕ ਕਦਰਾਂ ਕੀਮਤਾਂ ਦੇ ਸਦਾਚਾਰ ਕਾਇਮ ਕਰਨ ਲਈ ਅਨੇਕਾਂ ਸਦੀਆਂ ਲਗ ਗਈਆਂ ਹਨ ਪਰ ਸਮਾਜਿਕ ਪ੍ਰਾਣੀ ਕਹੇ ਜਾਣ ਵਾਲਾ ਮਨੁੱਖ ਸਮਾਜਿਕਤਾ ਦੇ ਸਾਰੇ ਬੰਧਨ ਤੋੜ ਕੇ ਅੱਜ ਜੰਗਲਾਂ ਦੀ ਆਦਿਮ ਪ੍ਰਵਿਰਤੀ ਵਲ ਵਧਦਾ ਜਾ ਰਿਹਾ ਹੈ। ਬਹੁਤ ਅਰਸਾ ਪਹਿਲਾਂ ਜਦੋਂ ਕੇਵਲ ਪਰਦਾਦਾਰੀ ਹੀ ਹਟ ਰਹੀ ਸੀ ਉਸ ਵੇਲੇ ਅਕਬਰ ਅਲਾਹਬਾਦੀ ਨੇ ਲਿਖਿਆ ਸੀ -

***ਬੇਪਰਦਾ ਸਮਾਜ ਜੋ ਨਜ਼ਰ ਆਈ ਚੰਦ ਬੀਬੀਆਂ,***
***ਅਕਬਰ ਜਮੀਂ ਮੇਂ ਗੈਰਤ ਕੌਮੀ ਸੇ ਗੜ ਗਿਆ।***
***ਮੈਨੇ ਕਹਾ ਕਿ ਆਪ ਕਾ ਪਰਦਾ ਵੋਹ ਕਿਆ ਹੂਆ***
***ਕਹਿਨੇ ਲਗੀਂ ਕਿ ਅਕਲ ਪੇ ਮਰਦੋਂ ਕੀ ਪੜ ਗਿਆ।***

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਹਮਲੇ ਸਮੇਂ ਤੋਂ ਬਾਅਦ ਜੋ ਮਾਸਪੁਰੀ ਨਜ਼ਾਰਾ ਚਿਤਰਿਆ ਸੀ ਉਸ ਤੋਂ ਵੱਧ ਨੰਗੇ ਮਾਸ ਨਜ਼ਾਰੇ ਅੱਜ ਕੇਵਲ ਪੱਛਮੀ ਮਾਸ ਵਿਕਾਊ ਸਭਿਆਚਾਰ ਦੇ ਹਮਲੇ ਨਾਲ ਚਾਰੋਂ ਪਾਸੇ ਮਾਸ ਮਸੌਲਾ ਬਣ ਗਏ ਹਨ। ਇਸ ਨੰਗੇਜ਼ ਵਿਚ ਅੱਜ ਵੀ ਕਈ ਗੁਰਮੁਖ ਪਿਆਰੇ ਮਨੁੱਖਤਾ ਦੀ ਲੱਜ ਪਤਿ ਲੋਕ ਪਰਲੋਕ ਵਿਚ ਢਕਣ ਲਈ ਜੁਟੇ ਹੋਏ ਹਨ। ਬੇਸ਼ੱਕ ਗੁਰੂ ਨਾਨਕ ਪੰਥ ਹੀ ਦੁਨੀਆਂ ਨੂੰ ਵਿਸ਼ੇ ਵਿਕਾਰਾਂ ਦੇ ਟੋਭੇ ਵਿਚੋਂ ਕੱਢ ਕੇ ਨਿਰਮਲ ਕਰ ਸਕਦਾ ਹੈ।

« « « « « « «

## ਸਮਾਗਮ ਸਰਗਰਮੀਆਂ

ਮਹਾਂਪੁਰਸ਼ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਦੁਆਰਾ ਚਲਾਈ ਪ੍ਰਪਾਟੀ ਨੂੰ ਕਾਇਮ ਰੱਖਣ ਲਈ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੇ ਜੱਥਿਆਂ ਵੱਲੋਂ ਜਗ੍ਹਾ ਜਗ੍ਹਾ ਕੀਰਤਨ ਦੇ ਪ੍ਰਵਾਹ ਨਿਰੰਤਰ ਜਾਰੀ ਹਨ।

ਹਰ ਸਾਲ ਦੀ ਤਰ੍ਹਾਂ ਮਿਤੀ 1,2,3 ਅਪ੍ਰੈਲ ਨੂੰ ਬਾਬਾ ਸਤਨਾਮ ਸਿੰਘ ਅਟਵਾਲ ਅਮਰੀਕਾ ਅਤੇ ਸਮੂੰਹ ਇਲਾਕਾ ਸੰਗਤ ਬਹਿਰਾਮ ਵੱਲੋਂ ਅਨਾਜ ਮੰਡੀ ਬਹਿਰਾਮ (ਦੁਆਬਾ) ਵਿਖੇ ਧੰਨ ਧੰਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਦੀ ਨਿੱਘੀ ਯਾਦ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਹੋਏ ਜਿਸ ਵਿੱਚ ਹਜਾਰਾਂ ਸੰਗਤਾਂ ਨੇ ਸ਼ਮੂਲੀਅਤ ਕੀਤੀ ਅਤੇ ਆਪਣੇ ਸਮੇਂ ਅਤੇ ਸੁਆਸਾਂ ਨੂੰ ਸਫਲਿਆਂ ਕੀਤਾ।

ਤਨ ਦੀ ਭੁੱਖ ਦੂਰ ਕਰਨ ਲਈ ਨਿਰੰਤਰ ਤਿੰਨੇ ਦਿਨ ਗੁਰੂ ਕੇ ਲੰਗਰਾਂ ਦੇ ਪ੍ਰਵਾਹ ਜਾਰੀ ਰਹੇ ਇਸ ਦੇ ਨਾਲ ਨਾਲ ਗੁਰਬਾਣੀ ਕੀਰਤਨ ਦੀਆਂ ਧੁੰਨਾਂ ਗੂੰਝਦੀਆਂ ਰਹੀਆਂ ਸਮਾਗਮ ਅੰਦਰ ਵੱਖ ਵੱਖ ਸੰਪ੍ਰਦਾਵਾਂ ਦੇ ਸਾਧੂ ਸੰਤ ਮਹਾਤਮਾ, ਯੋਗੀ ਜਨ ਪਹੁੰਚ ਕੇ ਆਪਣੇ ਕਥਾ ਕੀਰਤਨ ਦੁਆਰਾ ਸੰਗਤਾਂ ਦੇ ਸਨਮੁਖ ਹੋਏ।

ਪ੍ਰਵਾਸੀ ਪ੍ਰੇਮੀਆਂ ਵੱਲੋਂ ਆਤਮ ਮਾਰਗ ਮੈਗਜ਼ੀਨ ਦੀ ਸੇਵਾ ਹਾਫ ਰੇਟ ਤੇ ਕੀਤੀ ਗਈ ਸੇਵਾ ਦੁਆਰਾ 300 ਤੋਂ ਵੱਧ ਪ੍ਰੇਮੀਆਂ ਨੇ ਲਾਹਾ ਪ੍ਰਾਪਤ ਕੀਤਾ ਅਤੇ ਸਾਲਨਾ ਮੈਂਬਰ ਬਣੇ।

ਪਿੰਡ ਮੋਹਾਲੀ ਦੇ ਨੌਂ ਜਵਾਨ ਵੀਰਾਂ ਵੱਲੋਂ ਕੀਤੇ ਉਪਰਾਲੇ ਦੇ ਨਾਲ ਰਣਬੈਕਸੀ ਦੇ ਪਿਛੇ ਪਿੰਡ ਮੋਹਾਲੀ ਵਿਖੇ ਮਿਤੀ 12,13,14,15 ਅਪ੍ਰੈਲ ਨੂੰ ਰਾਤ ਦੇ ਦਿਵਾਨ ਸੰਤ ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ ਵੱਲਿਆਂ ਵੱਲੋਂ ਸਜਾਏ ਗਏ ਅਤੇ ਪਰਮ ਪੂਜਯ ਸਤਿਕਾਰਯੋਗ ਬੀਜੀ ਨੇ ਵੀ ਸੰਗਤਾਂ ਦੇ ਦਰਸ਼ਨ ਕੀਤੇ। ਪਿੰਡ ਦੇ ਪ੍ਰੇਮੀਆਂ ਵੱਲੋਂ ਧੰਨ ਧੰਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਦੀ ਸਦੀਵੀ ਯਾਦ ਨੂੰ ਕਾਇਮ ਰੱਖਣ ਲਈ ਬਣਾਏ ਗੇਟ ਦਾ ਉਦਘਾਟਨ ਕੀਤਾ।

(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

ਆਤਮ ਮਾਰਗ
Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

☐ ਜਨਵਰੀ
☐ ਫਰਵਰੀ
☐ ਮਾਰਚ
☐ ਅਪ੍ਰੈਲ
☐ ਮਈ
☐ ਜੂਨ
☐ ਜੁਲਾਈ
☐ ਅਗਸਤ
☐ ਸਤੰਬਰ
☐ ਅਕਤੂਬਰ
☐ ਨਵੰਬਰ
☐ ਦਸੰਬਰ

ਨਾਮ/Name ..........................................................................

ਪਤਾ/Address .......................................................................

..........................................................................................

..........................................................................................

.................................Pin Code......................................

Phone......................... E-mail :...................................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ........................ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE** ਦਸਖਤ...............................

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, 0160-2255009, Email : atammarg1@yahoo.co.in, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 6, 13, 20, 27 ਮਈ।

**ਸੰਗਰਾਂਦ** – 15 ਮਈ, ਦਿਨ ਮੰਗਲਵਾਰ।

**ਪੂਰਨਮਾਸ਼ੀ** – 2 ਮਈ ਦਿਨ ਬੁੱਧਵਾਰ, 31 ਮਈ ਦਿਨ ਵੀਰਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** – ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 12.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 26 ਮਈ 2007, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ ਦੀਵਾਨ ਸਜੇਗਾ।

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਨੇ ਹਸਪਤਾਲ ਵਾਸਤੇ ਮਾਇਆ ਭੇਜਣੀ ਹੋਵੇ ਉਹ ਹਸਪਤਾਲ ਅਕਾਊਂਟ ਨੰਬਰ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਮਾਇਆ ਭੇਜਣ ਦੀ ਕ੍ਰਿਪਾਲਤਾ ਕਰਨ –

**Postal Address**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib

P.O. Mullanpur Garibdass

Teh. Kharar, Via : Chandigarh.


Distt. S.A.S Nagar (Mohali) (Pb)-140901(India)

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ – ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ – ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ – ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ – ਭਾਗ ਤੀਜਾ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ – ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ............। | 100/- | |
| 33. | ਬਿਨ ਗੁਰ ਮੁਕਤਿ ਨ ਹੋਵਈ | 10/- | |
| 34. | ਅਨੰਦਮਈ ਜੀਵਨ ਜਾਚ | 50/- | |
| 35. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | 25/- | |
| 36. | ਅਨੁਭਵੀ ਪ੍ਰਵਚਨ | 50/- | |
| 37. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 38. | ਅੰਦਰਲੀ ਖੋਜ | 130/- | |
| 39. | ਸਿਮਰਤ ਕਹਾਂ ਨਹੀਂ | 135/- | |
| 40. | ਰੂਹਾਨੀ ਪ੍ਰਵਚਨ | 35/- | |

| | English Version | Price |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |


ਪਰਮ ਪੂਜਯ ਸਤਿਕਾਰਯੋਗ ਬੀਜੀ ਦੇ ਅਸ਼ੀਰਵਾਦ ਸਦਕਾ
ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਮਹਾਂਪੁਰਸ਼ਾਂ ਦਾ ਜਥਾ ਮੱਧ
ਪ੍ਰਦੇਸ਼ ਅਤੇ ਆਂਧਰਾਂ ਪ੍ਰਦੇਸ਼ ਦੀ ਪ੍ਰਚਾਰ ਯਾਤਰਾ ਕਰ ਰਿਹਾ ਹੈ।
ਆਤਮ ਮਾਰਗ ਮੈਗਜ਼ੀਨ ਰਿਨਿਊਵਲ, ਮੈਂਬਰਸ਼ਿਪ, ਰੂਹਾਨੀ
ਪੁਸਤਕਾਂ, ਕੈਸਟਾਂ ਅਤੇ ਕਥਾ ਕੀਰਤਨ ਪ੍ਰੋਗਰਾਮ ਸਬੰਧੀ ਹੇਠ
ਲਿਖੇ ਟੈਲੀਫੂਨ ਰਾਂਹੀ ਸੰਪਰਕ ਰੋ ਜੀ।
09417214378-79